


PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 12 ਜੂਨ ਤੋਂ 18 ਜੂਨ, 2025 | Email :- editor@punjabstar.com, Vo. 20. Issue:1189




# ਰਾਹਤ ਸਮੱਗਰੀ ਲੈਣ ਵਾਲਿਆਂ 'ਤੇ ਗੋਲੀਬਾਰੀ, 36 ਹਲਾਕ

## 207 ਹੋਰ ਫਲਸਤੀਨੀ ਜ਼ਖ਼ਮੀ; ਇਜ਼ਰਾਈਲ ਨੇ ਚਿਤਾਵਨੀ ਵਜੋਂ ਗੋਲੀਆਂ ਚਲਾਉਣ ਦੀ ਗੱਲ ਕਬੂਲੀ



ਗਾਜ਼ਾ ਪੱਟੀ, (ਪੰਜਾਬ ਸਟਾਰ ਬਿਊਰੋ): ਗਾਜ਼ਾ ਵਿੱਚ ਸਹਾਇਤਾ ਸਮੱਗਰੀ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਫਲਸਤੀਨੀਆਂ 'ਤੇ ਮੁੜ ਤੋਂ ਗੋਲੀਬਾਰੀ ਕੀਤੀ ਗਈ, ਜਿਸ ਵਿੱਚ 36 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 207 ਹੋਰ ਜ਼ਖ਼ਮੀ ਹੋ ਗਏ। ਫਲਸਤੀਨ ਦੇ ਸਿਹਤ ਮੰਤਰੀ ਨੇ ਇਹ ਜਾਣਕਾਰੀ ਦਿੱਤੀ।

ਮਾਹਿਰਾਂ ਅਤੇ ਮਨੁੱਖੀ ਸਹਾਇਤਾ ਕਾਰਕੁਨਾਂ ਦਾ ਕਹਿਣਾ ਹੈ ਕਿ ਇਜ਼ਰਾਈਲ ਦੀ ਨਾਕਾਬੰਦੀ ਅਤੇ 20 ਮਹੀਨਿਆਂ ਦੇ ਫੌਜੀ ਸੰਘਰਸ਼ ਨੇ ਗਾਜ਼ਾ ਨੂੰ ਭੁੱਖਮਰੀ ਕੰਢੇ ਪਹੁੰਚਾ ਦਿੱਤਾ ਹੈ। ਇਜ਼ਰਾਇਲੀ ਅਤੇ ਅਮਰੀਕੀ ਸਮਰਥਨ ਵਾਲੇ 'ਗਾਜ਼ਾ ਹਿਊਮੈਨੀਟੇਰੀਅਨ ਫਾਊਂਡੇਸ਼ਨ' ਵੱਲੋਂ ਚਲਾਏ ਜਾਂਦੇ * ਬਾਕੀ ਸਫਾ 2 'ਤੇ

## ਦੱਖਣੀ ਅਫ਼ਰੀਕਾ ਦੇ ਪੂਰਬੀ ਕੇਪ ਸੂਬੇ ਵਿੱਚ ਹੜ੍ਹ ਨੇ ਮਚਾਈ ਤਬਾਹੀ, 49 ਲੋਕਾਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਦੱਖਣੀ ਅਫਰੀਕਾ ਦੇ ਪੂਰਬੀ ਕੇਪ ਸੂਬੇ ਵਿਚ ਹੜ੍ਹ ਕਾਰਨ ਹੁਣ ਤੱਕ 49 ਲੋਕਾਂ ਦੀ ਮੌਤ ਹੋ ਗਈ ਹੈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਕਿਹਾ ਕਿ ਮਰਨ ਵਾਲਿਆਂ ਦੀ ਗਿਣਤੀ ਹੋਰ ਵੱਧ ਸਕਦੀ ਹੈ ਕਿਉਂਕਿ ਬਹੁਤ ਸਾਰੇ ਲੋਕ ਅਜੇ ਵੀ ਲਾਪਤਾ ਹਨ ਅਤੇ ਭਾਲ ਜਾਰੀ ਹੈ। ਇਹ ਆਫ਼ਤ ਮੰਗਲਵਾਰ ਸਵੇਰੇ ਸ਼ੁਰੂ ਹੋਈ ਜਦੋਂ ਇੱਕ ਤੇਜ਼ ਤੂਫ਼ਾਨ ਕਾਰਨ ਭਾਰੀ ਮੀਂਹ, ਤੇਜ਼ ਹਵਾਵਾਂ ਅਤੇ ਕੁਝ ਖੇਤਰਾਂ ਵਿੱਚ ਬਰਫ਼ਬਾਰੀ ਹੋਈ। ਦੇਸ਼ ਦੇ ਸਭ ਤੋਂ ਗਰੀਬ ਖੇਤਰਾਂ ਵਿੱਚੋਂ ਇੱਕ, ਪੂਰਬੀ ਕੇਪ ਪ੍ਰਾਂਤ, ਇਸ ਆਫ਼ਤ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਪੂਰਬੀ ਕੇਪ ਦੇ ਪ੍ਰੀਮੀਅਰ ਆਸਕਰ ਮਾਬੁਆਨੇ ਨੇ ਕਿਹਾ ਕਿ ਲਾਸ਼ਾਂ ਲਗਾਤਾਰ ਮਿਲ ਰਹੀਆਂ ਹਨ। ਇਹ ਸਾਡੇ ਸੂਬੇ ਦੀ ਹੁਣ ਤੱਕ ਦੀਆਂ ਸਭ ਤੋਂ ਭਿਆਨਕ ਕੁਦਰਤੀ ਆਫ਼ਤਾਂ ਵਿੱਚੋਂ ਇੱਕ ਹੈ। ਮੈਂ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਦੇਖਿਆ।

# ਕੈਨੇਡਾ ਸਰਕਾਰ ਦਾ ਪੰਜਾਬੀਆਂ ਨੂੰ ਵੱਡਾ ਤੋਹਫਾ

## ਵਰਕ ਪਰਮਿਟ ਨਿਯਮਾਂ 'ਚ ਕੀਤਾ ਬਦਲਾਅ



(ਪੰਜਾਬ ਸਟਾਰ ਬਿਊਰੋ)
ਕੈਨੇਡਾ ਸਰਕਾਰ ਨੇ ਪੰਜਾਬੀਆਂ ਸਣੇ ਭਾਰਤੀਆਂ ਨੂੰ ਵੱਡਾ ਤੋਹਫਾ ਦਿੱਤਾ ਹੈ। ਕੈਨੇਡਾ ਵੱਲੋਂ ਵਰਕ ਪਰਮਿਟ ਦੇ ਨਿਯਮਾਂ ਵਿਚ ਬਦਲਾਅ ਕੀਤਾ ਗਿਆ ਹੈ। ਇਸ ਨਾਲ ਇਥੇ ਕੰਮ ਕਰਨ ਵਾਲੇ ਵਿਦੇਸ਼ੀ ਲੋਕਾਂ ਨੂੰ ਵੱਡੀ ਰਾਹਤ ਮਿਲਣ ਜਾ ਰਹੀ ਹੈ। ਇਸ ਦਾ ਸਿੱਧਾ ਫਾਇਦਾ ਭਾਰਤੀਆਂ ਨੂੰ ਮਿਲੇਗਾ। ਇਸ ਦੀ ਵਜ੍ਹਾ ਕੈਨੇਡਾ ਵਿਚ ਕੰਮ ਕਰਨ ਵਾਲਿਆਂ ਵਿਚ ਭਾਰਤੀਆਂ ਦੀ ਵੱਡੀ ਗਿਣਤੀ ਹੋਣਾ ਹੈ। ਕੈਨੇਡਾ ਦੀ ਕਰੀਬ 4 ਕਰੋੜ ਦੀ ਆਬਾਦੀ ਵਿਚ 14 ਲੱਖ ਲੋਕ ਭਾਰਤੀ ਮੂਲ ਦੇ ਹਨ। ਭਾਰਤੀ ਵੱਡੀ ਗਿਣਤੀ ਵਿਚ ਪੜ੍ਹਨ ਤੇ ਕੰਮ ਕਰਨ ਲਈ ਕੈਨੇਡਾ ਜਾਂਦੇ ਹਨ। ਅਜਿਹੇ ਵਿਚ ਵਰਕ ਪਰਮਿਟ ਵਿਚ ਛੋਟ ਦਾ ਭਾਰਤੀਆਂ ਨੂੰ ਵੱਡਾ ਫਾਇਦਾ ਹੋਵੇਗਾ।

ਰਿਪੋਰਟ ਮੁਤਾਬਕ ਵਰਕ ਪਰਮਿਟ ਨਿਯਮਾਂ ਵਿਚ ਬਦਲਾਅ ਕੈਨੇਡਾ ਸਰਕਾਰ ਦੀ ਅਸਥਾਈ ਸਰਵਜਨਕ ਨੀਤੀ ਹੈ ਜੋ ਕੈਨੇਡਾ ਵਿਚ ਵਿਦੇਸ਼ੀ ਨਾਗਰਿਕਾਂ ਨੂੰ ਰੋਜ਼ਗਾਰ ਬਦਲਣ 'ਤੇ ਕੁਝ ਜ਼ਰੂਰਤਾਂ ਤੋਂ ਛੋਟ ਦਿੰਦੀ ਹੈ। ਇਸ ਬਦਲਾਅ ਦੇ ਬਾਅਦ ਵਿਦੇਸ਼ੀ ਕਾਮੇ ਵਰਕ ਪਰਮਿਟ ਆਉਣ ਤੋਂ ਪਹਿਲਾਂ ਤੇ ਵਰਕ ਪਰਮਿਟ ਅਰਜ਼ੀ ਲੰਬਿਤ ਹੋਣ 'ਤੇ ਵੀ ਕੰਮ ਕਰਨਾ ਜਾਰੀ ਰੱਖ ਸਕਦੇ ਹਨ।

ਕੈਨੇਡਾ ਵਿਚ ਨਵੇਂ ਵਰਕ ਪਰਮਿਟ ਨਿਯਮਾਂ ਤਹਿਤ * ਬਾਕੀ ਸਫਾ 2 'ਤੇ

# ਪੀਲ ਰੀਜਨਲ ਪੁਲਿਸ ਵੱਲੋਂ ਡਰੱਗ ਰੈਕੇਟ ਦਾ ਪਰਦਾਫਾਸ਼, 9 ਗ੍ਰਿਫ਼ਤਾਰ




(ਪੰਜਾਬ ਸਟਾਰ ਬਿਊਰੋ)
ਓਨਟਾਰੀਓ ਦੇ ਸਾਲਿਸਿਟਰ ਜਨਰਲ ਮਾਈਕਲ ਕਰਜ਼ਨਰ ਨੇ ਮੰਗਲਵਾਰ ਨੂੰ ਐਲਾਨ ਕੀਤਾ ਹੈ ਕਿ ਪੀਲ ਪੁਲਿਸ ਨੇ "ਟਰਾਂਸੈਨਸ਼ਨਲ ਡਰੱਗ ਜਾਂਚ" ਤੋਂ ਬਾਅਦ ਨੌਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਲਗਭਗ 500 ਕਿਲੋਗ੍ਰਾਮ ਕੋਕੀਨ ਜ਼ਬਤ ਕੀਤੀ ਹੈ। ਪ੍ਰੋਜੈਕਟ ਪੈਲੀਕਨ ਨਾਮਕ ਇਸ ਜਾਂਚ ਦੇ ਨਤੀਜੇ ਮੰਗਲਵਾਰ ਸਵੇਰੇ ਇੱਕ ਨਿਊਜ਼ ਕਾਨਫਰੰਸ ਵਿੱਚ ਘੋਸ਼ਿਤ ਕੀਤੇ ਗਏ।

ਗ੍ਰਿਫਤਾਰ ਅਤੇ ਚਾਰਜ਼ ਹੋਣ ਵਾਲਿਆਂ ਵਿੱਚ ਹਾਓ ਟੌਮੀ ਹੁਇਨ, 27 ਸਾਲਾ ਵਾਸੀ ਮਿਸੀਸਾਗਾ, ਸਜਗੀਥ ਯੋਗੇਂਦਰਰਾਜਾ, 31 ਸਾਲਾ ਵਾਸੀ ਟੋਰਾਂਟੋ, ਮਨਪ੍ਰੀਤ ਸਿੰਘ, 44 ਸਾਲਾ ਵਾਸੀ ਬਰੈਂਪਟਨ, ਫਿਲਿਪ ਟੇਪ, 39 ਸਾਲਾ ਵਾਸੀ ਹੈਮਿਲਟਨ, ਅਰਵਿੰਦਰ ਪਵਾਰ 29 ਸਾਲਾ ਵਾਸੀ ਬਰੈਂਪਟਨ, ਕਰਮਜੀਤ ਸਿੰਘ, 36 ਸਾਲਾ ਵਾਸੀ ਕੈਲੇਡਨ, ਗੁਰਤੇਜ ਸਿੰਘ, 36 ਸਾਲਾ ਵਾਸੀ ਕੈਲੇਡਨ ,ਸਰਤਾਜ ਸਿੰਘ 27 ਸਾਲਾ ਵਾਸੀ ਕੈਂਬਰਿਜ ਅਤੇ ਸ਼ਿਵ ਓਂਕਾਰ ਸਿੰਘ, 31 ਸਾਲਾ ਵਾਸੀ ਜਾਰਜਟਾਊਨ ਦੇ ਨਾਮ ਹਨ।

# ਆਸਟਰੀਆ : ਸਕੂਲ 'ਚ ਅੰਨ੍ਹੇਵਾਹ ਫਾਇਰਿੰਗ

## ਹੁਣ ਤੱਕ 11 ਵਿਦਿਆਰਥੀਆਂ ਮੌਤ, 28 ਜ਼ਖਮੀ



ਆਸਟਰੀਆ, (ਪੰਜਾਬ ਸਟਾਰ ਬਿਊਰੋ): ਮੰਗਲਵਾਰ ਸਵੇਰੇ ਆਸਟਰੀਆ ਦੇ ਸ਼ਹਿਰ ਗ੍ਰਾਜ਼ ਦੇ ਇੱਕ ਹਾਈ ਸਕੂਲ ਵਿੱਚ ਗੋਲੀਬਾਰੀ ਦੀ ਘਟਨਾ ਵਾਪਰੀ। ਇਸ ਵਿੱਚ 11 ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ 28 ਜ਼ਖਮੀ ਹੋ ਗਏ। ਇਨ੍ਹਾਂ ਵਿੱਚੋਂ ਚਾਰ ਦੀ ਹਾਲਤ ਬਹੁਤ ਗੰਭੀਰ ਬਣੀ ਹੋਈ ਹੈ। ਕੁਝ ਲੋਕਾਂ ਦੇ ਸਿਰ ਵਿੱਚ ਵੀ ਗੋਲੀ ਲੱਗੀ ਹੈ। ਪੁਲਿਸ ਨੇ ਇਲਾਕੇ ਵਿੱਚ ਇੱਕ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਲੋਕਾਂ ਨੂੰ ਉੱਥੋਂ ਦੂਰ ਰਹਿਣ ਲਈ ਕਿਹਾ ਗਿਆ ਹੈ। ਆਸਟਰੀਆ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ ਸਵੇਰੇ 10 ਵਜੇ ਦੇ ਕਰੀਬ ਬੋਰਗ ਡ੍ਰੇਅਰਸ਼ੁਟਜ਼ੇਂਗਸੇ ਹਾਈ ਸਕੂਲ ਦੇ ਅੰਦਰ ਗੋਲੀਆਂ ਦੀ ਆਵਾਜ਼ ਸੁਣਾਈ ਦਿੱਤੀ।

ਇਸ ਤੋਂ ਤੁਰੰਤ ਬਾਅਦ ਪੁਲਿਸ ਮੌਕੇ 'ਤੇ ਪਹੁੰਚ ਗਈ। ਰਿਪੋਰਟ ਮੁਤਾਬਕ ਸ਼ੱਕੀ ਹਮਲਾਵਰ ਸ਼ਾਇਦ ਉਸੇ ਸਕੂਲ ਦਾ ਵਿਦਿਆਰਥੀ ਸੀ ਅਤੇ ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਸਕੂਲ ਦੇ ਬਾਥਰੂਮ ਵਿੱਚ ਉਸ ਦੀ ਲਾਸ਼ ਮਿਲਣ ਦੀ ਵੀ ਜਾਣਕਾਰੀ ਹੈ। ਆਸਟਰੀਆ ਦੇ ਗ੍ਰਹਿ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਮ੍ਰਿਤਕਾਂ ਦੀ ਅਸਲ ਗਿਣਤੀ ਅਜੇ ਨਹੀਂ ਦੱਸੀ ਜਾ ਸਕਦੀ, ਇਸ ਦੇ ਨਾਲ ਹੀ ਜ਼ਖਮੀਆਂ ਦੀ ਗਿਣਤੀ ਦੀ ਵੀ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਪੁਲਿਸ ਬੁਲਾਰੇ ਸਾਬਰੀ * ਬਾਕੀ ਸਫਾ 2 'ਤੇ

## ਦਰਦਨਾਕ ਹਾਦਸਾ ਨਦੀ 'ਚ ਨਹਾਉਣ ਗਏ 11 ਨੌਜਵਾਨ ਡੁੱਬੇ, 8 ਦੀ ਮੌਤ



(ਪੰਜਾਬ ਸਟਾਰ ਬਿਊਰੋ): ਰਾਜਸਥਾਨ ਦੇ ਟੋਂਕ 'ਚ ਇੱਕ ਭਿਆਨਕ ਹਾਦਸਾ ਵਾਪਰਿਆ, ਜਿੱਥੇ ਬਨਾਸ ਨਦੀ 'ਤੇ ਬਣੇ ਪੁਰਾਣੇ ਫਰੇਜ਼ਰ ਪੁਲ ਨੇੜੇ ਨਹਾਉਂਦੇ ਸਮੇਂ 8 ਨੌਜਵਾਨਾਂ ਦੀ ਡੁੱਬਣ ਕਾਰਨ ਮੌਤ ਹੋ ਗਈ। 11 ਨੌਜਵਾਨ ਨਦੀ 'ਚ ਨਹਾਉਣ ਗਏ ਸਨ। ਹਾਦਸੇ ਨੇ ਇਲਾਕੇ 'ਚ ਦਹਿਸ਼ਤ ਫੈਲਾ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਪੁਲ ਨੇੜੇ ਨਹਾ ਰਹੇ ਸਨ, ਪਰ ਅਚਾਨਕ ਪਾਣੀ ਦੀ ਡੂੰਘਾਈ 'ਚ ਜਾਣ ਕਾਰਨ ਇੱਕ-ਇੱਕ ਕਰਕੇ ਡੁੱਬਣ ਲੱਗ ਪਏ।

**ਬਚਾਅ ਅਤੇ ਇਲਾਜ**

ਸਥਾਨਕ ਲੋਕਾਂ ਦੀ ਮਦਦ ਨਾਲ ਕੁਝ ਨੌਜਵਾਨਾਂ ਨੂੰ ਟੋਂਕ ਦੇ ਸਾਦਤ ਹਸਪਤਾਲ ਲਿਜਾਇਆ ਗਿਆ, * ਬਾਕੀ ਸਫਾ 2 'ਤੇ

# ਹੁਣ ਕੈਨੇਡਾ ਕਰੇਗਾ ਨਾਟੋ ਦਾ 2% ਟੀਚਾ 2025 'ਚ ਪੂਰਾ



ਟੋਰਾਂਟੋ (ਬਲਜਿੰਦਰ ਸੇਖਾ) ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਅੱਜ ਵੱਡੀ ਰੱਖਿਆ ਨਿਵੇਸ਼ ਯੋਜਨਾ ਦੀ ਪੁਸ਼ਟੀ ਕੀਤੀ ਗਈ। ਕੈਨੇਡਾ ਵੱਲੋਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅੱਜ ਇੱਕ ਵੱਡੀ ਫੌਜੀ ਨਿਵੇਸ਼ ਯੋਜਨਾ ਦਾ ਐਲਾਨ ਕੀਤਾ, ਜੋ 2025-26 ਵਿੱਚ ਕੈਨੇਡੀਅਨ ਆਰਮਡ ਫੋਰਸਜ਼ ਦੀ ਮੁੜ-ਨਿਰਮਾਣ, ਹਥਿਆਰਬੰਦੀ ਅਤੇ ਨਿਵੇਸ਼ ਲਈ 9 ਬਿਲੀਅਨ ਡਾਲਰ ਤੋਂ ਵੱਧ ਦੀ ਵਚਨਬੱਧਤਾ ਪੂਰਾ ਕਰਨਾ ਹੈ।

ਜਿਸ ਨਾਲ ਹੁਣ ਕੈਨੇਡਾ ਨਿਯਤ ਸਮੇਂ ਤੋਂ ਪੰਜ ਸਾਲ * ਬਾਕੀ ਸਫਾ 2 'ਤੇ

# ਕੀਨੀਆ 'ਚ ਭਾਰਤੀ ਸੈਲਾਨੀਆਂ ਨੂੰ ਲੈ ਕੇ ਜਾ ਰਹੀ ਬੱਸ ਹਾਦਸਾਗ੍ਰਸਤ, 5 ਭਾਰਤੀਆਂ ਦੀ ਮੌਤ



(ਪੰਜਾਬ ਸਟਾਰ ਬਿਊਰੋ)
ਕੀਨੀਆ ਦੇ ਨਿਆਹੁਰੂਰੂ ਖੇਤਰ ਵਿੱਚ ਸੈਲਾਨੀਆਂ ਨਾਲ ਭਰੀ ਇੱਕ ਬੱਸ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਵਿੱਚ 6 ਲੋਕਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਕੇਰਲ ਦੇ 5 ਭਾਰਤੀ ਸੈਲਾਨੀ ਸ਼ਾਮਲ ਹਨ। ਹਾਦਸਾ ਕੀਨੀਆ ਦੇ ਨਿਆਹੁਰੂਰੂ ਵਿਚ ਓਲ ਕਾਲੂ-ਨਾਕੁਰੂ ਰੋਡ ਦੇ ਗਿਚਾਖਾ ਇਲਾਕੇ ਵਿਚ ਹੋਇਆ ਹੈ। ਹਾਦਸੇ ਸਮੇਂ ਸੈਲਾਨੀ ਨਾਕੁਰੂ ਤੋਂ ਨਿਆਹੁਰੂਰੂ ਦੇ ਇਕ ਰਿਜ਼ਾਰਟ ਜਾ ਰਹੇ ਹਨ। ਹਾਦਸੇ ਵਿਚ 27 ਜ਼ਖਮੀ ਹੋਏ ਹਨ। * ਬਾਕੀ ਸਫਾ 2 'ਤੇ





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?


ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor

www.MakeMeDebtFree.ca
416-502-3100
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

**PERSONAL INJURY**

- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents

**FOR ALL YOUR REAL ESTATE NEEDS**



Harjit Brar
Sales Representative
416-417-6010



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਕੈਲੀਫੋਰਨੀਆ ਦੇ ਗਵਰਨਰ ਨੇ ਅਦਾਲਤ 'ਚ ਕੀਤੀ ਅਪੀਲ

## ਲਾਸ ਏਂਜਲਸ 'ਚ ਟਰੰਪ ਦੀ ਫੌਜ ਦੀ ਤਾਇਨਾਤੀ ਨੂੰ ਰੋਕਣ ਦੀ ਕੀਤੀ ਮੰਗ




ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇਮੀਗ੍ਰੇਸ਼ਨ ਨੀਤੀ ਵਿਰੁੱਧ ਲਾਸ ਏਂਜਲਸ ਵਿੱਚ ਚਾਰ ਦਿਨਾਂ ਦੀ ਹਿੰਸਾ ਤੋਂ ਬਾਅਦ ਮੰਗਲਵਾਰ ਨੂੰ ਟਰੰਪ ਦੇ ਹੁਕਮਾਂ 'ਤੇ 700 ਮਰੀਨਾਂ ਦੇ ਨਾਲ 2,000 ਵਾਧੂ ਨੈਸ਼ਨਲ ਗਾਰਡ ਸੈਨਿਕ ਸ਼ਹਿਰ ਵਿੱਚ ਦਾਖਲ ਹੋਏ ਹਨ। ਜਿਸ ਤੋਂ ਬਾਅਦ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਵਿਰੁੱਧ ਸੰਘੀ ਅਦਾਲਤ ਦਾ ਦਰਵਾਜ਼ਾ ਖੜਕਾਇਆ ਹੈ। ਉਸਨੇ ਇੱਕ ਐਮਰਜੈਂਸੀ ਬੇਨਤੀ ਦਾਇਰ ਕੀਤੀ ਹੈ ਜਿਸ ਵਿੱਚ ਲਾਸ ਏਂਜਲਸ ਵਿੱਚ ਨੈਸ਼ਨਲ ਗਾਰਡ ਅਤੇ ਮਰੀਨ ਫੌਜਾਂ ਨੂੰ ਤਾਇਨਾਤ ਕਰਨ ਦੇ ਆਦੇਸ਼ ਨੂੰ ਰੋਕਣ ਦੀ ਮੰਗ ਕੀਤੀ ਗਈ ਹੈ।

ਕੈਲੀਫੋਰਨੀਆ ਦੇ ਗਵਰਨਰ ਨਿਊਸਮ ਨੇ ਅਦਾਲਤ ਨੂੰ ਦੱਸਿਆ ਕਿ ਇਮੀਗ੍ਰੇਸ਼ਨ ਕਾਰਵਾਈ ਵਿੱਚ ਫੌਜਾਂ ਦੀ ਵਰਤੋਂ ਕਰਨਾ ਅਣਉਚਿਤ ਹੈ ਅਤੇ ਸਥਿਤੀ ਨੂੰ ਹੋਰ ਵਧਾ ਸਕਦਾ ਹੈ। ਉਨ੍ਹਾਂ ਕਿਹਾ ਕਿ ਰਾਜ ਨੂੰ ਇਸ ਫੈਸਲੇ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਸੀ ਅਤੇ ਇਹ ਕੈਲੀਫੋਰਨੀਆ ਦੀ ਖੁਦਮੁਖਤਿਆਰੀ ਦੀ ਉਲੰਘਣਾ ਹੈ।

ਪਿਛਲੇ ਚਾਰ ਦਿਨਾਂ ਵਿੱਚ ਭਾਰੀ ਹਿੰਸਾ ਦੇ ਕਾਰਨ ਟਰੰਪ ਨੇ ਲਾਸ ਏਂਜਲਸ ਵਿੱਚ ਮਰੀਨ ਅਤੇ ਵਾਧੂ ਨੈਸ਼ਨਲ ਗਾਰਡ ਭੇਜਣ ਦਾ ਫੈਸਲਾ ਕੀਤਾ। ਟਰੰਪ ਨੇ ਕਿਹਾ ਕਿ ਇੱਥੇ ਹੋਏ ਦੰਗਿਆਂ 'ਤੇ ਸਖ਼ਤ ਕਾਰਵਾਈ ਜ਼ਰੂਰੀ ਹੈ। ਜਦੋਂ ਕਿ ਮੇਅਰ ਕੈਰਨ ਬਾਸ ਅਤੇ ਗਵਰਨਰ ਨਿਊਸਮ ਨੇ ਕਿਹਾ ਕਿ ਇਹ ਸੱਚਾਈ ਦੇ ਉਲਟ ਹੈ। ਉਨ੍ਹਾਂ ਨੇ ਟਰੰਪ 'ਤੇ ਫੌਜੀ ਕਰਮਚਾਰੀਆਂ ਨੂੰ ਸ਼ਾਮਿਲ ਕਰਕੇ ਜਨਤਕ ਸੁਰੱਖਿਆ ਨੂੰ ਖਤਰੇ ਵਿੱਚ ਪਾਉਣ ਦਾ ਦੋਸ਼ ਲਗਾਇਆ ਹੈ। ਪੁਲਿਸ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਮਦਦ ਦੀ ਲੋੜ ਨਹੀਂ ਹੈ। ਦੱਸ ਦਈਏ ਕਿ ਟਰੰਪ ਪ੍ਰਸ਼ਾਸਨ ਨੇ ਹਾਲ ਹੀ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਲਾਸ ਏਂਜਲਸ ਵਿੱਚ 4,000 ਨੈਸ਼ਨਲ ਗਾਰਡ ਅਤੇ 700 ਮਰੀਨ ਤਾਇਨਾਤ ਕੀਤੇ ਹਨ। ਇਸ ਮਾਮਲੇ ਵਿੱਚ, ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਤਾਇਨਾਤੀ ਸੰਘੀ ਇਮਾਰਤਾਂ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਹੈ। ਪਰ ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਉਨ੍ਹਾਂ ਨੂੰ ਹੁਣ ਇਮੀਗ੍ਰੇਸ਼ਨ ਛਾਪਿਆਂ ਵਿੱਚ ਸਹਾਇਤਾ ਕਰਨ ਦਾ ਹੁਕਮ ਦਿੱਤਾ ਗਿਆ ਹੈ, ਜਿਸ ਨਾਲ ਤਣਾਅ ਅਤੇ ਅਸਥਿਰਤਾ ਵਧਣ ਦਾ ਖ਼ਤਰਾ ਹੈ।

# ਟਰੰਪ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ

## ਕੈਲੀਫੋਰਨੀਆ ਸਰਕਾਰ ਨੇ ਕਿਹਾ- 'ਟਰੰਪ ਨੇ ਸਾਰੀਆਂ ਹੱਦਾਂ ਕੀਤੀਆਂ ਪਾਰ'



ਵਾਸ਼ਿੰਗਟਨ : ਕੈਲੀਫੋਰਨੀਆ ਨੇ ਟਰੰਪ ਪ੍ਰਸ਼ਾਸਨ ਵਿਰੁੱਧ ਮੁਕੱਦਮਾ ਦਾਇਰ ਕੀਤਾ ਹੈ। ਇਹ ਮੁਕੱਦਮਾ ਗਵਰਨਰ ਦੀ ਮਨਜ਼ੂਰੀ ਤੋਂ ਬਿਨਾਂ ਲਾਸ ਏਂਜਲਸ ਵਿੱਚ 2,000 ਨੈਸ਼ਨਲ ਗਾਰਡ ਫੌਜਾਂ ਤਾਇਨਾਤ ਕਰਨ ਦੇ ਫੈਸਲੇ ਵਿਰੁੱਧ ਦਾਇਰ ਕੀਤਾ ਗਿਆ ਹੈ। ਰਾਜ ਦੇ ਅਧਿਕਾਰੀਆਂ ਨੇ ਇਸ ਕਦਮ ਨੂੰ 'ਗੈਰ-ਕਾਨੂੰਨੀ' ਦੱਸਿਆ ਹੈ ਅਤੇ ਕਿਹਾ ਹੈ ਕਿ 'ਇਹ ਪਹਿਲਾਂ ਤੋਂ ਹੀ ਤਣਾਅਪੂਰਨ ਮਾਹੌਲ ਨੂੰ ਹੋਰ ਵਿਗਾੜ ਸਕਦਾ ਹੈ'।

ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੋਂਟਾ ਨੇ ਸੋਮਵਾਰ ਨੂੰ ਇਸ ਮੁਕੱਦਮੇ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ 'ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ। ਉਨ੍ਹਾਂ ਨੇ ਗਵਰਨਰ ਗੈਵਿਨ ਨਿਊਸਮ ਦੀ ਸਹਿਮਤੀ ਤੋਂ ਬਿਨਾਂ ਫੌਜਾਂ ਤਾਇਨਾਤ ਕੀਤੀਆਂ ਹਨ।' ਬੋਂਟਾ ਨੇ ਆਪਣੇ ਬਿਆਨ ਵਿੱਚ ਕਿਹਾ, "ਮੈਂ ਇਹ ਸਪੱਸ਼ਟ ਕਰ ਦਿੰਦਾ ਹਾਂ ਕਿ ਕੋਈ ਹਮਲਾ ਜਾਂ ਬਗਾਵਤ ਨਹੀਂ ਹੈ। ਰਾਸ਼ਟਰਪਤੀ ਜਾਣਬੁੱਝ ਕੇ ਜ਼ਮੀਨ 'ਤੇ ਹਫੜਾ-ਦਫੜੀ ਅਤੇ ਸੰਕਟ ਪੈਦਾ ਕਰ ਰਹੇ ਹਨ ਤਾਂ ਜੋ ਉਹ ਆਪਣੇ ਰਾਜਨੀਤਿਕ ਹਿੱਤਾਂ ਨੂੰ ਪ੍ਰਾਪਤ ਕਰ ਸਕਣ।"

### 'ਰਾਜ ਸਰਕਾਰ ਖੁਦ ਸੰਭਾਲ ਸਕਦੀ ਹੈ ਹਾਲਾਤ'

ਮੁਕੱਦਮੇ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਟਰੰਪ ਨੇ ਸੰਘੀ ਕਾਨੂੰਨ ਦੀ ਦੁਰਵਰਤੋਂ ਕੀਤੀ ਹੈ ਜੋ ਰਾਸ਼ਟਰਪਤੀ ਨੂੰ ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਹੀ ਫੌਜ ਭੇਜਣ ਦੀ ਆਗਿਆ ਦਿੰਦਾ ਹੈ, ਜਿਵੇਂ ਕਿ ਵਿਦੇਸ਼ੀ ਹਮਲਾ ਜਾਂ ਅਮਰੀਕੀ ਸਰਕਾਰ ਵਿਰੁੱਧ ਵੱਡੀ ਬਗਾਵਤ। ਕੈਲੀਫੋਰਨੀਆ ਸਰਕਾਰ ਨੇ ਕਿਹਾ ਕਿ ਇਸ ਵੇਲੇ ਅਜਿਹੀ ਕੋਈ ਸਥਿਤੀ ਨਹੀਂ ਹੈ। ਇਹ ਤਾਇਨਾਤੀ ਉਦੋਂ ਕੀਤੀ ਗਈ ਹੈ, ਜਦੋਂ ਇਮੀਗ੍ਰੇਸ਼ਨ ਛਾਪਿਆਂ ਵਿਰੁੱਧ ਲਾਸ ਏਂਜਲਸ ਵਿੱਚ ਹਿੰਸਕ ਵਿਰੋਧ ਪ੍ਰਦਰਸ਼ਨ ਹੋਏ ਸਨ। ਪਰ ਗਵਰਨਰ ਨਿਊਸਮ ਅਤੇ ਹੋਰ ਡੈਮੋਕ੍ਰੇਟ ਨੇਤਾਵਾਂ ਦਾ ਕਹਿਣਾ ਹੈ ਕਿ ਰਾਜ ਸਰਕਾਰ ਇਨ੍ਹਾਂ ਸਥਿਤੀਆਂ ਨੂੰ ਖੁਦ ਸੰਭਾਲ ਸਕਦੀ ਹੈ ਅਤੇ ਸੰਘੀ ਸਰਕਾਰ ਦੁਆਰਾ ਦਖਲਅੰਦਾਜ਼ੀ ਦੀ ਕੋਈ ਲੋੜ ਨਹੀਂ ਹੈ।

### ਗਵਰਨਰ ਨੇ ਟਰੰਪ ਪ੍ਰਸ਼ਾਸਨ ਨੂੰ ਲਿਖੀ ਚਿੱਠੀ

ਗਵਰਨਰ ਨਿਊਸਮ ਨੇ ਵੀ ਇਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਨੇ ਟਰੰਪ ਪ੍ਰਸ਼ਾਸਨ ਨੂੰ ਇੱਕ ਅਧਿਕਾਰਤ ਪੱਤਰ ਭੇਜਿਆ ਹੈ ਜਿਸ ਵਿੱਚ ਫੌਜਾਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ। ਇਹ ਪੱਤਰ ਰੱਖਿਆ ਸਕੱਤਰ ਪੀਟ ਹੇਗਸੇਥ ਨੂੰ ਲਿਖਿਆ ਗਿਆ ਹੈ। ਨਿਊਸਮ ਨੇ ਪੱਤਰ ਵਿੱਚ ਲਿਖਿਆ, "ਲਾਸ ਏਂਜਲਸ ਵਿੱਚ ਨੈਸ਼ਨਲ ਗਾਰਡ ਤਾਇਨਾਤ ਕਰਨ ਦੀ ਕੋਈ ਲੋੜ ਨਹੀਂ ਹੈ। ਇਸ ਗੈਰ-ਕਾਨੂੰਨੀ ਤਰੀਕੇ ਨਾਲ ਅਤੇ ਇੰਨੇ ਲੰਬੇ ਸਮੇਂ ਲਈ ਫੌਜਾਂ ਭੇਜਣਾ ਰਾਜ ਦੀ ਪ੍ਰਭੂਸੱਤਾ ਦੀ ਗੰਭੀਰ ਉਲੰਘਣਾ ਹੈ। ਅਜਿਹਾ ਲੱਗਦਾ ਹੈ ਕਿ ਇਹ ਕਦਮ ਜਾਣਬੁੱਝ ਕੇ ਸਥਿਤੀ ਨੂੰ ਵਿਗੜਨ ਲਈ ਚੁੱਕਿਆ ਗਿਆ ਹੈ।"

ਨਿਊਸਮ ਨੇ MSNBC 'ਤੇ ਇੱਕ ਇੰਟਰਵਿਊ ਵਿੱਚ ਕਿਹਾ, "ਟਰੰਪ ਅੱਗ ਵਿੱਚ ਤੇਲ ਪਾ ਰਹੇ ਹਨ। ਇਹ ਕਦਮ ਨਾ ਸਿਰਫ਼ ਗੈਰ-ਕਾਨੂੰਨੀ ਹੈ ਸਗੋਂ ਅਨੈਤਿਕ ਅਤੇ ਗੈਰ-ਸੰਵਿਧਾਨਕ ਵੀ ਹੈ। ਅਸੀਂ ਕੱਲ੍ਹ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇਵਾਂਗੇ।' ਨਿਊਸਮ ਨੇ ਕਿਹਾ ਕਿ ਇਹ ਕਦਮ ਸ਼ਾਇਦ ਰਾਜਨੀਤਿਕ ਉਦੇਸ਼ਾਂ ਲਈ ਚੁੱਕਿਆ ਗਿਆ ਹੈ।

### ਪੈਂਟਾਗਨ ਦਾ ਸਖ਼ਤ ਰੁਖ਼

ਇਸ ਵਿਰੋਧ ਦੇ ਬਾਵਜੂਦ ਟਰੰਪ ਪ੍ਰਸ਼ਾਸਨ ਨੇ ਪਿੱਛੇ ਹਟਣ ਦਾ ਕੋਈ ਸੰਕੇਤ ਨਹੀਂ ਦਿੱਤਾ ਹੈ। ਪੈਂਟਾਗਨ ਨੇ ਕਿਹਾ ਹੈ ਕਿ ਲੋੜ ਪੈਣ 'ਤੇ ਹੋਰ ਫੌਜੀ ਭੇਜੇ ਜਾਣਗੇ। ਐਤਵਾਰ ਨੂੰ ਯੂਐੱਸ ਨੌਰਦਰਨ ਕਮਾਂਡ ਨੇ ਕਿਹਾ ਕਿ ਦੱਖਣੀ ਕੈਲੀਫੋਰਨੀਆ ਵਿੱਚ ਤਾਇਨਾਤ ਲਗਭਗ 500 ਮਰੀਨਾਂ ਨੂੰ ਲਾਸ ਏਂਜਲਸ ਭੇਜਣ ਲਈ ਤਿਆਰ ਰੱਖਿਆ ਗਿਆ ਹੈ।

# ਕੈਨੇਡਾ 'ਚ ਮੰਦਰ ਦੇ ਪ੍ਰਧਾਨ ਦੀ ਜਾਇਦਾਦ 'ਤੇ ਫਿਰ ਗੋਲੀਬਾਰੀ

## ਕੁੱਝ ਦਿਨ ਪਹਿਲਾਂ ਫ਼ੋਨ ਕਰ ਕੇ 20 ਲੱਖ ਡਾਲਰ ਦੀ ਮੰਗੀ ਗਈ ਸੀ ਫਿਰੌਤੀ




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੈਨੇਡਾ ਦੌਰੇ ਤੋਂ ਪਹਿਲਾਂ, ਲਕਸ਼ਮੀ ਨਾਰਾਇਣ ਮੰਦਰ ਦੇ ਪ੍ਰਧਾਨ ਅਤੇ ਕਾਰੋਬਾਰੀ ਸਤੀਸ਼ ਕੁਮਾਰ ਦੀ ਜਾਇਦਾਦ 'ਤੇ ਇਕ ਵਾਰ ਫਿਰ ਗੋਲੀਬਾਰੀ ਹੋਈ ਹੈ। ਇਹ ਘਟਨਾ ਉਦੋਂ ਵਾਪਰੀ ਜਦੋਂ ਕੁਝ ਦਿਨ ਪਹਿਲਾਂ ਉਕਤ ਜਾਇਦਾਦ ਦੇ ਮਾਲਕ ਨੂੰ ਲਗਭਗ 20 ਲੱਖ ਡਾਲਰ ਦੀ ਫਿਰੌਤੀ ਦਾ ਫ਼ੋਨ ਆਇਆ ਸੀ। ਇਹ ਘਟਨਾ ਕੈਨੇਡਾ ਦੇ ਸਰੀ ਵਿਚ 128 ਸਟਰੀਟ, 70 ਐਵੇਨਿਊ 'ਤੇ ਓਹਾਬ ਵਿਚ ਵਾਪਰੀ। ਜਦੋਂ ਸਤੀਸ਼ ਕੁਮਾਰ ਨੇ ਪੈਸੇ ਦੇਣ ਤੋਂ ਇਨਕਾਰ ਕਰ ਦਿਤਾ, ਤਾਂ ਬਦਮਾਸ਼ਾਂ ਨੇ ਪਿਛਲੇ 48 ਘੰਟਿਆਂ ਵਿੱਚ ਉਸ ਦੀਆਂ ਦੋ ਜਾਇਦਾਦਾਂ 'ਤੇ ਗੋਲੀਬਾਰੀ ਕੀਤੀ।

ਇਸ ਸਮੇਂ, ਕੈਨੇਡੀਅਨ ਪੁਲਿਸ ਦੋਵਾਂ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਸਤੀਸ਼ ਨੇ ਕਿਹਾ ਕਿ ਉਸ ਦਾ ਫੋਨ ਕਰਨ ਵਾਲਿਆਂ ਨਾਲ ਬਹਿਸ ਹੋਈ ਹੈ ਅਤੇ ਦੋਸ਼ ਲਗਾਇਆ ਹੈ ਕਿ ਭਾਈਚਾਰੇ ਦੇ ਕੁੱਝ ਲੋਕ ਇਨ੍ਹਾਂ ਫਿਰੌਤੀਆਂ ਦੀ ਮਦਦ ਕਰਨ ਲਈ ਜਾਣਕਾਰੀ ਲੀਕ ਕਰ ਰਹੇ ਸਨ। ਉਨ੍ਹਾਂ ਨੇ ਭਾਈਚਾਰੇ ਨੂੰ ਇੱਕਜੁੱਟ ਹੋਣ ਅਤੇ ਅਜਿਹੀ ਨਿਸ਼ਾਨਾ ਹਿੰਸਾ ਤੋਂ ਇਕ ਦੂਜੇ ਦੀ ਰੱਖਿਆ ਕਰਨ ਦੀ ਅਪੀਲ ਕੀਤੀ। ਸਤੀਸ਼ ਕੁਮਾਰ ਨੇ ਦਸਿਆ ਕਿ ਇਹ ਘਟਨਾ 7 ਜੂਨ ਨੂੰ ਸਵੇਰੇ 2:30 ਵਜੇ ਦੇ ਕਰੀਬ ਵਾਪਰੀ ਸੀ।

ਇਸ ਤੋਂ ਪਹਿਲਾਂ, ਦੋ ਸਾਲ ਪਹਿਲਾਂ ਦਸੰਬਰ ਵਿਚ, ਸਤੀਸ਼ ਕੁਮਾਰ ਦੇ ਪੁੱਤਰ ਦੇ ਘਰ ਗੋਲੀਬਾਰੀ ਹੋਈ ਸੀ। ਇਸ ਦੌਰਾਨ, ਮੁਲਜ਼ਮਾਂ ਨੇ ਲਗਭਗ 14 ਗੋਲੀਆਂ ਚਲਾਈਆਂ ਸਨ। ਤੁਹਾਨੂੰ ਦੱਸ ਦੇਈਏ ਕਿ ਲਕਸ਼ਮੀ ਨਾਰਾਇਣ ਮੰਦਰ ਨੂੰ ਕੈਨੇਡਾ ਵਿਚ ਹਿੰਦੂਆਂ ਲਈ ਇਕ ਬਹੁਤ ਹੀ ਸਤਿਕਾਰਯੋਗ ਮੰਦਰ ਮੰਨਿਆ ਜਾਂਦਾ ਹੈ। ਇਹ ਚੌਥੀ ਵਾਰ ਹੈ ਜਦੋਂ ਲਕਸ਼ਮੀ ਨਾਰਾਇਣ ਮੰਦਰ ਦੇ ਕਿਸੇ ਅਧਿਕਾਰੀ ਨੂੰ ਸ਼ਰਾਰਤੀ ਅਨਸਰਾਂ ਨੇ ਨਿਸ਼ਾਨਾ ਬਣਾਇਆ ਹੈ। ਹੁਣ ਸਰੀ ਪੁਲਿਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਅਮਰੀਕਾ 'ਚ ਹਿਰਾਸਤ 'ਚ ਲਿਆ ਗਿਆ ਪ੍ਰਸਿੱਧ TikTok ਸਟਾਰ ਖਾਬੀ ਲੈਮ



ਦੁਨੀਆ ਦੇ ਸਭ ਤੋਂ ਮਸ਼ਹੂਰ ਟਿੱਕਟਾਕ ਸਟਾਰ ਖਾਬੀ ਲੈਮ ਨੂੰ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਅਮਰੀਕਾ ਵਿੱਚ ਹਿਰਾਸਤ ਵਿੱਚ ਲਿਆ ਗਿਆ। ਉਹ 30 ਅਪ੍ਰੈਲ ਨੂੰ ਅਮਰੀਕਾ ਆਇਆ ਸੀ ਅਤੇ ਵੀਜ਼ਾ ਖ਼ਤਮ ਹੋਣ ਤੋਂ ਬਾਅਦ ਵੀ ਇੱਥੇ ਹੀ ਰਹਿ ਰਿਹਾ ਸੀ। ਇਸ ਤੋਂ ਬਾਅਦ, ਉਸ ਨੂੰ 6 ਜੂਨ ਨੂੰ ਲਾਸ ਵੇਗਾਸ ਦੇ ਹੈਰੀ ਰੀਡ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹਿਰਾਸਤ ਵਿੱਚ ਲਿਆ ਗਿਆ।

ਖਾਬੀ ਨੂੰ ਬਿਨਾਂ ਕਿਸੇ ਦੇਸ਼ ਨਿਕਾਲੇ ਦੇ ਆਦੇਸ਼ ਦੇ ਆਪਣੀ ਮਰਜ਼ੀ ਨਾਲ ਦੇਸ਼ ਛੱਡਣ ਦੀ ਇਜਾਜ਼ਤ ਦਿੱਤੀ ਗਈ ਸੀ, ਜਿਸ ਤੋਂ ਬਾਅਦ ਉਹ ਆਪਣੀ ਮਰਜ਼ੀ ਨਾਲ ਅਮਰੀਕਾ ਤੋਂ ਚਲਾ ਗਿਆ। ਜੇਕਰ ਲੈਮ ਨੇ ਅਜਿਹਾ ਨਾ ਕੀਤਾ ਹੁੰਦਾ, ਤਾਂ ਉਸ 'ਤੇ 10 ਸਾਲਾਂ ਲਈ ਅਮਰੀਕਾ ਵਿੱਚ ਦਾਖ਼ਲ ਹੋਣ 'ਤੇ ਪਾਬੰਦੀ ਲਗਾਈ ਜਾ ਸਕਦੀ ਸੀ।

ਖਾਬੀ ਨੇ ਅਜੇ ਤੱਕ ਇਸ ਘਟਨਾ 'ਤੇ ਕੋਈ ਜਨਤਕ ਟਿੱਪਣੀ ਨਹੀਂ ਕੀਤੀ ਹੈ। ਖਾਬੀ ਦਾ ਅਸਲੀ ਨਾਮ ਸੇਰਿੰਗੇ ਖਾਬਨੇ ਲੈਮ ਹੈ। ਖਾਬੀ ਲੈਮ ਮੂਲ ਰੂਪ ਵਿੱਚ ਸੇਨੇਗਲ ਤੋਂ ਹੈ ਅਤੇ ਇਟਲੀ ਵਿੱਚ ਵੱਡਾ ਹੋਇਆ ਹੈ। ਖਾਬੀ ਨੇ ਸਾਲ 2020 ਵਿੱਚ ਟਿੱਕਟਾਕ 'ਤੇ ਵੀਡੀਓ ਬਣਾਉਣਾ ਸ਼ੁਰੂ ਕੀਤਾ ਸੀ। ਕੋਰੋਨਾ ਮਹਾਂਮਾਰੀ ਦੌਰਾਨ ਉਸ ਦੀ ਪ੍ਰਸਿੱਧੀ ਵਿੱਚ ਕਾਫ਼ੀ ਵਾਧਾ ਹੋਇਆ ਸੀ। ਖਾਬੀ ਦੇ TikTok 'ਤੇ 160 ਮਿਲੀਅਨ ਤੋਂ ਵੱਧ ਫਾਲੋਅਰਜ਼ ਹਨ। ਫੋਰਬਸ ਨੇ ਉਸ ਨੂੰ 2022 ਵਿੱਚ ਦੁਨੀਆ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਸੋਸ਼ਲ ਮੀਡੀਆ ਸ਼ਖਸੀਅਤਾਂ ਵਿੱਚ ਸ਼ਾਮਲ ਕੀਤਾ।

# ਕੈਨੇਡਾ 'ਚ ਭਾਰਤੀ ਵਿਦਿਆਰਥੀ ਦੀ ਮਿਲੀ ਲਾਸ਼

ਕੈਨੇਡਾ, ਜਿੱਥੇ ਲਾਪਤਾ ਭਾਰਤੀ ਮੂਲ ਦੇ ਵਿਦਿਆਰਥੀ ਵੇਦਾਤਮਨ ਪੋਡੂਵਾਲ ਦੀ ਲਾਸ਼ ਨਦੀ ਵਿੱਚ ਮਿਲੀ ਹੈ। ਕੇਰਲ ਦੇ ਤ੍ਰਿਪੁਨੀਥੁਰਾ ਦੇ ਰਹਿਣ ਵਾਲੇ ਕ੍ਰਿਸ਼ਨ ਕੁਮਾਰ ਅਤੇ ਰੇਮਾ ਪੋਡੂਵਾਲ ਦੇ ਪੁੱਤਰ, 21 ਸਾਲਾ ਵੇਦਾਤਮਨ, ਯੌਰਕ ਯੂਨੀਵਰਸਿਟੀ ਦੇ ਲਾਸੋਂਡੇ ਸਕੂਲ ਆਫ਼ ਇੰਜੀਨੀਅਰਿੰਗ ਵਿੱਚ ਤੀਜੇ ਸਾਲ ਦਾ ਵਿਦਿਆਰਥੀ ਸੀ। ਉਸਨੂੰ ਆਖਰੀ ਵਾਰ 1 ਜੂਨ ਨੂੰ ਦੋਸਤਾਂ ਨੇ ਦੇਖਿਆ ਸੀ, ਅਤੇ 2 ਜੂਨ ਨੂੰ ਉਸਦੇ ਲਾਪਤਾ ਹੋਣ ਦੀ ਰਿਪੋਰਟ ਦਰਜ ਹੋਈ। ਚਾਰ ਦਿਨ ਬਾਅਦ, ਉਸਦੀ ਲਾਸ਼ ਸਿਆਟਿਨ ਨਦੀ ਵਿੱਚ ਮਿਲੀ। ਪਰਿਵਾਰਕ ਦੋਸਤਾਂ ਨੇ ਦੱਸਿਆ ਕਿ ਪੋਸਟਮਾਰਟਮ ਹੋ ਚੁੱਕਾ ਹੈ, ਪਰ ਅੰਤਿਮ ਰਿਪੋਰਟ 15 ਦਿਨਾਂ ਵਿੱਚ ਆਉਣ ਦੀ ਉਮੀਦ ਹੈ। ਟੋਰਾਂਟੋ ਪੁਲਿਸ ਨੇ ਅਪਰਾਧਿਕ ਮਾਮਲਾ ਹੋਣ ਤੋਂ ਇਨਕਾਰ ਕੀਤਾ ਹੈ।

ਪਰਿਵਾਰ ਅਜੇ ਵੀ ਉਸਦੀ ਮੌਤ ਦੇ ਕਾਰਨਾਂ ਬਾਰੇ ਹਨੇਰੇ ਵਿੱਚ ਹੈ। ਉਨ੍ਹਾਂ ਦੇ ਅਨੁਸਾਰ, ਵੇਦਾਤਮਨ ਖੁਸ਼ ਸੀ ਅਤੇ ਲਾਪਤਾ ਹੋਣ ਵਾਲੀ ਸ਼ਾਮ ਆਪਣੇ ਛੋਟੇ ਭਰਾ ਨਾਲ ਲੰਬੀ ਗੱਲਬਾਤ ਵੀ ਕੀਤੀ ਸੀ। ਪਰਿਵਾਰ ਨੂੰ ਇਹ ਵਿਸ਼ਵਾਸ ਨਹੀਂ ਕਿ ਉਹ ਆਪਣੀ ਮਰਜ਼ੀ ਨਾਲ ਕਿਸੇ ਜਲ ਸਰੋਤ ਕੋਲ ਗਿਆ ਹੋਵੇਗਾ।

# ਪੇਜ ਇੱਕ ਦੀ ਬਾਕੀ

## ਰਾਹਤ ਸਮੱਗਰੀ ਲੈਣ...

ਸਹਾਇਤਾ ਵੰਡ ਕੇਂਦਰਾਂ ਕੋਲ ਹੋਈ ਗੋਲੀਬਾਰੀ ਵਿੱਚ ਘੱਟੋ-ਘੱਟ 163 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ, ਜਦਕਿ 1495 ਵਿਅਕਤੀ ਜ਼ਖ਼ਮੀ ਹੋ ਚੁੱਕੇ ਹਨ। ਇਜ਼ਰਾਇਲੀ ਫੌਜ ਨੇ ਪਹਿਲਾਂ ਉਨ੍ਹਾਂ ਲੋਕਾਂ 'ਤੇ ਚਿਤਾਵਨੀ ਵਜੋਂ ਗੋਲੀਆਂ ਚਲਾਉਣ ਦੀ ਗੱਲ ਸਵੀਕਾਰ ਕੀਤੀ ਹੈ, ਜੋ ਕਿ ਉਸ ਮੁਤਾਬਕ ਸ਼ੱਕੀ ਢੰਗ ਨਾਲ ਉਸ ਦੀ ਫੌਜ ਵੱਲ ਵਧ ਰਹੇ ਸਨ। ਫਾਊਂਡੇਸ਼ਨ ਦਾ ਕਹਿਣਾ ਹੈ ਕਿ ਵੰਡ ਕੇਂਦਰਾਂ ਵਿੱਚ ਜਾਂ ਉਸ ਦੇ ਆਸ-ਪਾਸ ਕੋਈ ਹਿੰਸਾ ਨਹੀਂ ਹੋਈ ਹੈ ਪਰ ਇਸ ਨੇ ਲੋਕਾਂ ਨੂੰ ਨਿਰਧਾਰਿਤ ਪਹੁੰਚ ਮਾਰਗਾਂ 'ਤੇ ਹੀ ਰਹਿਣ ਦੀ ਚਿਤਾਵਨੀ ਦਿੱਤੀ ਹੈ। ਨਾਸੇਰ ਹਸਪਤਾਲ ਮੁਤਾਬਕ, ਦੱਖਣੀ ਗਾਜ਼ਾ ਵਿੱਚ ਰਾਫ਼ਾਹ ਦੇ ਆਸ-ਪਾਸ ਸਹਾਇਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਘੱਟੋ-ਘੱਟ ਅੱਠ ਵਿਅਕਤੀ ਮਾਰੇ ਗਏ। ਅਲ-ਅਵਦਾ ਹਸਪਤਾਲ ਦੇ ਤਰਜਮਾਨ ਨਾਦੇਰ ਗਰਗੂਨ ਮੁਤਾਬਕ, ਉੱਤਰੀ ਗਾਜ਼ਾ ਵਿੱਚ ਮੰਗਲਵਾਰ ਨੂੰ ਦੋ ਪੁਰਸ਼ ਅਤੇ ਇਕ ਬੱਚੇ ਦੀ ਮੌਤ ਹੋ ਗਈ ਅਤੇ ਘੱਟੋ-ਘੱਟ 130 ਵਿਅਕਤੀ ਜ਼ਖ਼ਮੀ ਹੋ ਗਏ। ਜ਼ਿਆਦਾਤਰ ਲੋਕਾਂ ਨੂੰ ਗੋਲੀ ਲੱਗੀ ਹੈ। ਪ੍ਰਤੱਖਦਰਸ਼ੀਆਂ ਨੇ ਦੱਸਿਆ ਕਿ ਇਜ਼ਰਾਇਲੀ ਫੌਜ ਨੇ ਮੱਧ ਗਾਜ਼ਾ ਵਿੱਚ ਸਹਾਇਤਾ ਕੇਂਦਰਾਂ ਤੋਂ ਕਈ ਸੌ ਮੀਟਰ ਦੀ ਦੂਰੀ 'ਤੇ ਦੇਰ ਰਾਤ ਕਰੀਬ 2 ਵਜੇ ਗੋਲੀਬਾਰੀ ਕੀਤੀ। ਲੋਕ ਸਹਾਇਤਾ ਸਮੱਗਰੀ ਲੈਣ ਦੀ ਆਸ ਵਿੱਚ ਵੱਡੇ ਤੜਕੇ ਹੀ ਸਮੱਗਰੀ ਵੰਡ ਕੇਂਦਰਾਂ 'ਤੇ ਪਹੁੰਚਣਾ ਸ਼ੁਰੂ ਕਰ ਦਿੰਦੇ ਹਨ।

## ਕੈਨੇਡਾ ਸਰਕਾਰ ਦਾ ਪੰਜਾਬੀਆਂ...

ਵੈਧ ਵਰਕ ਪਰਮਿਟ ਵਾਲੇ ਵਿਦੇਸ਼ੀ ਕਾਮਿਆਂ ਨੂੰ ਨਵਾਂ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਕ ਨਵਾਂ ਵਰਕ ਪਰਮਿਟ ਲੈਣ ਦੀ ਲੋੜ ਹੁੰਦੀ ਹੈ, ਉਹ ਆਪਣੇ ਵਰਕ ਪਰਮਿਟ ਲੰਬਿਤ ਹੋਣ 'ਤੇ ਵੀ ਨਵਾਂ ਕੰਮ ਸ਼ੁਰੂ ਕਰ ਸਕਦੇ ਹਨ। ਅਜੇ ਤੱਕ ਮੇਂਟੇਨ ਸਟੇਟਸ 'ਤੇ ਰਹਿਣ ਵਾਲੇ ਵਿਦੇਸ਼ੀਆਂ ਅਤੇ ਵਰਕ ਪਰਮਿਟ ਲੰਬਿਤ ਰਹਿਣ ਦੌਰਾਨ ਕੰਮ ਕਰਨ ਲਈ ਰਜਿਸਟਰਡ ਵਰਕ ਪਰਮਿਟ 'ਤੇ ਦੀ ਮਿਆਦ ਪੂਰੀ ਹੋਣ ਦੇ ਬਾਅਦ ਨਵੇਂ ਮਾਲਕ ਕੋਲ ਨਹੀਂ ਜਾ ਸਕਦੇ ਹਨ। ਅਜਿਹੇ ਲੋਕਾਂ ਨੂੰ ਇਸ ਨਵੇਂ ਨਿਯਮ ਨਾਲ ਫਾਇਦਾ ਹੋਵੇਗਾ।

ਕੈਨੇਡਾ ਵਿਚ ਰਹਿਣ ਵਾਲੇ ਉਹ ਵਿਦੇਸ਼ੀ ਕਾਮੇ ਜਿਨ੍ਹਾਂ ਕੋਲ ਵੈਧ ਵਰਕ ਪਰਮਿਟ ਹੈ, ਜੋ ਉਨ੍ਹਾਂ ਨੂੰ ਇਕ ਖਾਸ ਮਾਲਕ ਲਈ ਕੰਮ ਕਰਨ ਤੱਕ ਸੀਮਤ ਕਰਦਾ ਹੈ ਪਰ ਜੇਕਰ ਉਹ ਕਿਸੇ ਹੋਰ ਨੌਕਰੀ ਲਈ ਜਾਣਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਵੀ ਲਾਭ ਮਿਲੇਗਾ। ਵਿਦੇਸ਼ੀ ਕਾਮਿਆਂ ਲਈ ਇਸ ਨਵੇਂ ਨਿਯਮ ਦਾ ਫਾਇਦਾ ਚੁੱਕਣ ਲਈ ਸਭ ਤੋਂ ਮਹੱਤਵਪੂਰਨ ਸ਼ਰਤ ਇਹ ਹੈ ਕਿ ਉਨ੍ਹਾਂ ਨੂੰ ਵਰਕ ਪਰਮਿਟ ਨਵੀਨੀਕਰਨ ਦਾਖਲ ਕਰਨਾ ਹੋਵੇਗਾ। ਵਿਦੇਸ਼ੀ ਕਾਮੇ ਵੀ ਨਵੇਂ ਨਿਯਮਾਂ ਤਹਿਤ ਕੰਮ ਕਰਨਾ ਸ਼ੁਰੂ ਕਰ ਸਕਦੇ ਹਨ ਜੇਕਰ ਇੱਕ ਨਵੀਂ ਵਰਕ ਪਰਮਿਟ ਅਰਜ਼ੀ ਜਮ੍ਹਾਂ ਕਰਵਾਈ ਗਈ ਹੈ ਜਿਸ ਲਈ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ।

## ਆਸਟਰੀਆ : ਸਕੂਲ...

ਯੋਰਗੁਨ ਨੇ ਕਿਹਾ ਕਿ ਪੁਲਿਸ ਅਜੇ ਵੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਉੱਥੇ ਕੀ ਹੋਇਆ। ਫਿਲਹਾਲ ਮੌਕੇ 'ਤੇ ਸਪੈਸ਼ਲ ਫੋਰਸ ਕੋਬਰਾ ਤਾਇਨਾਤ ਕਰ ਦਿੱਤੀ ਗਈ ਹੈ। ਆਸਟਰੀਆ ਦੇ ਚਾਂਸਲਰ ਕ੍ਰਿਸ਼ਚੀਅਨ ਸਟਾਕਰ ਵੀ ਗ੍ਰਾਜ਼ ਲਈ ਰਵਾਨਾ ਹੋ ਗਏ ਹਨ, ਜਿੱਥੇ ਉਨ੍ਹਾਂ ਦੀ ਇੱਕ ਪ੍ਰੈਸ ਕਾਨਫਰੰਸ ਕਰਨ ਦੀ ਯੋਜਨਾ ਹੈ।

ਹਾਈ ਸਕੂਲ ਵਿੱਚ ਵਾਪਰੀ ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੂਰੇ ਇਲਾਕੇ ਨੂੰ ਘੇਰ ਲਿਆ ਗਿਆ ਹੈ ਅਤੇ ਪੁਲਿਸ ਨੇ ਲੋਕਾਂ ਨੂੰ ਸ਼ਾਂਤ ਰਹਿਣ ਅਤੇ ਅਫਵਾਹਾਂ ਤੋਂ ਬਚਣ ਦੀ ਅਪੀਲ ਕੀਤੀ ਹੈ। ਗ੍ਰਾਜ਼ ਆਸਟਰੀਆ ਦਾ ਦੂਜਾ ਸਭ ਤੋਂ ਵੱਡਾ ਸ਼ਹਿਰ ਹੈ, ਜੋ ਦੇਸ਼ ਦੇ ਦੱਖਣ-ਪੂਰਬ ਵਿੱਚ ਸਥਿਤ ਹੈ ਅਤੇ ਉੱਥੇ ਲਗਭਗ 3 ਲੱਖ ਲੋਕ ਰਹਿੰਦੇ ਹਨ।

ਯੂਰਪੀਅਨ ਯੂਨੀਅਨ ਦੀ ਵਿਦੇਸ਼ ਨੀਤੀ ਦੇ ਮੁਖੀ ਕਾਜਾ ਕੈਲਾਸ ਨੇ ਕਿਹਾ ਕਿ ਮੈਨੂੰ ਆਸਟਰੀਆ ਦੇ ਇੱਕ ਸਕੂਲ ਵਿੱਚ ਗੋਲੀਬਾਰੀ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ ਹੈ। ਹਰ ਬੱਚੇ ਨੂੰ ਸਕੂਲ ਵਿੱਚ ਸੁਰੱਖਿਅਤ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਉਸ ਨੂੰ ਡਰ ਅਤੇ ਹਿੰਸਾ ਤੋਂ ਮੁਕਤ ਹੋ ਕੇ ਸਿੱਖਣ ਦੇ ਯੋਗ ਹੋਣਾ ਚਾਹੀਦਾ ਹੈ। ਇਸ ਦੁਖਦਾਈ ਪਲ ਵਿੱਚ ਮੇਰੀਆਂ ਸੰਵੇਦਨਾਵਾਂ ਪੀੜਤਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਆਸਟਰੀਆ ਦੇ ਲੋਕਾਂ ਨਾਲ ਹਨ।

## ਦਰਦਨਾਕ ਹਾਦਸਾ ਨਦੀ...

ਜਿੱਥੇ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ। ਹਸਪਤਾਲ 'ਚ ਭਾਰੀ ਭੀੜ ਇਕੱਠੀ ਹੋ ਗਈ, ਪਰਿਵਾਰ ਵਾਲੇ ਸਦਮੇ 'ਚ ਰੋ ਰਹੇ ਹਨ, ਅਤੇ ਮੌਕੇ 'ਤੇ ਹਫੜਾ-ਦਫੜੀ ਦਾ ਮਾਹੌਲ ਹੈ। ਪੁਲਿਸ ਅਤੇ ਪ੍ਰਸ਼ਾਸਨ ਮੌਜੂਦ ਹੈ, ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਮ੍ਰਿਤਕ ਸਾਰੇ ਜੈਪੁਰ ਦੇ ਵਸਨੀਕ ਸਨ।

ਡੁੱਬਣ ਵਾਲੇ ਸਾਰੇ ਨੌਜਵਾਨ ਜੈਪੁਰ ਦੇ ਦੋਸਤ ਸਨ, ਜੋ ਪਿਕਨਿਕ ਲਈ ਇਕੱਠੇ ਹੋਏ ਸਨ। ਪਾਣੀ ਦੀ ਡੂੰਘਾਈ ਦਾ ਅੰਦਾਜ਼ਾ ਨਾ ਹੋਣ ਕਾਰਨ ਇਹ ਹਾਦਸਾ ਵਾਪਰਿਆ। ਜਦੋਂ ਇੱਕ ਨੌਜਵਾਨ ਡੁੱਬਣ ਲੱਗਾ, ਤਾਂ ਦੂਜਿਆਂ ਨੇ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਕਈ ਡੁੱਬ ਗਏ। 3 ਨੌਜਵਾਨ ਅਜੇ ਲਾਪਤਾ ਹਨ, ਜਿਨ੍ਹਾਂ ਦੀ ਖੋਜ ਜਾਰੀ ਹੈ।

20-25 ਸਾਲ ਦੇ ਨੌਜਵਾਨ

ਟੋਂਕ ਦੇ ਐਸਪੀ ਵਿਕਾਸ ਸਾਂਗਵਾਨ ਨੇ ਦੱਸਿਆ ਕਿ ਜੈਪੁਰ ਤੋਂ 11 ਨੌਜਵਾਨ ਪਿਕਨਿਕ ਲਈ ਟੋਂਕ ਆਏ ਸਨ, ਸਾਰਿਆਂ ਦੀ ਉਮਰ 20 ਤੋਂ 25 ਸਾਲ ਸੀ। ਉਹ ਬਨਾਸ ਨਦੀ ਦੇ ਪੁਰਾਣੇ ਪੁਲ ਕੋਲ ਨਹਾਉਣ ਉਤਰੇ। ਇੱਕ ਨੌਜਵਾਨ ਡੁੱਬਣ ਲੱਗਾ, ਤਾਂ ਬਚਾਉਣ ਦੀ ਕੋਸ਼ਿਸ਼ 'ਚ ਸਾਰੇ ਡੁੱਬ ਗਏ। ਸਥਾਨਕ ਲੋਕਾਂ ਨੇ ਤਿੰਨ ਨੌਜਵਾਨਾਂ ਨੂੰ ਬਚਾਇਆ, ਪਰ 8 ਦੀ ਜਾਨ ਨਾ ਬਚ ਸਕੀ। ਐਸਪੀ ਵਿਕਾਸ ਸਾਂਗਵਾਨ, ਵਧੀਕ ਪੁਲਿਸ ਸੁਪਰਡੈਂਟ ਬ੍ਰਿਜੇਂਦਰ ਸਿੰਘ, ਐਸਡੀਐਮ ਅਤੇ ਹੋਰ ਅਧਿਕਾਰੀ ਹਸਪਤਾਲ 'ਚ ਮੌਜੂਦ ਹਨ। ਪ੍ਰਸ਼ਾਸਨ ਨੇ ਹਾਦਸੇ ਦੀ ਜਾਂਚ ਦੇ ਹੁਕਮ ਦਿੱਤੇ ਹਨ।

## ਹੁਣ ਕੈਨੇਡਾ ਕਰੇਗਾ...


ਪਹਿਲਾਂ ਹੀ NATO ਦੇ 2% ਰੱਖਿਆ ਖਰਚ ਤੀਚੇ ਨੂੰ ਪੂਰਾ ਕਰ ਲਵੇਗਾ। ਇਸ ਯੋਜਨਾ ਵਿੱਚ ਫੌਜੀਆਂ ਲਈ ਵਧੀਆ ਤਨਖਾਹ, ਨਵੇਂ ਜਹਾਜ਼ ਅਤੇ ਡਰੋਨ, ਆਰਕਟਿਕ ਅਤੇ ਸਮੁੰਦਰੀ ਨਿਗਰਾਨੀ ਵਿੱਚ ਸੁਧਾਰ, ਸਾਇਬਰ ਅਤੇ AI ਸਮਰੱਥਾਵਾਂ ਸ਼ਾਮਲ ਹਨ। ਯਾਦ ਰਹੇ ਰਾਸ਼ਟਰਪਤੀ ਟਰੰਪ ਵੱਲੋਂ ਵੀ ਇਸ ਲਈ ਕੈਨੇਡਾ ਤੇ ਜ਼ੋਰ ਦਿੱਤਾ ਗਿਆ ਸੀ । ਇਸ ਹਫਤੇ ਕੈਨੇਡਾ ਵਿੱਚ ਜੀ ਸੈਵਨ ਸੰਮੇਲਨ ਵੀ ਹੋਣ ਜਾ ਰਿਹਾ ਹੈ ਜਿਸ ਵੱਲ ਲੋਕਾਂ ਦੀਆਂ ਉਮੀਦਾਂ ਹਨ ।

## ਕੀਨੀਆ 'ਚ ਭਾਰਤੀ...

ਨੈਰੋਬੀ ਸਥਿਤ ਭਾਰਤੀ ਦੂਤਘਰ ਮ੍ਰਿਤਕਾਂ ਦੇ ਪਰਿਵਾਰ ਵਾਲਿਆਂ ਦੇ ਸੰਪਰਕ ਵਿਚ ਹਨ।

ਰਿਪੋਰਟ ਮੁਤਾਬਕ ਸੈਲਾਨੀਆਂ ਨੂੰ ਲਿਜਾ ਰਹੀ ਬੱਸ ਨੇ ਭਾਰੀ ਮੀਂਹ ਵਿਚ ਢਲਾਣ 'ਤੇ ਇਕ ਮੋੜ 'ਤੇ ਸੰਤੁਲਨ ਗੁਆ ਬੈਠੀ ਤੇ ਖੇਤ ਵਿਚ ਉਤਰਨ ਤੋਂ ਪਹਿਲਾਂ ਹੀ ਕਈ ਵਾਰ ਪਲਟ ਗਈ। ਹਾਦਸੇ ਦੇ ਬਾਅਦ ਬੱਸ ਦੀ ਛੱਤ ਉਡ ਗਈ ਤੇ ਯਾਤਰੀ ਬਾਹਰ ਆ ਕੇ ਡਿੱਗੇ। 6 ਲੋਕਾਂ ਦੀ ਮੌਕੇ ਉਤੇ ਹੀ ਮੌਤ ਹੋ ਗਈ ਜਦੋਂ ਕਿ ਕੁਝ ਜ਼ਖਮੀਆਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਬੱਸ ਵਿਚ ਕਤਰ ਤੋਂ ਆਇਆ ਸੈਲਾਨੀਆਂ ਦਾ ਗਰੁੱਪ ਸਵਾਰ ਸੀ ਜੋ ਬਕਰੀਦ ਦੀ ਛੁੱਟੀ ਮਨਾਉਣ ਕੀਨੀਆ ਆਇਆ ਸੀ।

ਹਾਦਸੇ ਵਿਚ ਜਾਨ ਗੁਆਉਣ ਵਾਲਿਆਂ ਵਿਚ ਕੇਰਲ ਦੇ ਪਲੱਕੜ ਵਿਚ ਮਨੂਰ ਦੀ ਰਿਆ (41) ਤੇ ਉਨ੍ਹਾਂ ਦੀ 7 ਸਾਲਾ ਧੀ (ਡਾਇਰਾ), ਥਿਰੂਵੱਲਾ ਦੀ ਗੀਤਾ ਸ਼ੋਜੀ ਇਸਾਕ, ਤ੍ਰਿਸ਼ੂਰ ਦੇ ਵੇਂਗਿਨਿਸਰੀ ਦੀ ਜਸਨਾ ਕੁੱਟਿਕੱਟੂਚਲਿਲ (29) ਅਤੇ ਉਸਦੀ ਡੇਢ ਮਹੀਨੇ ਦੀ ਧੀ ਰੂਹੀ ਮਹਿਰੀਨ ਸ਼ਾਮਲ ਹੈ। ਜ਼ਖਮੀਆਂ ਵਿਚ 14 ਮਲਿਆਲੀ ਹਨ ਜਿਨ੍ਹਾਂ ਵਿਚ ਰਿਆ ਦੇ ਪਤੀ ਜੋਸੇਫ ਤੇ ਪੁੱਤ ਟ੍ਰੈਵਿਸ ਵੀ ਸ਼ਾਮਲ ਹੈ।









# ਮਸ਼ਹੂਰ ਪੰਜਾਬੀ ਗਾਇਕ ਵਿਕਰਮ ਸਿੰਘ ਗਿੱਲ ਦੀ ਕੈਨੇਡਾ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ



ਮਾਛੀਵਾੜਾ ਸਾਹਿਬ: ਹਲਕਾ ਸਾਹਨੇਵਾਲ ਅਧੀਨ ਪੈਂਦੇ ਪਿੰਡ ਬੁੱਢੇਵਾਲ ਦੇ ਕਾਂਗਰਸੀ ਆਗੂ ਅਤੇ ਖੰਡ ਮਿੱਲ ਦੇ ਸਾਬਕਾ ਚੇਅਰਮੈਨ ਬਲਬੀਰ ਸਿੰਘ ਦੇ ਨੌਜਵਾਨ ਸਪੁੱਤਰ ਵਿਕਰਮ ਸਿੰਘ ਗਿੱਲ (22) ਦੀ ਕੈਨੇਡਾ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ।

ਪਰਿਵਾਰਕ ਮੈਂਬਰਾਂ ਅਨੁਸਾਰ ਨੌਜਵਾਨ ਵਿਕਰਮ ਸਿੰਘ ਗਿੱਲ 4 ਸਾਲ ਪਹਿਲਾਂ ਆਪਣੇ ਚੰਗੇ ਭਵਿੱਖ ਲਈ ਕੈਨੇਡਾ ਗਿਆ ਸੀ ਜਿੱਥੇ ਉਹ ਸਰੀ ਵਿਖੇ ਰਹਿ ਰਿਹਾ ਸੀ। ਕੁਝ ਦਿਨ ਪਹਿਲਾਂ ਉਸ ਨੂੰ ਦਿਲ ਦਾ ਦੌਰਾ ਪਿਆ ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ।

ਮ੍ਰਿਤਕ ਨੌਜਵਾਨ ਵਿਕਰਮ ਸਿੰਘ ਗਿੱਲ ਇਕ ਵਧੀਆ ਗਾਇਕ ਅਤੇ ਗੀਤਕਾਰ ਵੀ ਸੀ ਜਿਸ ਦੇ 15 ਤੋਂ ਵੱਧ ਗੀਤ ਰਿਲੀਜ਼ ਹੋ ਚੁੱਕੇ ਸਨ। ਨੌਜਵਾਨ ਵਿਕਰਮ ਸਿੰਘ ਗਿੱਲ ਦੀ ਮੌਤ ਕਾਰਨ ਜਿੱਥੇ ਪਰਿਵਾਰ ਨੂੰ ਗਹਿਰਾ ਸਦਮਾ ਲੱਗਾ ਉੱਥੇ ਇਲਾਕੇ ਵਿਚ ਵੀ ਸੋਗ ਦੀ ਲਹਿਰ ਛਾਈ ਹੋਈ ਹੈ। ਅੱਜ ਵਿਸ਼ੇਸ਼ ਤੌਰ 'ਤੇ ਹਲਕਾ ਸਾਹਨੇਵਾਲ ਤੋਂ ਕਾਂਗਰਸ ਪਾਰਟੀ ਇੰਚਾਰਜ ਵਿਕਰਮ ਸਿੰਘ ਬਾਜਵਾ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਪੁੱਜੇ। ਇਸ ਤੋਂ ਇਲਾਵਾ ਮਿਲਕ ਪਲਾਂਟ ਦੇ ਡਾਇਰੈਕਟਰ ਧਰਮਜੀਤ ਸਿੰਘ ਗਿੱਲ, ਗੁਰਪ੍ਰੀਤ ਸਿੰਘ ਬਲੀਏਵਾਲ, ਉਦੈਰਾਜ ਸਿੰਘ ਗਿੱਲ, ਤਾਜਪਰਮਿੰਦਰ ਸਿੰਘ ਸੋਨੂੰ, ਜਸਪਾਲ ਸਿੰਘ ਗਾਹੀ ਭੈਣੀ, ਸਵਰਨ ਸਿੰਘ ਖੁਆਜਕੇ, ਇਕਬਾਲ ਸਿੰਘ ਜੰਡਿਆਲੀ, ਸਤਵੰਤ ਸਿੰਘ, ਸਰਪੰਚ ਰਣਧੀਰ ਸਿੰਘ, ਵਲੋਂ ਵੀ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ। ਮ੍ਰਿਤਕ ਵਿਕਰਮ ਸਿੰਘ ਗਿੱਲ ਦੀ ਦੇਹ 10 ਦਿਨ ਭਾਰਤ ਪਹੁੰਚੇਗੀ ਜਿਸ ਤੋਂ ਬਾਅਦ ਉਸਦਾ ਪਿੰਡ ਵਿਖੇ ਅੰਤਿਮ ਸਸਕਾਰ ਕੀਤਾ ਜਾਵੇਗਾ।

# ਕੈਨੇਡਾ ਵਿੱਚ ਪੰਜਾਬੀ ਮੁੰਡੇ ਦੀ ਸ਼ਰ੍ਹੇਆਮ ਗੋਲੀ ਮਾਰ ਕੇ ਹੱਤਿਆ



ਲੁਧਿਆਣਾ: ਲੁਧਿਆਣਾ ਅਧੀਨ ਪੈਂਦੇ ਪਿੰਡ ਜੰਡ ਦੇ 41 ਸਾਲਾ ਨੌਜਵਾਨ ਦੀ ਕੈਨੇਡਾ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਨੌਜਵਾਨ ਦੀ ਹੱਤਿਆ ਕਿਸੇ ਅਣਪਛਾਤੇ ਵਿਅਕਤੀ ਨੇ ਕੀਤੀ ਹੈ। ਮ੍ਰਿਤਕ ਦੇ ਮਾਮੇ ਦੇ ਪੁੱਤਰ ਭਰਪੂਰ ਸਿੰਘ ਨੇ ਦੱਸਿਆ ਕਿ ਗੁਰਮੇਲ ਸਿੰਘ ਦਾ ਪੁੱਤਰ ਇੰਦਰਪਾਲ ਸਿੰਘ ਬਾਂਸਲ ਦੋ ਭੈਣਾਂ ਦਾ ਭਰਾ ਸੀ। ਉਹ 2022 ਵਿੱਚ ਕੈਨੇਡਾ ਗਿਆ ਸੀ। ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਭਰਪੂਰ ਸਿੰਘ ਨੇ ਦੱਸਿਆ ਕਿ ਇੰਦਰਪਾਲ ਐਡਮਿੰਟਨ ਵਿੱਚ ਇੱਕ ਕੰਪਨੀ ਲਈ ਟੈਕਸੀ ਚਲਾਉਂਦਾ ਸੀ। ਕੱਲ੍ਹ ਜਦੋਂ ਇੰਦਰਪਾਲ ਟੈਕਸੀ ਰਾਹੀਂ ਘਰ ਆ ਰਿਹਾ ਸੀ ਤਾਂ ਅਣਪਛਾਤੇ ਵਿਅਕਤੀਆਂ ਨੇ ਉਸਨੂੰ ਗੋਲੀ ਮਾਰ ਕੇ ਮਾਰ ਦਿੱਤਾ। ਮ੍ਰਿਤਕ ਦੇ ਮਾਮੇ ਦੇ ਪੁੱਤਰ ਨੇ ਦੱਸਿਆ ਕਿ ਇੰਦਰਪਾਲ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਅਤੇ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਉਹ ਪਹਿਲਾਂ 2009 ਵਿੱਚ ਹਾਂਗਕਾਂਗ ਗਿਆ ਜਿੱਥੇ ਉਸਨੇ 13 ਸਾਲ ਸਖ਼ਤ ਮਿਹਨਤ ਕਰਨ ਤੋਂ ਬਾਅਦ ਆਪਣੇ ਮਾਪਿਆਂ ਨੂੰ ਉੱਥੇ ਬੁਲਾਇਆ, ਫਿਰ 2022 ਵਿੱਚ ਉਹ ਆਪਣੇ ਪਿਤਾ ਗੁਰਮੇਲ ਸਿੰਘ, ਮਾਂ ਹਰਜਿੰਦਰ ਕੌਰ, ਪਤਨੀ ਰਾਜਦੀਪ ਕੌਰ ਅਤੇ ਧੀ ਨਾਲ ਕੈਨੇਡਾ ਚਲਾ ਗਿਆ। ਉੱਥੇ ਉਸਨੇ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਨ ਲਈ ਉਬੇਰ ਟੈਕਸੀ ਚਲਾਉਣੀ ਸ਼ੁਰੂ ਕਰ ਦਿੱਤੀ, ਪਰ ਛੇ ਮਹੀਨੇ ਪਹਿਲਾਂ ਉਸਦੇ ਪਿਤਾ ਗੁਰਮੇਲ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ।

ਇੰਦਰਪਾਲ ਦੀ ਮੌਤ ਕਾਰਨ ਉਸਦਾ ਪਰਿਵਾਰ ਸਦਮੇ ਵਿੱਚ ਹੈ। ਮ੍ਰਿਤਕ ਦੀ ਪਤਨੀ ਗਰਭਵਤੀ ਹੈ ਅਤੇ ਕੈਨੇਡਾ ਵਿੱਚ ਪੜ੍ਹ ਰਹੀ ਹੈ। ਉਹ ਆਪਣੇ ਪਿੱਛੇ ਇੱਕ ਵੱਡੀ ਭੈਣ ਅੰਮ੍ਰਿਤਪਾਲ ਕੌਰ ਛੱਡ ਗਿਆ ਹੈ ਜੋ ਲੁਧਿਆਣਾ ਵਿੱਚ ਰਹਿੰਦੀ ਹੈ। ਉਸਦੇ ਕਤਲ ਦੀ ਖ਼ਬਰ ਮਿਲਦੇ ਹੀ ਉਸਦੇ ਜੱਦੀ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।

## ਸਰੀ 'ਚ ਉੱਘੇ ਕਾਰੋਬਾਰੀ ਦਾ ਗੋਲੀਆਂ ਮਾਰ ਕੇ ਕਤਲ



ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਕੈਨੇਡਾ ਦੇ ਸਰੀ ਸ਼ਹਿਰ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੇ ਫਲੀਟਵੁੱਡ ਇਲਾਕੇ 'ਚ ਕੁਝ ਅਣਪਛਾਤਿਆਂ ਵੱਲੋਂ ਉੱਘੇ ਪੰਜਾਬੀ ਕਾਰੋਬਾਰੀ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਸਤਵਿੰਦਰ ਸ਼ਰਮਾ ਵਜੋਂ ਹੋਈ ਹੈ। ਘਟਨਾ ਤੋਂ ਬਾਅਦ ਇਲਾਕੇ ਵਿਚ ਸਹਿਮ ਦਾ ਮਾਹੌਲ ਹੈ। ਜਾਣਕਾਰੀ ਮੁਤਾਬਕ ਸਰੀ ਦੇ ਫਲੀਡਵੁੱਡ ਇਲਾਕੇ ਦੀ 160 ਸਟਰੀਟ ਅਤੇ 84 ਐਵਨਿਊ 'ਤੇ ਸਥਿਤ ਪ੍ਰੋਫੈਸ਼ਨਲ ਬਿਲਡਿੰਗ 'ਚ ਉੱਘੇ ਕਾਰੋਬਾਰੀ ਸਤਵਿੰਦਰ ਸ਼ਰਮਾ ਨੂੰ ਕੁਝ ਅਣਪਛਾਤਿਆਂ ਵੱਲੋਂ ਗੋਲੀਆਂ ਮਾਰੀਆਂ ਗਈਆਂ। ਗੋਲੀਆਂ ਲੱਗਣ ਨਾਲ ਸਤਵਿੰਦਰ ਸਿੰਘ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਮਾਮਲੇ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਤੇ ਐਂਬੂਲੈਂਸ ਮੌਕੇ 'ਤੇ ਪਹੁੰਚ ਗਈ। ਐਬਸਫੋਰਡ ਸ਼ਹਿਰ ਨਾਲ ਸੰਬੰਧਿਤ ਸ਼ਰਮਾ ਪ੍ਰਾਪਟੀ ਡੀਲਰ ਦੇ ਨਾਲ-ਨਾਲ ਲੇਬਰ ਠੇਕੇਦਾਰ ਦੇ ਕੰਮ ਨਾਲ ਜੁੜੇ ਹੋਏ ਸਨ।

# ਫਰਾਂਸ 'ਚ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਬੈਨ !

## ਫਰਾਂਸ ਦੇ ਰਾਸ਼ਟਰਪਤੀ ਨੇ ਲਗਾਈ ਮੋਹਰ



ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਸੰਕੇਤ ਦਿੱਤੇ ਹਨ ਕਿ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਆਉਣ ਵਾਲੇ ਮਹੀਨਿਆਂ 'ਚ ਯੂਰਪੀ ਸੰਘ (EU) ਇਸ 'ਤੇ ਕੋਈ ਕਦਮ ਨਹੀਂ ਚੁੱਕਦਾ ਤਾਂ ਫਰਾਂਸ ਖੁਦ ਇਸ ਦਿਸ਼ਾ 'ਚ ਸਖ਼ਤ ਕਾਨੂੰਨ ਬਣਾਏਗਾ। ਇਹ ਬਿਆਨ ਉਸ ਦੁਖਦ ਘਟਨਾ ਦੇ ਕੁਝ ਹੀ ਘੰਟਿਆਂ ਬਾਅਦ ਆਇਆ ਹੈ ਜਿਸ ਵਿਚ ਫਰਾਂਸ ਦੇ ਪੂਰਬੀ ਸ਼ਹਿਰ Nogent ਦੇ ਇਕ ਮਿਡਲ ਸਕੂਲ 'ਚ 14 ਸਾਲਾ ਵਿਦਿਆਰਥੀ ਨੇ ਇਕ 31 ਸਾਲਾ ਸਟਾਫ ਮੈਂਬਰ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ। ਹਮਲੇ 'ਚ ਇਕ ਪੁਲਸ ਅਧਿਕਾਰੀ ਵੀ ਜ਼ਖ਼ਮੀ ਹੋਇਆ। ਵਿਦਿਆਰਥੀ ਨੇ ਦੋਵਾਂ 'ਤੇ ਇਕ ਹੀ ਚਾਕੂ ਨਾਲ ਹਮਲਾ ਕੀਤਾ।

### 'ਅਸੀਂ ਹੋਰ ਇੰਤਜ਼ਾਰ ਨਹੀਂ ਕਰ ਸਕਦੇ' : ਮੈਕਰੋਨ

ਫਰਾਂਸ 2 ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ 'ਚ ਰਾਸ਼ਟਰਪਤੀ ਮੈਕਰੋਨ ਨੇ ਕਿਹਾ, 'ਸਾਨੂੰ 15 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣੀ ਪਵੇਗੀ। ਮੈਂ ਯੂਰਪ ਤੋਂ ਇਸ ਦਿਸ਼ਾ 'ਚ ਕੋਸ਼ਿਸ਼ ਦੀ ਉਮੀਦ ਕਰ ਰਿਹਾ ਹਾਂ। ਜੇਕਰ ਨਹੀਂ ਹੋਇਆ ਤਾਂ ਫਰਾਂਸ ਇਕੱਲੇ ਹੀ ਕਦਮ ਚੁੱਕੇਗਾ। ਅਸੀਂ ਹੁਣ ਹੋਰ ਇੰਤਜ਼ਾਰ ਨਹੀਂ ਕਰ ਸਕਦੇ।' ਉਨ੍ਹਾਂ ਇਹ ਵੀ ਕਿਹਾ ਕਿ ਡਿਜੀਟਲ ਪਲੇਟਫਾਰਮਾਂ ਤੱਕ ਬੇਕਾਬੂ ਪਹੁੰਚ ਨੌਜਵਾਨਾਂ ਵਿੱਚ ਹਿੰਸਾ ਦੇ ਵਧ ਰਹੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦਾ ਇੱਕ ਵੱਡਾ ਕਾਰਨ ਬਣ ਰਹੀ ਹੈ।

### ਸੋਸ਼ਲ ਮੀਡੀਆ : ਬੱਚਿਆਂ ਲਈ ਖਤਰਾ ?

ਹਾਲਾਂਕਿ ਇਹ ਅਜੇ ਸਪੱਸ਼ਟ ਨਹੀਂ ਹੈ ਕਿ Nogent ਦੀ ਘਟਨਾ 'ਚ ਸੋਸ਼ਲ ਮੀਡੀਆ ਦੀ ਕੋਈ ਭੂਮਿਕਾ ਸੀ ਜਾਂ ਨਹੀਂ, ਪਰ ਫਰਾਂਸੀਸੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਹਮਲਾਵਰ ਵਿਵਹਾਰ ਇਨ੍ਹਾਂ ਪਲੇਟਫਾਰਮਾਂ ਰਾਹੀਂ ਤੇਜ਼ੀ ਨਾਲ ਫੈਲ ਰਿਹਾ ਹੈ। ਮੈਕਰੋਨ ਨੇ ਫਿਰ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਲਿਖਿਆ: "ਪਲੇਟਫਾਰਮਾਂ ਕੋਲ ਉਮਰ ਤਸਦੀਕ ਕਰਨ ਦੀ ਤਕਨੀਕ ਹੈ, ਉਨ੍ਹਾਂ ਨੂੰ ਇਸਦੀ ਵਰਤੋਂ ਕਰਨੀ ਚਾਹੀਦੀ ਹੈ।"

# ਕੇਵਲ ਸ਼੍ਰੋਮਣੀ ਕਮੇਟੀ ਨਹੀਂ ਸਮੁੱਚੀ ਪੰਥ ਦੀ ਰਾਏ ਨਾਲ ਬਣੇਗਾ ਜਥੇਦਾਰਾਂ ਪ੍ਰਤੀ ਵਿਧੀ ਵਿਧਾਨ: ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ



ਅੰਮ੍ਰਿਤਸਰ: ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਵਿਚ ਇਕ ਅਜਿਹੀ ਸਰਕਾਰ ਅਤੇ ਰਾਜ ਪ੍ਰਬੰਧ ਹੋਵੇ ਜੋ ਪੰਜਾਬ ਦੇ ਸਮੁੱਚੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲ ਸਕੇ, ਸਭ ਦਾ ਮਾਣ ਸਨਮਾਨ ਕਰੇ, ਪੰਜਾਬ ਦੀ ਸ਼ਾਂਤੀ ਅਤੇ ਉੱਨਤੀ ਲਈ ਸੁਖਾਵਾਂ ਮਾਹੌਲ ਦੇਵੇ, ਪੰਜਾਬ ਦਾ ਭਵਿਖ ਰੋਸ਼ਨ ਕਰੇ ਅਤੇ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਸਮਰੱਥਾ ਰੱਖਦੀ ਹੋਵੇ। ਇਸ ਬਾਰੇ 2027 ਦੇ ਆਉਣ ਤੱਕ ਸਭਨਾਂ ਨਾਲ ਡੂੰਘੀ ਸੋਚ ਵਿਚਾਰ ਕਰਕੇ ਅਤੇ ਠੋਸ ਰੂਪ ਰੇਖਾ ਤਿਆਰ ਕਰਕੇ ਸੰਗਤ ਨੂੰ ਜਾਣੂ ਕਰਾਇਆ ਜਾਵੇਗਾ।

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਜਥੇ ਦੇ ਸਿੰਘਾਂ ਨਾਲ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਆਏ ਸਨ, ਨੇ ਪੱਤਰਕਾਰਾਂ ਦੇ ਸਵਾਲਾਂ ਦਾ ਵਿਸਥਾਰ ਪੂਰਵਕ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਣ ਮਰਯਾਦਾ ਅਤੇ ਰੁਤਬੇ ਦੇ ਖਿਲਾਫ ਕੀਤੀ ਗਈ ਟਿੱਪਣੀ ਦਾ ਸੰਗਤਾਂ ਨੇ ਬਹੁਤ ਬੁਰਾ ਮਨਾਇਆ ਹੈ। ਇਹ ਟਿੱਪਣੀ ਉਨ੍ਹਾਂ ਦੇ ਅਹੁਦੇ ਦੇ ਮੁਤਾਬਕ ਬਿਲਕੁਲ ਗੈਰ ਵਾਜਬ ਹੈ ਅਤੇ ਅਸੀਂ ਇਸ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀ ਨਾਲ ਵਿਚਾਰਧਾਰਕ ਵਖਰੇਵੇਂ ਹੋ ਸਕਦੇ ਹਨ ਪਰ ਸ਼੍ਰੋਮਣੀ ਕਮੇਟੀ ਪੰਥ ਦੀ ਸਨਮਾਨਯੋਗ ਧਾਰਮਿਕ ਸੰਸਥਾ ਹੈ, ਜੋ 100 ਸਾਲ ਤੋਂ ਸੇਵਾ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਬਾਰੇ ਨਕਾਰਾਤਮਿਕ ਟਿੱਪਣੀ ਕਰਨ ਤੋਂ ਪਹਿਲਾਂ ਹਰੇਕ ਨੂੰ ਸੌ ਵਾਰ ਸੋਚਣਾ ਅਤੇ ਸਿਆਣਿਆਂ ਤੋਂ ਸਲਾਹ ਲੈਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਧਾਰਮਿਕ ਤੇ ਪ੍ਰਬੰਧਕੀ ਖੇਤਰ ਤੋਂ ਇਲਾਵਾ ਵਿੱਦਿਅਕ, ਮੈਡੀਕਲ ਅਤੇ ਕੁਦਰਤੀ ਆਫ਼ਤਾਂ 'ਤੇ ਲੋਕਾਂ ਦੀ ਬਿਨਾ ਭੇਦਭਾਵ ਸੇਵਾ ਕਰਦੀ ਆਈ ਹੈ।

ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਬੀਤੇ ਦਿਨ ਇਸ ਸੰਬੰਧੀ ਲੰਮੀ ਗੱਲਬਾਤ ਹੋਈ ਹੈ। ਸਿੰਘ ਸਾਹਿਬਾਨ ਦੀ ਨਿਯੁਕਤੀ ਜਾਂ ਸੇਵਾ ਮੁਕਤੀ ਦੇ ਨਿਯਮ ਅਤੇ ਵਿਧੀ ਵਿਧਾਨ ਬਣਾਉਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ, ਜਲਦੀ ਦੇ ਵਿੱਚ ਅਤੇ ਇਕੱਲੀ ਸ਼੍ਰੋਮਣੀ ਕਮੇਟੀ ਦੀ ਰਾਏ ਨਾਲ ਹੀ ਵਿਧੀ ਵਿਧਾਨ ਨਹੀਂ ਬਣਾਇਆ ਜਾ ਸਕਦਾ। ਇਹ ਦੁਨੀਆਂ ਭਰ ਦੇ ਸਿੱਖਾਂ, ਸਿੱਖ ਵਿਦਵਾਨਾਂ, ਸੰਤ ਮਹਾਂਪੁਰਸ਼ਾਂ, ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਸੰਪਰਦਾਵਾਂ ਅਤੇ ਸੰਘਰਸ਼ਸ਼ੀਲ ਸਿੱਖ ਜਥੇਬੰਦੀਆਂ ਦੀ ਸਮੁੱਚੀ ਰਾਏ ਨਾਲ ਇਸ ਮਸਲੇ ਦਾ ਹੱਲ ਕੱਢਿਆ ਜਾ ਸਕਦਾ ਹੈ ਅਤੇ ਇਹ ਕਾਰਜ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਅਸੀਂ ਪਹਿਲਾਂ ਹੀ ਜਥੇਦਾਰਾਂ ਪ੍ਰਤੀ ਵਿਧੀ ਵਿਧਾਨ ਦੀ ਮੰਗ ਕਰ ਚੁੱਕੇ ਹਾਂ। ਜੇਕਰ ਵਿਧੀ ਵਿਧਾਨ ਮੌਜੂਦ ਹੋਣਗੇ ਤਾਂ ਮਸਲੇ ਨਹੀਂ ਉੱਠਣਗੇ। ਇਸ ਲਈ ਪ੍ਰਧਾਨ ਧਾਮੀ ਲੱਗੇ ਹੋਏ ਹਨ।

ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਜਥੇਦਾਰ ਨਿਯੁਕਤ ਕਰਨ ਬਾਰੇ ਚੱਲ ਰਹੀ ਚਰਚਾ ਬਾਰੇ ਸਵਾਲ ਕੀਤੇ ਜਾਣ 'ਤੇ ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਬਹੁਤ ਵੱਡੀ ਕੁਰਬਾਨੀ ਹੈ। ਸਮੁੱਚੀ ਕੌਮ ਵਿੱਚ ਉਹਨਾਂ ਦਾ ਬਹੁਤ ਮਾਣ ਸਤਿਕਾਰ ਹੈ। ਜੇਕਰ ਪੰਥ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਲਗਾਉਂਦਾ ਹੈ ਤਾਂ ਇਸ ਤੋਂ ਵੱਡੀ ਖ਼ੁਸ਼ੀ ਵਾਲੀ ਗੱਲ ਨਹੀਂ ਹੋ ਸਕਦੀ। ਉਹਨਾਂ ਅੱਗੇ ਕਿਹਾ ਕਿ ਜੇਲ੍ਹਾਂ ਵਿੱਚ ਬੈਠੇ ਬੰਦੀ ਸਿੰਘ ਭਾਈ ਜਗਤਾਰ ਸਿੰਘ ਹਵਾਰਾ ਦੀ ਵੀ ਵੱਡੀ ਕੁਰਬਾਨੀ ਹੈ। ਮੈਂ ਉਹਨਾਂ ਨੂੰ ਬਚਪਨ ਤੋਂ ਜਾਣਦਾ ਹਾਂ। ਛੋਟੀ ਉਮਰੇ ਹੀ ਉਹ ਸਿੱਖੀ ਨੂੰ ਪਰਨਾਏ ਹੋਏ ਹਨ। ਉਹਨਾਂ ਦੀ ਧਾਰਮਿਕ ਸੇਵਾਵਾਂ ਵਿੱਚ ਬਹੁਤ ਰੁਚੀ ਰਹੀ ਹੈ। ਉਹਨਾਂ ਬੰਦੀ ਸਿੰਘ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਇੱਕ ਸਿਦਕੀ ਸਿੱਖ ਹਨ। ਕੌਮ ਨਾਲ ਉਹਨਾਂ ਨੇ ਕੋਈ ਗਿਲਾ ਸ਼ਿਕਵਾ ਨਹੀਂ ਕੀਤਾ। ਇਹ ਦ੍ਰਿੜ੍ਹਤਾ ਅਤੇ ਜੇਰਾ ਕੇਵਲ ਕੌਮ ਦੇ ਯੋਧਿਆਂ 'ਚ ਹੀ ਹੋ ਦੇਖਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਭਾਈ ਗੁਰਦੀਪ ਸਿੰਘ ਖਹਿਰਾ ਤੇ ਹੋਰਨਾ ਸਿੰਘਾਂ ਦੀਆਂ ਵੀ ਬਹੁਤ ਵੱਡੀਆਂ ਕੁਰਬਾਨੀਆਂ ਹਨ। ਸਰਕਾਰ ਨੂੰ ਬੰਦੀ ਸਿੰਘਾਂ ਨੂੰ ਜਲਦ ਰਿਹਾ ਕਰਨਾ ਚਾਹੀਦਾ ਹੈ।

# ਐਲੋਨ ਮਸਕ ਨੇ ਰਾਸ਼ਟਰਪਤੀ ਟਰੰਪ ਵਿਰੁੱਧ ਕੀਤੀ ਪੋਸਟ 'ਤੇ ਜਤਾਇਆ ਅਫ਼ਸੋਸ



ਅਰਬਪਤੀ ਐਲੋਨ ਮਸਕ ਨੇ ਬੁੱਧਵਾਰ ਨੂੰ ਪਿਛਲੇ ਹਫ਼ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ ਆਪਣੀਆਂ ਕੁਝ ਸੋਸ਼ਲ ਮੀਡੀਆ ਪੋਸਟਾਂ 'ਤੇ ਅਫ਼ਸੋਸ ਪ੍ਰਗਟ ਕੀਤਾ। ਟੇਸਲਾ ਦੇ ਸੀਈਓ ਨੇ ਇਹ ਵੀ ਕਿਹਾ ਕਿ ਉਸਨੇ ਆਪਣੀ ਪੋਸਟ ਵਿੱਚ 'ਬਹੁਤ ਜ਼ਿਆਦਾ ਕਿਹਾ'। ਮਸਕ ਨੇ ਐਕਸ 'ਤੇ ਲਿਖਿਆ, ''ਮੈਨੂੰ ਪਿਛਲੇ ਹਫ਼ਤੇ ਰਾਸ਼ਟਰਪਤੀ ਡੋਨਾਲਡ ਟਰੰਪ ਬਾਰੇ ਆਪਣੀਆਂ ਕੁਝ ਪੋਸਟਾਂ 'ਤੇ ਅਫ਼ਸੋਸ ਹੈ। ਇਹ ਬਹੁਤ ਜ਼ਿਆਦਾ ਸੀ।'' ਦਰਅਸਲ, ਦੋਵਾਂ ਵਿਚਕਾਰ ਸ਼ਬਦੀ ਜੰਗ ਪਿਛਲੇ ਹਫ਼ਤੇ ਉਦੋਂ ਸ਼ੁਰੂ ਹੋਈ, ਜਦੋਂ ਐਲੋਨ ਮਸਕ ਨੇ ਟਰੰਪ ਦੇ ਟੈਕਸ ਅਤੇ ਖ਼ਰਚ ਬਿੱਲ 'ਵਨ ਬਿਗ ਬਿਊਟੀਫੁੱਲ ਬਿੱਲ' ਨੂੰ 'ਘਿਣਾਉਣੀ ਬਰਬਾਦੀ' ਕਿਹਾ। ਇਹ ਬਿੱਲ ਅਮਰੀਕਾ ਦੇ ਕਰਜ਼ੇ ਨੂੰ ਲਗਭਗ 3 ਟ੍ਰਿਲੀਅਨ ਡਾਲਰ ਤੱਕ ਵਧਾਉਣ ਦੀ ਧਮਕੀ ਦਿੰਦਾ ਹੈ। ਮਸਕ ਨੇ ਬਿੱਲ ਦੀ ਆਲੋਚਨਾ ਕੀਤੀ ਅਤੇ ਕਿਹਾ, ''ਇਹ ਅਮਰੀਕਾ ਦੇ ਨਾਗਰਿਕਾਂ 'ਤੇ ਅਸਹਿ ਕਰਜ਼ੇ ਦਾ ਬੋਝ ਪਾਵੇਗਾ।'' ਹਾਲਾਂਕਿ ਐਲੋਨ ਮਸਕ ਨੇ ਕੁਝ ਤਿੱਖੇ ਟਵੀਟ ਹਟਾ ਦਿੱਤੇ, ਟਰੰਪ ਨੇ ਕੋਈ ਨਰਮੀ ਨਹੀਂ ਦਿਖਾਈ। ਉਸਨੇ ਚੇਤਾਵਨੀ ਦਿੱਤੀ ਕਿ ਜੇਕਰ ਮਸਕ 2026 ਦੀਆਂ ਮੱਧ-ਮਿਆਦੀ ਚੋਣਾਂ ਵਿੱਚ ਡੈਮੋਕਰੇਟਸ ਦਾ ਸਮਰਥਨ ਕਰਦਾ ਹੈ, ਤਾਂ ਇਸਦੇ 'ਬਹੁਤ ਗੰਭੀਰ ਨਤੀਜੇ' ਹੋਣਗੇ।

ਮਸਕ ਨੇ 2024 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਟਰੰਪ ਦੀ ਮੁਹਿੰਮ ਵਿੱਚ ਲਗਭਗ 288 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਸੀ। ਉਸਨੇ ਕਈ ਚੋਣ ਰੈਲੀਆਂ ਵਿੱਚ ਹਿੱਸਾ ਲਿਆ ਅਤੇ ਸਰਕਾਰੀ ਖ਼ਰਚਿਆਂ ਵਿੱਚ ਕਟੌਤੀ ਕਰਨ ਲਈ ਟਰੰਪ ਦੁਆਰਾ ਬਣਾਏ ਗਏ ਇੱਕ ਨਵੇਂ ਵਿਭਾਗ ਦੇ ਮੁਖੀ ਦਾ ਅਹੁਦਾ ਵੀ ਦਿੱਤਾ ਗਿਆ। ਹਾਲਾਂਕਿ, ਉਸਨੇ ਇਸ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਫਿਰ ਖੁੱਲ੍ਹ ਕੇ ਟਰੰਪ ਦੇ ਵਿਰੁੱਧ ਆ ਗਿਆ। ਡੋਨਾਲਡ ਟਰੰਪ ਨੇ ਵੀ ਜਵਾਬੀ ਕਾਰਵਾਈ ਕਰਦਿਆਂ ਕਿਹਾ ਕਿ ''ਐਲੋਨ ਦਾ ਮਨੋਬਲ ਡਿੱਗ ਰਿਹਾ ਸੀ, ਮੈਂ ਉਸਨੂੰ ਜਾਣ ਲਈ ਕਿਹਾ ਅਤੇ ਉਹ ਪਾਗਲ ਹੋ ਗਿਆ!'' ਹਾਲਾਂਕਿ, ਹੁਣ ਮਸਕ ਨੇ ਟਰੰਪ ਤੋਂ ਮੁਆਫ਼ੀ ਮੰਗ ਲਈ ਹੈ, ਜਿਸ ਤੋਂ ਲੱਗਦਾ ਹੈ ਕਿ ਮਸਕ ਇਸ ਲੜਾਈ ਨੂੰ ਵਧਾਉਣ ਦੇ ਮੂਡ ਵਿੱਚ ਨਹੀਂ ਹੈ। ਕਿਉਂਕਿ ਉਸਨੇ ਨਾ ਸਿਰਫ ਟਰੰਪ ਦੀ ਆਲੋਚਨਾ ਕੀਤੀ, ਸਗੋਂ ਟਵਿੱਟਰ 'ਤੇ ਉਸਦੇ ਮਹਾਂਦੋਸ਼ ਦੀ ਮੰਗ ਵੀ ਕਰ ਦਿਤੀ ਸੀ।

# ਅਮਰੀਕਾ 'ਚ ਭਾਰਤੀ ਵਿਦਿਆਰਥੀ ਨੂੰ ਹੱਥਕੜੀਆਂ ਲਗਾ ਕੇ ਕੀਤਾ ਡਿਪੋਰਟ



ਨਿਊਯਾਰਕ: ਅਮਰੀਕਾ ਦੇ ਨੇਵਾਰਕ ਲਿਬਰਟੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਭਾਰਤੀ ਵਿਦਿਆਰਥੀ ਨੂੰ ਹੱਥਕੜੀ ਲਗਾ ਕੇ ਡਿਪੋਰਟ ਕੀਤੇ ਜਾਣ ਦਾ ਵੀਡੀਓ ਸਾਹਮਣੇ ਆਈ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਵਿਦਿਆਰਥੀ ਨੂੰ ਜ਼ਮੀਨ 'ਤੇ ਪਿਆ ਹੋਇਆ ਦਿਖਾਇਆ ਗਿਆ ਹੈ ਜਦੋਂ ਕਿ ਘੱਟੋ-ਘੱਟ ਚਾਰ ਅਧਿਕਾਰੀ ਉਸਨੂੰ ਫੜ ਕੇ ਰੱਖਦੇ ਹਨ, ਜਿਨ੍ਹਾਂ ਵਿੱਚੋਂ ਦੋ ਦੇ ਗੋਡੇ ਉਸਦੀ ਪਿੱਠ 'ਤੇ ਹਨ। ਉਨ੍ਹਾਂ ਨੇ ਵਿਦਿਆਰਥੀ ਦੀਆਂ ਲੱਤਾਂ ਅਤੇ ਹੱਥ ਬੰਨ੍ਹ ਦਿੱਤੇ ਸਨ। ਵੀਡੀਓ ਵਿੱਚ ਵਿਦਿਆਰਥੀ ਨੂੰ ਰੋਂਦੇ ਹੋਏ ਦੇਖਿਆ ਜਾ ਸਕਦਾ ਹੈ। ਚਸ਼ਮਦੀਦ ਗਵਾਹ ਦੁਆਰਾ ਰਿਕਾਰਡ ਕੀਤੀ ਗਈ ਇੱਕ ਵੀਡੀਓ ਵਿੱਚ ਪੁਲਿਸ ਅਧਿਕਾਰੀ ਭਾਰਤੀ ਵਿਦਿਆਰਥੀ ਨਾਲ ਇੱਕ ਅਪਰਾਧੀ ਵਾਂਗ ਵਿਵਹਾਰ ਕਰਦੇ ਦਿਖਾਈ ਦੇ ਰਹੇ ਹਨ।

ਪੁਲਿਸ ਅਧਿਕਾਰੀ ਕਹਿ ਰਹੇ ਸਨ ਕਿ ਉਨ੍ਹਾਂ ਨੂੰ ਹਿੰਦੀ ਸਮਝ ਨਹੀਂ ਆਉਂਦੀ। ਉਹ ਹਰਿਆਣਵੀ ਭਾਸ਼ਾ ਵਿੱਚ ਬੋਲ ਰਿਹਾ ਸੀ। ਚਸ਼ਮਦੀਦ ਗਵਾਹ ਨੇ ਸੋਚਿਆ ਕਿ ਸ਼ਾਇਦ ਉਹ ਉਸਦੀ ਮਦਦ ਕਰ ਸਕਦਾ ਹੈ। ਉਹ ਉੱਥੇ ਗਿਆ ਅਤੇ ਇੱਕ ਪੁਲਿਸ ਅਧਿਕਾਰੀ ਨੂੰ ਪੁੱਛਿਆ ਕਿ ਕੀ ਉਹ ਉਸਨੂੰ ਇਹ ਸਮਝਣ ਵਿੱਚ ਮਦਦ ਕਰ ਸਕਦਾ ਹਾਂ ਕਿ ਉਹ ਕੀ ਕਹਿ ਰਿਹਾ ਹੈ। ਪਰ ਉਨ੍ਹਾਂ ਨੇ ਚਸ਼ਮਦੀਦ ਗਵਾਹ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਭਾਰਤੀ ਕੌਂਸਲੇਟ ਜਨਰਲ ਨੇ ਸੋਮਵਾਰ ਨੂੰ ਕਿਹਾ ਕਿ ਇੱਕ ਭਾਰਤੀ ਵਿਅਕਤੀ ਨੂੰ ਹੱਥਕੜੀ ਲਗਾ ਕੇ ਦੇਸ਼ ਨਿਕਾਲਾ ਦਿੱਤੇ ਜਾਣ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਉਹ ਸਥਾਨਕ ਅਧਿਕਾਰੀਆਂ ਦੇ ਸੰਪਰਕ ਵਿੱਚ ਹਨ। ਭਾਰਤੀ ਦੂਤਾਵਾਸ ਨੇ ਸੋਮਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਸਾਂਝਾ ਕਰਦੇ ਹੋਏ ਕਿਹਾ ਸਾਨੂੰ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਜਾਣਕਾਰੀ ਮਿਲੀ ਹੈ ਕਿ ਇੱਕ ਭਾਰਤੀ ਨਾਗਰਿਕ ਨੂੰ ਨੇਵਾਰਕ ਲਿਬਰਟੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਸੀਂ ਇਸ ਮਾਮਲੇ ਵਿੱਚ ਸਥਾਨਿਕ ਅਧਿਕਾਰੀਆਂ ਦੇ ਸੰਪਰਕ ਵਿੱਚ ਹਾਂ। ਦੂਤਾਵਾਸ ਨੇ ਇਹ ਵੀ ਕਿਹਾ ਕਿ ਉਹ ਭਾਰਤੀ ਨਾਗਰਿਕਾਂ ਦੀ ਭਲਾਈ ਲਈ "ਹਮੇਸ਼ਾ ਵਚਨਬੱਧ" ਹੈ।

# ਫਾਸਟ ਟਰੈਕ ਪੋਰਟਲ ਪੰਜਾਬ 'ਚ ਉਦਯੋਗਿਕ ਕ੍ਰਾਂਤੀ ਲਿਆਏਗਾ

## ਹੁਣ 'ਕਾਰੋਬਾਰ ਕਰਨ 'ਚ ਸੌਖ' ਕੋਈ ਵਾਅਦਾ ਨਹੀਂ, ਸਗੋਂ ਗਰੰਟੀ: ਅਰਵਿੰਦ ਕੇਜਰੀਵਾਲ




ਮੋਹਾਲੀ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਨੂੰ ਦੇਸ਼ ਦੇ ਉਦਯੋਗਿਕ ਹੱਬ ਵਜੋਂ ਉਭਾਰਨ ਵਾਸਤੇ ਉਦਯੋਗਪਤੀਆਂ ਨੂੰ ਫਾਸਟਟ੍ਰੈਕ ਪੋਰਟਲ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ। ਇੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਫਾਸਟਟ੍ਰੈਕ ਪੰਜਾਬ ਪੋਰਟਲ ਨਿਵੇਸ਼ਕਾਂ ਨੂੰ ਅਰਜ਼ੀ ਦੇਣ ਦੇ 45 ਦਿਨਾਂ ਦੇ ਅੰਦਰ-ਅੰਦਰ ਸਾਰੀਆਂ ਪ੍ਰਵਾਨਗੀਆਂ ਦੇਣਾ ਯਕੀਨੀ ਬਣਾਏਗਾ ਅਤੇ ਇਹ ਉਦਯੋਗਿਕ ਮਾਡਲ ਸ਼ਾਸਨ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਦੁਹਰਾਇਆ ਕਿ ਇਹ ਸੁਧਾਰਾਂ ਦੀ ਲੜੀ ਵਿੱਚ ਇੱਕ ਨਵੀਂ ਲਹਿਰ ਦੀ ਸ਼ੁਰੂਆਤ ਹਨ, ਜਿੱਥੇ ਕਾਰੋਬਾਰ ਕਰਨ ਲਈ ਸੁਖਾਵਾਂ ਮਾਹੌਲ ਇੱਕ ਨਾਅਰਾ ਨਾ ਰਹਿ ਕੇ ਇੱਥੋਂ ਦਾ ਸੱਭਿਆਚਾਰ ਬਣ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਹਮੇਸ਼ਾ ਹਿੰਮਤੀਆਂ ਅਤੇ ਉੱਦਮੀਆਂ ਦੀ ਧਰਤੀ ਰਿਹਾ ਹੈ ਅਤੇ ਹੁਣ ਇਹ ਉਸੇ ਭਾਵਨਾ ਨਾਲ ਭਾਰਤ ਦੇ ਉਦਯੋਗਿਕ ਪੁਨਰ-ਉਥਾਨ ਦੀ ਅਗਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਸੂਬਾ ਸਰਕਾਰ ਨੇ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਉਦਯੋਗਪਤੀਆਂ ਨੂੰ ਏ.ਟੀ.ਐਮ. ਮੰਨਿਆ ਜਾਂਦਾ ਸੀ, ਜੋ ਸਿਰਫ਼ ਚੋਣਾਂ ਦੌਰਾਨ ਫੰਡ ਦਿੰਦੇ ਸਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਉਦਯੋਗਪਤੀ ਸਿਰਫ਼ ਆਪਣੇ ਕੰਮ ਕਰਵਾਉਣ ਦੇ ਅਧਿਕਾਰ ਲਈ ਰਵਾਇਤੀ ਪਾਰਟੀਆਂ ਨੂੰ ਫੰਡ ਦਿੰਦੇ ਸਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਉਦਯੋਗਪਤੀਆਂ ਦੀ ਸਹੂਲਤ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਵਿਲੱਖਣ ਕਲਰ ਕੋਡ ਵਾਲੇ ਸਟੈਂਪ ਪੇਪਰ ਸ਼ੁਰੂ ਕੀਤੇ ਹਨ ਤਾਂ ਜੋ ਸੂਬੇ ਵਿੱਚ ਆਪਣੇ ਯੂਨਿਟ ਸਥਾਪਤ ਕਰਨ ਲਈ ਉੱਦਮੀਆਂ ਨੂੰ ਵਿਸ਼ੇਸ਼ ਸਹੂਲਤ ਦਿੱਤੀ ਜਾ ਸਕੇ, ਜਿਸ ਨਾਲ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਨਕਲਾਬੀ ਕਦਮ ਦਾ ਉਦੇਸ਼ ਸੂਬੇ ਵਿੱਚ ਆਪਣੀਆਂ ਯੂਨਿਟਾਂ ਸਥਾਪਤ ਕਰਨ ਦੇ ਚਾਹਵਾਨ ਉੱਦਮੀਆਂ ਲਈ ਕਾਰੋਬਾਰ ਕਰਨ ਦੀ ਸੌਖ ਨੂੰ ਉਤਸ਼ਾਹਿਤ ਕਰਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਉਦਯੋਗਪਤੀ ਜੋ ਸੂਬੇ ਵਿੱਚ ਆਪਣੀ ਉਦਯੋਗਿਕ ਇਕਾਈ ਸਥਾਪਤ ਕਰਨ ਦਾ ਇੱਛੁਕ ਹੈ, ਉਹ 'ਇਨਵੈਸਟ ਪੰਜਾਬ' ਪੋਰਟਲ ਤੋਂ ਇਹ ਵਿਲੱਖਣ ਕਲਰ ਕੋਡ ਵਾਲਾ ਸਟੈਂਪ ਪੇਪਰ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਆਪਣੀ ਇਕਾਈ ਸਥਾਪਤ ਕਰਨ ਲਈ ਸੀ.ਐਲ.ਯੂ., ਜੰਗਲਾਤ, ਪ੍ਰਦੂਸ਼ਣ, ਫਾਇਰ ਬ੍ਰਿਗੇਡ ਅਤੇ ਹੋਰ ਪ੍ਰਵਾਨਗੀਆਂ ਪ੍ਰਾਪਤ ਕਰਨ ਵਾਸਤੇ ਸਿਰਫ਼ ਇਹ ਸਿੰਗਲ ਸਟੈਂਪ ਪੇਪਰ ਖਰੀਦ ਕੇ ਲੋੜੀਂਦੀਆਂ ਵੱਖ-ਵੱਖ ਫ਼ੀਸਾਂ ਦਾ ਭੁਗਤਾਨ ਕਰ ਸਕਣਗੇ।

ਭਗਵੰਤ ਮਾਨ ਨੇ ਕਿਹਾ ਕਿ ਸਟੈਂਪ ਪੇਪਰ ਖਰੀਦਣ ਤੋਂ ਬਾਅਦ ਉਦਯੋਗਪਤੀ ਨੂੰ ਆਪਣੀ ਇਕਾਈ ਸਥਾਪਤ ਕਰਨ ਲਈ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਵਿਭਾਗਾਂ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਮਿਲ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਇਸ ਦੇ ਨਾਲ ਹੀ ਦੇਸ਼ ਦੇ ਕਈ ਹੋਰ ਸੂਬੇ ਵੀ ਇਸੇ ਰਣਨੀਤੀ ਨੂੰ ਅਪਣਾਉਣ ਵਿੱਚ ਦਿਲਚਸਪੀ ਦਿਖਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਪਤੀਆਂ ਦੀ ਲੋੜ ਅਨੁਸਾਰ ਅਤੇ ਉਨ੍ਹਾਂ ਦੀ ਸਹੂਲਤ ਲਈ ਉਦਯੋਗਾਂ ਲਈ ਨੀਤੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਉਦਯੋਗਾਂ ਨੇ ਸੂਬਾ ਸਰਕਾਰ ਤੋਂ ਜੋ ਵੀ ਮੰਗ ਕੀਤੀ ਹੈ, ਉਹ ਉਦਯੋਗਾਂ ਦੀ ਸਹੂਲਤ ਲਈ ਜਲਦੀ ਤੋਂ ਜਲਦੀ ਪ੍ਰਦਾਨ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣ ਲਈ ਸਮੇਂ ਦੀ ਲੋੜ ਵੀ ਹੈ ਅਤੇ ਇਸ ਦਾ ਉਦੇਸ਼ ਪੰਜਾਬ ਨੂੰ ਇੱਕ ਉਦਯੋਗਿਕ ਹੱਬ ਬਣਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਇੱਕ ਅਜਿਹੀ ਪ੍ਰਣਾਲੀ ਵਿਰਾਸਤ ਵਿੱਚ ਮਿਲੀ ਸੀ, ਜਿਸ ਤਹਿਤ ਉਦਯੋਗ ਸੂਬੇ ਤੋਂ ਦੂਜੇ ਸੂਬਿਆਂ ਨੂੰ ਭੱਜ ਰਹੇ ਸਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਚੱਲ ਰਹੀ ਜਬਰੀ ਵਸੂਲੀ ਪ੍ਰਣਾਲੀ ਤੋਂ ਉਦਯੋਗ ਤੰਗ ਆ ਚੁੱਕੇ ਸਨ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਉਦਯੋਗਪਤੀਆਂ ਨੂੰ ਉਦਯੋਗ-ਪੱਖੀ ਮਾਹੌਲ ਦੇ ਨਾਲ-ਨਾਲ ਚੰਗੀ ਕਾਨੂੰਨ ਵਿਵਸਥਾ ਦੀ ਸਥਿਤੀ ਪ੍ਰਦਾਨ ਕਰ ਕੇ ਉਨ੍ਹਾਂ ਦਾ ਵਿਸ਼ਵਾਸ ਬਹਾਲ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਦੇਸ਼ ਦੀ ਸਭ ਤੋਂ ਵਧੀਆ ਕਾਨੂੰਨ ਵਿਵਸਥਾ ਹੈ, ਜਿਸ ਕਾਰਨ ਵੱਡੇ ਪੱਧਰ 'ਤੇ ਉਦਯੋਗ ਸੂਬੇ ਵਿੱਚ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਉਸ ਸਥਿਤੀ ਦੇ ਉਲਟ ਹੈ, ਜਦੋਂ ਪਿਛਲੀਆਂ ਸਰਕਾਰਾਂ ਦੌਰਾਨ ਆਗੂ ਉੱਦਮਾਂ ਵਿੱਚ ਹਿੱਸੇਦਾਰੀ ਦੀ ਮੰਗ ਕਰਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਸੱਤਾ ਵਿੱਚ ਬੈਠੇ ਸਿਆਸੀ ਪਰਿਵਾਰਾਂ ਨਾਲ ਸਮਝੌਤਿਆਂ 'ਤੇ ਦਸਤਖਤ ਕੀਤੇ ਜਾਂਦੇ ਸਨ ਪਰ ਹੁਣ ਇਹ ਸਮਝੌਤੇ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਕੀਤੇ ਜਾਂਦੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਵੀ ਸੂਬੇ ਵਿੱਚ ਅਜਿਹੇ ਸੰਮੇਲਨ ਹੁੰਦੇ ਰਹੇ ਹਨ ਪਰ ਪੰਜਾਬ ਨੂੰ ਕਦੇ ਵੀ ਇਸ ਦਾ ਲਾਭ ਨਹੀਂ ਮਿਲਿਆ ਕਿਉਂਕਿ ਆਗੂ ਆਪਣੇ ਨਿੱਜੀ ਹਿੱਤਾਂ ਲਈ ਦਿਲਚਸਪੀ ਰੱਖਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦੀ ਸੋਚ ਇੰਨੀ ਮਾੜੀ ਸੀ ਕਿ ਇੱਥੇ ਲਗਾਏ ਗਏ ਸਜਾਵਟੀ ਰੁੱਖਾਂ ਨੂੰ ਉਦਯੋਗਪਤੀਆਂ ਦੇ ਸਵਾਗਤ ਲਈ ਉਹ ਉਖਾੜ ਕੇ ਪਿੰਡ ਬਾਦਲ ਲੈ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਕਦੇ ਵੀ ਸਮਾਜ ਦੇ ਕਿਸੇ ਵੀ ਵਰਗ ਦੀ ਭਲਾਈ ਦੀ ਪਰਵਾਹ ਨਹੀਂ ਸੀ, ਸਗੋਂ ਉਨ੍ਹਾਂ ਨੇ ਆਪਣੇ ਹਿੱਤਾਂ ਨੂੰ ਤਰਜੀਹ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਪਤੀਆਂ ਦੀ ਸਹੂਲਤ ਲਈ ਸਿੰਗਲ ਵਿੰਡੋ ਅਤੇ ਸਿੰਗਲ ਪੈੱਨ ਸਿਸਟਮ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਉਹ ਖੁੱਲ੍ਹ ਕੇ ਕੰਮ ਕਰ ਸਕਣ। ਉਨ੍ਹਾਂ ਕਿਹਾ ਕਿ ਇੱਥੇ ਕੰਮ ਕਰਨ ਵਾਲੇ ਉਦਯੋਗਪਤੀ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਦੇ ਹਨ, ਜਿਸ ਨਾਲ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲਦਾ ਹੈ।

# ਵਪਾਰਕ ਵਿਵਾਦਾਂ ਨੂੰ ਸੁਲਝਾਉਣ ਲਈ ਸਹਿਮਤ ਹੋਏ ਅਮਰੀਕਾ ਤੇ ਚੀਨ

## ਲੰਡਨ 'ਚ ਦੋ ਦਿਨਾਂ ਦੀ ਗੱਲਬਾਤ ਤੋਂ ਬਾਅਦ ਹੋਇਆ ਸਮਝੌਤਾ



ਸੰਯੁਕਤ ਰਾਜ ਅਮਰੀਕਾ ਅਤੇ ਚੀਨ ਦੇ ਸੀਨੀਅਰ ਵਾਰਤਾਕਾਰਾਂ ਨੇ ਆਪਣੀਆਂ ਵਪਾਰਕ ਗੱਲਬਾਤਾਂ ਨੂੰ ਮੁੜ ਪਟੜੀ 'ਤੇ ਲਿਆਉਣ ਲਈ ਇੱਕ ਢਾਂਚੇ 'ਤੇ ਸਿਧਾਂਤਕ ਤੌਰ 'ਤੇ ਇੱਕ ਸਮਝੌਤੇ ਦਾ ਐਲਾਨ ਕੀਤਾ ਹੈ। ਇਹ ਐਲਾਨ ਬ੍ਰਿਟਿਸ਼ ਰਾਜਧਾਨੀ ਲੰਡਨ ਵਿੱਚ ਦੋ ਦਿਨਾਂ ਗੱਲਬਾਤ ਦੇ ਅੰਤ 'ਤੇ ਆਇਆ। ਗੱਲਬਾਤ ਮੰਗਲਵਾਰ ਦੇਰ ਰਾਤ ਖ਼ਤਮ ਹੋਈ। ਦੋ ਦਿਨ ਤਕ ਚੱਲੀਆਂ ਮੀਟਿੰਗਾਂ ਖਣਿਜ ਅਤੇ ਤਕਨਾਲੋਜੀ ਨਿਰਯਾਤ 'ਤੇ ਵਿਵਾਦਾਂ ਨੂੰ ਹੱਲ ਕਰਨ ਦਾ ਰਸਤਾ ਲੱਭਣ 'ਤੇ ਕੇਂਦ੍ਰਿਤ ਸਨ ਜਿਸਨੇ ਪਿਛਲੇ ਮਹੀਨੇ ਜੇਨੇਵਾ ਵਿੱਚ ਹੋਏ ਵਪਾਰ 'ਤੇ ਨਾਜ਼ੁਕ ਸਮਝੌਤੇ ਨੂੰ ਹਿਲਾ ਦਿੱਤਾ ਸੀ। ਫ਼ਿਲਹਾਲ ਇਹ ਸਪੱਸ਼ਟ ਨਹੀਂ ਹੈ ਕਿ ਕੀ ਚੀਨ ਦੇ ਸੰਯੁਕਤ ਰਾਜ ਅਮਰੀਕਾ ਨਾਲ ਵੱਡੇ ਵਪਾਰ ਸਰਪਲੱਸ 'ਤੇ ਹੋਰ ਬੁਨਿਆਦੀ ਅੰਤਰਾਂ 'ਤੇ ਕੋਈ ਪ੍ਰਗਤੀ ਹੋਈ ਹੈ ਜਾ ਨਹੀਂ। ਅਮਰੀਕੀ ਵਣਜ ਸਕੱਤਰ ਹਾਵਰਡ ਲੂਟਨਿਕ ਨੇ ਮੀਟਿੰਗਾਂ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ, ''ਪਹਿਲਾਂ ਸਾਨੂੰ ਨਕਾਰਾਤਮਕਤਾ ਨੂੰ ਦੂਰ ਕਰਨਾ ਪਿਆ ਅਤੇ ਹੁਣ ਅਸੀਂ ਅੱਗੇ ਵਧ ਸਕਦੇ ਹਾਂ।'' ਇਹ ਗੱਲਬਾਤ ਪਿਛਲੇ ਹਫ਼ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਫ਼ੋਨ 'ਤੇ ਹੋਈ ਗੱਲਬਾਤ ਤੋਂ ਬਾਅਦ ਹੋਈ। ਚੀਨ ਦੀ ਸਰਕਾਰੀ ਸਮਾਚਾਰ ਏਜੰਸੀ ਸ਼ਿਨਹੂਆ ਦੇ ਅਨੁਸਾਰ, ਵਣਜ ਉਪ ਮੰਤਰੀ ਅਤੇ ਚੀਨ ਦੇ ਅੰਤਰਰਾਸ਼ਟਰੀ ਵਪਾਰ ਪ੍ਰਤੀਨਿਧੀ ਲੀ ਚੇਂਗਗਾਂਗ ਨੇ ਕਿਹਾ ਕਿ ਦੋਵੇਂ ਧਿਰਾਂ ਫ਼ੋਨ ਗੱਲਬਾਤ ਅਤੇ ਜਿਨੇਵਾ ਵਿੱਚ ਗੱਲਬਾਤ ਦੌਰਾਨ ਹੋਈ ਸਹਿਮਤੀ ਨੂੰ ਲਾਗੂ ਕਰਨ ਲਈ ਇੱਕ ਰਣਨੀਤੀ 'ਤੇ ਸਿਧਾਂਤਕ ਤੌਰ 'ਤੇ ਸਹਿਮਤ ਹੋ ਗਈਆਂ ਹਨ। ਅਗਲੇ ਦੌਰ ਦੀ ਗੱਲਬਾਤ ਲਈ ਸੰਭਾਵਿਤ ਸਮਾਂ-ਸਾਰਣੀ ਸਮੇਤ ਹੋਰ ਵੇਰਵੇ ਤੁਰੰਤ ਉਪਲਬਧ ਨਹੀਂ ਸਨ।

# ਅਮਰੀਕਾ : 20 ਲੱਖ ਡਾਲਰ ਦੇ ਕਾਲ ਸੈਂਟਰ ਧੋਖਾਧੜੀ ਮਾਮਲੇ 'ਚ ਭਾਰਤੀ ਮੂਲ ਦੇ ਵਿਅਕਤੀ ਨੂੰ ਸਜ਼ਾ



ਨਿਊਯਾਰਕ : ਵਿਦੇਸ਼ਾਂ ਵਿੱਚ ਕਾਲ ਸੈਂਟਰਾਂ ਦੀ ਵਰਤੋਂ ਕਰਕੇ ਸੀਨੀਅਰ ਨਾਗਰਿਕਾਂ ਨਾਲ ਧੋਖਾਧੜੀ ਕਰਨ ਲਈ ਲਗਭਗ 2 ਮਿਲੀਅਨ ਡਾਲਰ ਦੀ ਯੋਜਨਾ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਭਾਰਤੀ ਮੂਲ ਦੇ ਵਿਅਕਤੀ ਨੂੰ ਛੇ ਸਾਲ ਤੋਂ ਵੱਧ ਕੈਦ ਦੀ ਸਜ਼ਾ ਸੁਣਾਈ ਗਈ। ਬੀਤੇ ਦਿਨ ਬੁੱਧਵਾਰ ਨੂੰ ਉਸਨੂੰ 75 ਮਹੀਨਿਆਂ ਦੀ ਸਜ਼ਾ ਸੁਣਾਉਂਦੇ ਹੋਏ ਫੈਡਰਲ ਜੱਜ ਵਿਲੀਅਮ ਜੰਗ ਨੇ ਪ੍ਰਣਵ ਪਟੇਲ ਨੂੰ ਫਲੋਰੀਡਾ ਅਤੇ ਹੋਰ ਥਾਵਾਂ 'ਤੇ ਬਜ਼ੁਰਗਾਂ ਤੋਂ ਇਕੱਠੇ ਕੀਤੇ ਗਏ 1.79 ਮਿਲੀਅਨ ਡਾਲਰ ਜ਼ਬਤ ਕਰਨ ਦਾ ਵੀ ਹੁਕਮ ਦਿੱਤਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪਟੇਲ "ਮਨੀ ਮਿਊਲ" ਵਜੋਂ ਕੰਮ ਕਰਦਾ ਸੀ ਜਿਸ 'ਚ ਪੀੜਤਾਂ ਤੋਂ ਪੈਸੇ ਜਾਂ ਸੋਨਾ ਇਕੱਠਾ ਕਰਨਾ ਸ਼ਾਮਲ ਸੀ। ਦਸੰਬਰ ਵਿੱਚ ਉਸਨੂੰ ਮਨੀ ਲਾਂਡਰਿੰਗ ਦਾ ਦੋਸ਼ੀ ਠਹਿਰਾਇਆ ਗਿਆ, ਜਿਸ ਦੀ ਉਸ ਨੇ ਗੱਲ ਕਬੂਲ ਕੀਤੀ ਸੀ। ਫਲੋਰੀਡਾ ਦੇ ਟੈਂਪਾ ਵਿੱਚ ਸੰਘੀ ਅਦਾਲਤ ਵਿੱਚ ਸਜ਼ਾ ਸੁਣਾਏ ਜਾਣ ਤੋਂ ਬਾਅਦ ਸੀਕ੍ਰੇਟ ਸਰਵਿਸ ਸਪੈਸ਼ਲ ਏਜੰਟ ਰੌਬਰਟ ਏਂਗਲ ਨੇ ਕਿਹਾ, "ਕਮਜ਼ੋਰ, ਬਜ਼ੁਰਗ ਪੀੜਤਾਂ ਨੂੰ ਉਨ੍ਹਾਂ ਦੀ ਮਿਹਨਤ ਦੀ ਕਮਾਈ ਲੁੱਟਣ ਲਈ ਸ਼ਿਕਾਰ ਬਣਾਉਣਾ ਘਿਣਾਉਣਾ ਹੈ।" ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਬਚਾਓ ਪੱਖ ਦੇ ਸਹਿ-ਸਾਜ਼ਿਸ਼ਕਰਤਾਵਾਂ ਨੇ ਪੀੜਤਾਂ ਨਾਲ ਲਗਭਗ 2 ਮਿਲੀਅਨ ਡਾਲਰ ਦੀ ਧੋਖਾਧੜੀ ਕਰਨ ਲਈ ਆਪਣੇ ਆਪ ਨੂੰ ਸਰਕਾਰੀ ਏਜੰਟ ਵਜੋਂ ਪੇਸ਼ ਕੀਤਾ, ਜੇਕਰ ਉਹ ਉਨ੍ਹਾਂ ਦੀਆਂ ਮੰਗਾਂ ਦੀ ਪਾਲਣਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਧਮਕੀਆ ਦਿੱਤੀਆਂ।







ਪੰਜਾਬ ਸਟਾਰ
www.punjabstar.com

# ਕਰਨਲ ਬਾਠ ਦੇ ਪਰਿਵਾਰ ਨੇ ਪੰਜਾਬ ਦੇ ਰਾਜਪਾਲ ਨਾਲ ਕੀਤੀ ਮੁਲਾਕਾਤ, ਇਨਸਾਫ਼ ਦੀ ਕੀਤੀ ਮੰਗ



ਕਰਨਲ ਬਾਠ ਦਾ ਪਰਿਵਾਰ ਅੱਜ ਇੱਕ ਵਾਰ ਫਿਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਣ ਪਹੁੰਚਿਆ ਜਿੱਥੇ ਉਨ੍ਹਾਂ ਨੇ ਇੱਕ ਮੰਗ ਪੱਤਰ ਦਿੱਤਾ ਜਿਸ ਵਿੱਚ ਮੰਗ ਕੀਤੀ ਗਈ ਕਿ ਦੋਸ਼ੀ ਪੰਜਾਬ ਪੁਲਿਸ ਇੰਸਪੈਕਟਰ ਅਤੇ ਸੀਨੀਅਰ ਪੁਲਿਸ ਅਧਿਕਾਰੀ ਮਾਮਲੇ ਵਿੱਚ ਦੋਸ਼ੀ ਲੋਕਾਂ ਦੀ ਮਦਦ ਕਰ ਰਹੇ ਹਨ, ਜਿਸ ਵਿੱਚ ਪਰਿਵਾਰ ਨੇ ਕਿਤੇ ਨਾ ਕਿਤੇ ਚੰਡੀਗੜ੍ਹ ਪੁਲਿਸ ਦੀ ਜਾਂਚ 'ਤੇ ਸਹਿਮਤੀ ਜਤਾਈ ਹੈ, ਜਿਸ ਵਿੱਚ ਕਰਨਲ ਬਾਠ ਦੀ ਪਤਨੀ ਜਸਵਿੰਦਰ ਕੌਰ ਨੇ ਦੱਸਿਆ ਕਿ ਇੱਕ ਹਫ਼ਤੇ ਬਾਅਦ ਵੀ ਰਾਜਪਾਲ ਨੇ ਮਿਲਣ ਦਾ ਸਮਾਂ ਦਿੱਤਾ ਹੈ ਕਿ ਜੇਕਰ ਉਨ੍ਹਾਂ ਨੂੰ ਜਾਂਚ ਵਿੱਚ ਕੋਈ ਸ਼ੱਕ ਲੱਗਦਾ ਹੈ ਤਾਂ ਉਹ ਦੁਬਾਰਾ ਮਿਲਣ ਆ ਸਕਦੇ ਹਨ, ਜਦੋਂ ਕਿ ਅੱਜ ਸ਼ਾਮ ਆਈਜੀ ਚੰਡੀਗੜ੍ਹ ਨਾਲ ਇੱਕ ਮੀਟਿੰਗ ਤੈਅ ਕੀਤੀ ਗਈ ਹੈ ਤਾਂ ਜੋ ਉਹ ਚੰਡੀਗੜ੍ਹ ਪੁਲਿਸ ਦੀ ਹਾਈ ਕੋਰਟ ਦੁਆਰਾ ਬਣਾਈ ਗਈ ਐਸਆਈਟੀ ਦੀ ਤਾਜ਼ਾ ਸਥਿਤੀ ਬਾਰੇ ਜਾਣ ਸਕਣ। ਕਾਰਨ ਇਹ ਹੈ ਕਿ ਦੋਸ਼ੀ ਦੀ ਪਤਨੀ ਜਸਵਿੰਦਰ ਕੌਰ ਨੇ ਦੱਸਿਆ ਕਿ 4 ਦੋਸ਼ੀ ਇੰਸਪੈਕਟਰਾਂ ਨੂੰ ਪੀਓ ਆਰਡਰ ਜਾਰੀ ਕੀਤੇ ਜਾਣੇ ਚਾਹੀਦੇ ਹਨ ਜੋ ਅਜੇ ਤੱਕ ਪੁਲਿਸ ਦੇ ਕਬਜ਼ੇ ਵਿੱਚ ਨਹੀਂ ਹਨ। ਕਿਉਂਕਿ ਉਹ ਭੱਜ ਗਏ ਹਨ ਅਤੇ ਜਾਂਚ ਨੂੰ ਹੋਰ ਤੇਜ਼ ਕਰਨ ਦੀ ਮੰਗ ਹੈ। ਜਦੋਂ ਕਿ ਜਦੋਂ ਚੰਡੀਗੜ੍ਹ ਪੁਲਿਸ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਜਾਂਦੀ ਹੈ, ਤਾਂ ਪੰਜਾਬ ਪੁਲਿਸ ਉਨ੍ਹਾਂ ਨੂੰ ਸੂਚਿਤ ਕਰਦੀ ਹੈ ਅਤੇ ਦੋਸ਼ੀ ਇੰਸਪੈਕਟਰ ਮੌਕੇ ਤੋਂ ਭੱਜ ਜਾਂਦੇ ਹਨ। ਕਿਉਂਕਿ ਉਹ ਡੀਡੀਆਰ ਦਾਇਰ ਕਰਦੇ ਹਨ, ਇਸੇ ਲਈ ਅਸੀਂ ਕਿਹਾ ਹੈ ਕਿ ਇੱਕ ਲੁੱਕ ਆਊਟ ਨੋਟਿਸ ਵੀ ਜਾਰੀ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਵਿਦੇਸ਼ ਭੱਜ ਨਾ ਸਕਣ ਕਿਉਂਕਿ ਸਾਨੂੰ ਜਾਣਕਾਰੀ ਮਿਲੀ ਹੈ ਕਿ ਉਹ ਵਿਦੇਸ਼ ਭੱਜ ਸਕਦੇ ਹਨ। 4 ਇੰਸਪੈਕਟਰ ਅਤੇ ਇੱਕ ਕਾਂਸਟੇਬਲ ਜੈ ਸਿੰਘ ਹਨ। ਜਿਹੜੇ ਲੋਕ ਸ਼ਾਮਲ ਸਨ ਉਨ੍ਹਾਂ ਨੂੰ ਐਫਆਈਆਰ ਵਿੱਚ ਦੇਰੀ ਕਰਨ ਦਾ ਹੁਕਮ ਦਿੱਤਾ ਗਿਆ ਸੀ, ਨਿਪਟਾਰੇ ਦੇ ਉਦੇਸ਼ ਲਈ, ਉਨ੍ਹਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਵੀ ਦੋਸ਼ੀ ਹਨ। ਪੰਜਾਬ ਪੁਲਿਸ ਉਨ੍ਹਾਂ ਨੂੰ ਯੂਟੀ ਪੁਲਿਸ ਜਾਣ 'ਤੇ ਜਾਣ ਦਿੰਦੀ ਹੈ ਕਿਉਂਕਿ ਜਦੋਂ ਮੁੱਖ ਮੰਤਰੀ ਸਮਾਨਾ ਮਾਮਲੇ ਵਿੱਚ ਕਹਿੰਦੇ ਹਨ ਕਿ ਦੋਸ਼ੀਆਂ ਨੂੰ 24 ਘੰਟਿਆਂ ਦੇ ਅੰਦਰ ਫੜੋ, ਉਹ ਫੜੇ ਜਾਂਦੇ ਹਨ, ਤਾਂ ਇਹ ਪੁਲਿਸ ਇੰਸਪੈਕਟਰ ਕਿਉਂ ਨਹੀਂ ਫੜੇ ਜਾ ਰਹੇ? ਕਰਨਲ ਬਾਥ ਦੀ ਪਤਨੀ ਦਾ ਕਹਿਣਾ ਹੈ ਕਿ ਦੋਸ਼ੀਆਂ ਨੂੰ 90 ਦਿਨਾਂ ਤੋਂ ਨਹੀਂ ਫੜਿਆ ਗਿਆ ਹੈ ਭਾਵੇਂ ਉਹ ਮਹੀਨਾਵਾਰ ਤਨਖਾਹ ਲੈ ਰਹੇ ਹਨ। ਅਦਾਲਤ ਵਿੱਚ ਵੀ ਇਤਰਾਜ਼ ਦਿੱਤਾ ਗਿਆ ਹੈ ਅਤੇ ਅਗਾਊਂ ਜ਼ਮਾਨਤ ਨਾ ਦੇ ਕੇ ਉਨ੍ਹਾਂ ਨੂੰ ਫੜਨ ਲਈ ਜਾਂਚ ਦੇ ਹੁਕਮ ਦਿੱਤੇ ਗਏ ਹਨ। ਵਿਭਾਗੀ ਜਾਂਚ ਵੀ ਦੁਬਾਰਾ ਸ਼ੁਰੂ ਹੋ ਗਈ ਹੈ।

# ਇੰਸਟਾਗ੍ਰਾਮ ਇਨਫ਼ਲੂਐਂਸਰ ਭਾਬੀ ਕਮਲ ਕੌਰ ਦੀ ਸ਼ੱਕੀ ਹਾਲਾਤ 'ਚ ਮੌਤ





ਬਠਿੰਡਾ ਚੰਡੀਗੜ੍ਹ ਨੈਸ਼ਨਲ ਹਾਈਵੇਅ ਉਤੇ ਬੀਤੀ ਦੇਰ ਰਾਤ ਆਦੇਸ਼ ਮੈਡੀਕਲ ਯੂਨੀਵਰਸਿਟੀ ਦੇ ਪਾਰਕਿੰਗ ਵਿੱਚ ਖੜ੍ਹੀ ਕਾਰ ਵਿੱਚੋਂ ਇੱਕ ਮਹਿਲਾ ਦੀ ਲਾਸ਼ ਬਰਾਮਦ ਹੋਈ। ਮ੍ਰਿਤਕ ਔਰਤ ਦੀ ਪਛਾਣ ਸੋਸ਼ਲ ਮੀਡੀਆ ਉਤੇ ਐਕਟਿਵ ਕਮਲ ਕੌਰ ਭਾਬੀ ਵਜੋਂ ਹੋਈ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਕਮਲ ਕੌਰ ਦੇ ਪਰਿਵਾਰਿਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਮੁੱਢਲੇ ਹਾਲਾਤ ਤੋਂ ਲੱਗਦਾ ਹੈ ਕਿ ਕਮਲ ਕੌਰ ਦਾ ਕਤਲ ਕੀਤਾ ਗਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਬੀਤੀ ਰਾਤ ਸ਼ਹਿਰ ਦੇ ਆਦੇਸ਼ ਹਸਪਤਾਲ ਦੀ ਪਾਰਕਿੰਗ 'ਚ ਉਸ ਸਮੇਂ ਹੜਕੰਪ ਮਚ ਗਿਆ ਜਦੋਂ ਲੋਕਾਂ ਨੇ ਪੁਲਿਸ ਨੂੰ ਇੱਕ ਖੜ੍ਹੀ ਕਾਰ 'ਚੋਂ ਤੇਜ਼ ਬਦਬੂ ਆਉਣ ਦੀ ਸੂਚਨਾ ਮਿਲੀ। ਜਦੋਂ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਕਾਰ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ ਲਗਭਗ 30-35 ਸਾਲ ਦੀ ਇੱਕ ਔਰਤ ਦੀ ਲਾਸ਼ ਮਿਲੀ, ਜਿਸ ਨਾਲ ਇਲਾਕੇ 'ਚ ਸਨਸਨੀ ਫੈਲ ਗਈ। ਜਾਣਕਾਰੀ ਦਿੰਦੇ ਹੋਏ ਐੱਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਕਿ ਹਸਪਤਾਲ ਦੀ ਪਾਰਕਿੰਗ 'ਚ ਖੜ੍ਹੀ ਇੱਕ ਸ਼ੱਕੀ ਕਾਰ ਵਿੱਚੋਂ ਬਦਬੂ ਆ ਰਹੀ ਹੈ।

ਜਾਂਚ ਕਰਨ 'ਤੇ ਕਾਰ ਦੇ ਅੰਦਰ ਇੱਕ ਔਰਤ ਦੀ ਲਾਸ਼ ਮਿਲੀ, ਜਿਸਦੀ ਉਮਰ ਲਗਭਗ 35 ਸਾਲ ਦੱਸੀ ਜਾ ਰਹੀ ਹੈ। ਸ਼ੁਰੂਆਤੀ ਜਾਂਚ ਵਿੱਚ ਕਤਲ ਦਾ ਸ਼ੱਕ ਲੱਗ ਰਿਹਾ। ਪੁਲਸ ਅਧਿਕਾਰੀ ਨੇ ਦੱਸਿਆ ਕਿ ਕਾਰ ਨੂੰ ਮੌਕੇ 'ਤੇ ਘੇਰ ਲਿਆ ਗਿਆ ਤੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਕਾਰ ਛੱਡ ਕੇ ਮੌਕੇ ਤੋਂ ਭੱਜਣ ਵਾਲੇ ਸ਼ੱਕੀ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧ ਵਿੱਚ, ਲੁਧਿਆਣਾ ਆਰਟੀਓ ਤੋਂ ਗੱਡੀ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ ਤੇ ਇੱਕ ਪੁਲਿਸ ਟੀਮ ਲੁਧਿਆਣਾ ਭੇਜੀ ਗਈ ਹੈ। ਪੁਲਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ-ਕਤਲ ਦਾ ਕਾਰਨ, ਪਛਾਣ ਲੁਕਾਉਣ ਦੀ ਕੋਸ਼ਿਸ਼ ਅਤੇ ਲਾਸ਼ ਨੂੰ ਇੱਥੇ ਲਿਆਉਣ ਅਤੇ ਲੁਕਾਉਣ ਪਿੱਛੇ ਕੀ ਇਰਾਦਾ ਸੀ। ਫਿਲਹਾਲ, ਪੁਲਿਸ ਨੇ ਗੱਡੀ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਆਲੇ ਦੁਆਲੇ ਦੇ ਇਲਾਕੇ ਦੇ ਸੀਸੀਟੀਵੀ ਫੁਟੇਜ ਨੂੰ ਵੀ ਸਕੈਨ ਕੀਤਾ ਜਾ ਰਿਹਾ ਹੈ।

# ਪੰਜਾਬ ਸਰਕਾਰ ਨਸ਼ਿਆਂ ਖ਼ਿਲਾਫ਼ ਜੰਗ ਹਾਰੀ: ਬਾਜਵਾ

## ਨਸ਼ਾ ਤਸਕਰਾਂ ਦੀ ਥਾਂ ਨਸ਼ੇ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ 'ਤੇ ਸਰਕਾਰ ਘੇਰੀ



ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਸੂਬੇ 'ਚ ਨਸ਼ਿਆਂ ਦੀ ਸਮੱਸਿਆ ਰੋਕਣ ਲਈ ਢਿੱਲੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪਹਿਲਾਂ ਹੀ ਨਸ਼ਿਆਂ ਵਿਰੁੱਧ ਆਪਣੀ ਅਖੌਤੀ ਜੰਗ ਹਾਰ ਚੁੱਕੀ ਹੈ। ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਪੰਜਾਬ ਪੁਲੀਸ ਨੇ ਇਸ ਸਾਲ ਮਾਰਚ ਤੋਂ ਲੈ ਕੇ ਹੁਣ ਤੱਕ 16,492 ਨਸ਼ਾ ਤਸਕਰਾਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਪੁਲੀਸ ਨੇ ਹਜ਼ਾਰਾਂ ਨਸ਼ਾ ਪੀੜਤਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲੀਸ ਅਸਲ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਨਸ਼ੇ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਰਹੀ ਹੈ, ਜਦੋਂ ਕਿ ਸਰਕਾਰ ਨੂੰ ਪੀੜਤਾਂ ਨੂੰ ਨਸ਼ਿਆਂ ਦੇ ਦਲ-ਦਲ ਵਿੱਚੋਂ ਬਾਹਰ ਲਿਆਉਣਾ ਚਾਹੀਦਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਵਧੇਰੇ ਮਾਮਲਿਆਂ ਵਿੱਚ ਮੁਲਜ਼ਮਾਂ ਤੋਂ ਨਸ਼ੀਲੇ ਪਦਾਰਥਾਂ ਦੀ ਕੋਈ ਬਰਾਮਦਗੀ ਨਹੀਂ ਕੀਤੀ ਗਈ, ਬਲਕਿ ਪੁਲੀਸ ਨੇ ਲਾਈਟਰ, ਐਲੂਮੀਨੀਅਮ ਪੇਪਰ ਅਤੇ 10 ਰੁਪਏ ਦੇ ਅੱਧੇ ਸੜੇ ਹੋਏ ਨੋਟ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ 'ਆਪ' ਵੱਲੋਂ ਸਰਕਾਰ ਬਣਨ ਤੋਂ ਪਹਿਲਾਂ ਤਿੰਨ ਤੋਂ ਚਾਰ ਮਹੀਨਿਆਂ ਦੇ ਅੰਦਰ ਨਸ਼ੇ ਖ਼ਤਮ ਕਰਨ ਦੇ ਦਾਅਵੇ ਕੀਤੇ ਗਏ ਸਨ, ਜਦੋਂ ਕਿ ਅੱਜ ਸੱਤਾ ਵਿੱਚ ਆਏ ਨੂੰ ਤਿੰਨ ਸਾਲਾਂ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਹਾਲੇ ਤੱਕ ਨਸ਼ਿਆਂ ਦਾ ਖ਼ਾਤਮਾ ਨਹੀਂ ਹੋ ਸਕਿਆ ਹੈ ਅਤੇ ਨਾ ਹੀ ਨਸ਼ਿਆਂ ਦੀ ਓਵਰਡੋਜ਼ ਨਾਲ ਮੌਤਾਂ ਦੀ ਗਿਣਤੀ ਘੱਟ ਰਹੀ ਹੈ।

# ਜ਼ਮੀਨ ਘੁਟਾਲਾ ਮਾਮਲੇ 'ਚ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ



ਪੰਜਾਬ ਦੇ ਲੁਧਿਆਣਾ ਵਿੱਚ ਜ਼ਮੀਨ ਘੁਟਾਲੇ ਵਿੱਚ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ ਸੰਮਨ ਭੇਜਣ ਵਾਲੇ ਡੀਐਸਪੀ ਵਿਨੋਦ ਕੁਮਾਰ ਨੇ ਐਡੀਸ਼ਨਲ ਸੈਸ਼ਨ ਜੱਜ ਗੁਰਪ੍ਰੀਤ ਕੌਰ ਦੀ ਅਦਾਲਤ ਵਿੱਚ ਬਿਆਨ ਦਿੱਤਾ ਹੈ ਕਿ ਉਨ੍ਹਾਂ ਨੇ ਅਜੇ ਤੱਕ ਆਸ਼ੂ ਦਾ ਨਾਮ ਇਸ ਮਾਮਲੇ ਵਿੱਚ ਨਹੀਂ ਲਿਆ ਹੈ। ਇਸ ਕਾਰਨ ਕਰ ਕੇ, ਅਦਾਲਤ ਨੇ ਆਸ਼ੂ ਦੀ ਅਗਾਊਂ ਜ਼ਮਾਨਤ ਰੱਦ ਕਰ ਦਿੱਤੀ ਹੈ। ਇਸ ਤੋਂ ਪਹਿਲਾਂ 6 ਜੂਨ ਨੂੰ, ਐਡੀਸ਼ਨਲ ਸੈਸ਼ਨ ਜੱਜ ਜਸਵਿੰਦਰ ਸਿੰਘ ਦੇ ਛੁੱਟੀਆਂ ਵਾਲੇ ਬੈਂਚ ਨੇ ਆਸ਼ੂ ਨੂੰ 11 ਜੂਨ ਤੱਕ ਅੰਤਰਿਮ ਅਗਾਊਂ ਜ਼ਮਾਨਤ ਦਿੱਤੀ ਸੀ।

ਸੁਣਵਾਈ ਦੌਰਾਨ, ਸਾਬਕਾ ਮੰਤਰੀ ਵੱਲੋਂ ਪੇਸ਼ ਹੋਏ ਵਕੀਲਾਂ ਦੀ ਇੱਕ ਟੀਮ ਨੇ ਅਦਾਲਤ ਤੋਂ ਜ਼ਮਾਨਤ ਦੇਣ ਦੀ ਮੰਗ ਕੀਤੀ ਜਾਂ ਵਿਕਲਪਿਕ ਤੌਰ 'ਤੇ ਵਿਜੀਲੈਂਸ ਬਿਊਰੋ ਨੂੰ ਨਿਰਦੇਸ਼ ਦਿੱਤਾ ਕਿ ਜੇਕਰ ਗ੍ਰਿਫ਼ਤਾਰੀ ਕਰਨੀ ਹੈ, ਤਾਂ ਘੱਟੋ-ਘੱਟ ਤਿੰਨ ਦਿਨ ਪਹਿਲਾਂ ਨੋਟਿਸ ਦਿੱਤਾ ਜਾਵੇ। ਵਿਜੀਲੈਂਸ ਬਿਊਰੋ ਵਿੱਚ ਤਾਇਨਾਤ ਜ਼ਿਲ੍ਹਾ ਵਕੀਲ ਪੁਨੀਤ ਜੱਗੀ, ਸਰਕਾਰੀ ਵਕੀਲ ਰਮਨਦੀਪ ਤੂਰ ਗਿੱਲ, ਮੋਨੀਤਾ ਗੁਪਤਾ, ਅਜੇ ਸਿੰਗਲਾ ਅਤੇ ਸਰਕਾਰੀ ਵਕੀਲ ਗੁਰਪ੍ਰੀਤ ਗਰੇਵਾਲ ਨੇ ਬਹਿਸ ਕਰਦੇ ਹੋਏ ਪਟੀਸ਼ਨ ਦਾ ਵਿਰੋਧ ਕੀਤਾ। ਇਸ ਤੋਂ ਪਹਿਲਾਂ, ਆਸ਼ੂ ਨੂੰ ਸਰਾਭਾ ਨਗਰ ਵਿੱਚ ਸਕੂਲ ਦੀ ਜ਼ਮੀਨ ਦੀ ਦੁਰਵਰਤੋਂ ਨਾਲ ਸਬੰਧਤ 2 ਹਜ਼ਾਰ 400 ਕਰੋੜ ਰੁਪਏ ਦੇ ਘੁਟਾਲੇ ਦੇ ਸਬੰਧ ਵਿੱਚ ਸੰਮਨ ਕੀਤਾ ਗਿਆ ਸੀ। ਅੱਜ, ਲੀਡਰਸ਼ਿਪ ਨੇ ਇਸ ਮਾਮਲੇ ਵਿੱਚ ਕਾਂਗਰਸ ਚੋਣ ਦਫ਼ਤਰ ਵਿੱਚ ਇੱਕ ਪ੍ਰੈੱਸ ਕਾਨਫ਼ਰੰਸ ਵੀ ਕੀਤੀ। ਡੀਐਸਪੀ ਵਿਨੋਦ ਕੁਮਾਰ ਵੱਲੋਂ 4 ਜੂਨ ਨੂੰ ਜਾਰੀ ਕੀਤੇ ਗਏ ਸੰਮਨ ਵਿੱਚ, ਆਸ਼ੂ ਨੂੰ ਅੱਜ ਸ਼ੁੱਕਰਵਾਰ (6 ਜੂਨ) ਨੂੰ ਪੁੱਛਗਿੱਛ ਲਈ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਸੀ।

# ਪੰਜਾਬ 'ਚ ਸਿਆਸੀ ਲੀਡਰਾਂ ਦੇ ਹੋਣਗੇ "ਡੋਪ ਟੈਸਟ"!



ਚੰਡੀਗੜ੍ਹ : ਪੰਜਾਬ ਦੇ ਵਿੱਚ 1 ਮਾਰਚ 2025 ਤੋਂ ਲੈ ਕੇ 31 ਮਈ 2025 ਤੱਕ "ਯੁੱਧ ਨਸ਼ਿਆਂ ਵਿਰੁੱਧ" ਇੱਕ ਅਭਿਆਨ ਚੱਲਿਆ ਜੀਹਦੇ 'ਚ ਹਜ਼ਾਰਾਂ ਗ੍ਰਿਫ਼ਤਾਰੀਆਂ,ਕਰੋੜਾਂ ਦਾ ਨਸ਼ਾ ਤੇ ਕਰੋੜਾਂ 'ਚ ਹੀ ਨਕਦੀ ਕਾਬੂ ਕੀਤੀ ਗਈ। ਜਿਸਨੂੰ ਕਿ ਪੰਜਾਬ ਸਰਕਾਰ ਦੇ ਵਿਰੁੱਧ ਬਹੁਤ ਵੱਡਾ ਕਦਮ ਮੰਨਿਆ ਜਾ ਰਿਹਾ ਹੈ ਪਰ ਦਰਮਿਆਨੇ ਇਸ ਸਭ ਦੇ ਵਿਰੋਧੀ ਧਿਰਾਂ ਦੇ ਵਲੋਂ ਹਰ ਮਸਲ੍ਹੇ ਦੀ ਤਰ੍ਹਾਂ ਇਸ ਨੂੰ ਵੀ ਸਵਾਲਾਂ ਦੇ ਘੇਰੇ 'ਚ ਖੜ੍ਹਾ ਦਿੱਤਾ ਗਿਆ ਕਿ ਵੱਡੇ ਮਗਰਮੱਛ ਕਿਉਂ ਨਹੀਂ ਫੜੇ ਗਏ, ਵੱਡੀਆਂ ਮੱਛੀਆਂ ਦੇ ਘਰ ਕਿਉਂ ਨਹੀਂ ਚੱਲਿਆ ਬੁਲਡੋਜ਼ਰ?

ਜਿੱਥੇ ਇਹਨਾਂ ਸਾਰੇ ਸਵਾਲਾਂ ਦੀ ਵਰਖ਼ਾ ਚਰਚਾ ਦਾ ਵਿਸ਼ਾ ਬਣੀ ਰਹੀ ਉੱਥੇ ਹੀ ਵਿਰੋਧੀ ਧਿਰ ਦੇ ਪੰਜਾਬ ਪ੍ਰਧਾਨ ਤੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਵਲੋਂ ਨਸ਼ੇ ਦੇ ਖ਼ਾਤਮੇ ਦੇ ਲਈ ਰਿਵਾਇਤੀ ਨਸ਼ਿਆਂ ਦੇ ਹੱਕ ਦੇ ਵਿੱਚ ਉਤਰਿਆ ਗਿਆ। ਉਹਨਾਂ ਜ਼ੋਰ ਦੇਕੇ ਪਿਛਲੇ ਦਿਨੀਂ ਜਿੱਥੇ "ਯੁੱਧ ਨਸ਼ਿਆਂ ਵਿਰੁੱਧ" ਬਾਰੇ ਸਵਾਲ ਖੜੇ ਕੀਤੇ ਉੱਥੇ ਹੀ ਅਫ਼ੀਮ ਦੀ ਖ਼ੇਤੀ ਪੰਜਾਬ 'ਚ ਕਰਨ ਨੂੰ ਲੈ ਕੇ ਵੀ ਆਪਣਾ ਸਟੈਂਡ ਸਪਸ਼ਟ ਕੀਤਾ, ਉਹਨਾਂ ਕਿਹਾ ਕਿ ਜੇਕਰ 2027 'ਚ ਉਹਨਾਂ ਦੀ ਸਰਕਾਰ ਬਣਦੀ ਹੈ ਤਾਂ ਉਹ ਕੋਸ਼ਿਸ਼ ਕਰਨਗੇ ਕਿ ਪੰਜਾਬ 'ਚ ਅਫ਼ੀਮ ਦੀ ਖ਼ੇਤੀ ਕਿਸਾਨਾਂ ਨੂੰ ਕਰਨ ਦੀ ਆਗਿਆ ਦਵਾਈ ਜਾਵੇ। ਹੁਣ ਵੜਿੰਗ ਦੇ ਦਿੱਤੇ ਇਸ ਬਿਆਨ 'ਤੇ ਵਿੱਤ ਮੰਤਰੀ ਪੰਜਾਬ ਹਰਪਾਲ ਚੀਮਾ ਵਲੋਂ ਆਪਣੀ ਪ੍ਰੈਸ ਵਾਰਤਾ 'ਚ ਕਿਹਾ ਗਿਆ ਕਿ ਇਹ ਪੁਰਾਣੀਆਂ ਸਰਕਾਰਾਂ (ਅਕਾਲੀ-ਬੀਜੇਪੀ ਅਤੇ ਕਾਂਗਰਸ) ਨਸ਼ੇ ਨੂੰ ਪੰਜਾਬ 'ਚ ਪ੍ਰਮੋਟ ਕਰ ਰਹੀਆਂ ਨੇ। ਉਹਨਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਇੰਨ੍ਹਾਂ ਲੀਡਰਾਂ ਦੇ ਡੋਪ ਟੈਸਟ ਹੁਣੇ ਚਾਹੀਦੇ ਨੇ ਜਿੰਨ੍ਹਾ ਦੇ ਅਫੀਮ ਦੀ ਖ਼ੇਤੀ ਪੰਜਾਬ 'ਚ ਕਰਵਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਸੋ ਹੁਣ ਹਰਪਾਲ ਚੀਮਾ ਦੇ ਦਿੱਤੇ ਇਸ ਚੈਲੰਜ ਨੂੰ ਰਾਜਾ ਵੜਿੰਗ ਵਲੋਂ ਕਬੂਲ ਕਰ ਲਿਆ ਗਿਆ ਹੈ ਭਾਵ ਕਿ ਉਹ ਡੋਪ ਟੈਸਟ ਕਰਵਾਉਣ ਦੇ ਲਈ ਰਾਜ਼ੀ ਹੋ ਚੁੱਕੇ ਨੇ ਉਹਨਾਂ ਨੇ ਕਿਹਾ ਕਿ ਉਹ ਰਾਜ਼ੀ ਨੇ ਟੈਸਟ ਦੇ ਲਈ ਪਰ ਸ਼ਰਤ ਇਹ ਰਹੇਗੀ ਕਿ ਜਿਹੜੇ ਇਹ ਚੈਲੰਜ ਦੇ ਰਹੇ ਨੇ ਉਹਨਾਂ ਦੇ ਵੀ ਸ਼ਰਾਬ ਦੇ ਸੇਵਨ ਨੂੰ ਲੈ ਕੇ ਟੈਸਟ ਕਰਵਾਏ ਜਾਣ। ਦੇਖਣ ਵਾਲਾ ਹੁਣ ਇਹ ਹੋਵੇਗਾ ਕਿ ਅਫ਼ੀਮ ਦੀ ਖ਼ੇਤੀ ਹਿਮਾਇਤੀ ਸਾਰੇ ਲੀਡਰਾਂ ਦੇ ਜੇਕਰ ਡੋਪ ਟੈਸਟ ਤਾਂ ਕਿ ਪੰਜਾਬ ਸਰਕਾਰ ਵਿਧਾਇਕ ਗੱਜਣਮਾਜਰਾ ਹੁਣਾ ਦਾ ਵੀ ਡੋਪ ਕਰਵਾਏਗੀ ਕਿਉਂਕਿ ਉਹਨਾਂ ਦੇ ਵਲੋਂ ਵੀ ਕਈ ਵਾਰੀ ਅਫ਼ੀਮ ਦੀ ਖੇਤੀ ਕਰਵਾਉਣ ਦੇ ਹੱਕ 'ਚ ਭੁਗਤਿਆ ਗਿਆ ਹੈ। ਬਾਕੀ ਬਹੁਤ ਸਾਰੇ ਲੋਕ ਇਸ ਦਿੱਤੇ ਗਏ ਬਿਆਨਾਂ ਨੂੰ ਸਿਰਫ਼ ਸਿਆਸੀ ਟਿੱਪਣੀ ਦੇ ਰੂਪ ਦੇ ਵਿੱਚ ਵੀ ਲੈ ਰਹੇ ਨੇ,ਪਰ ਕਿੰਨ੍ਹਾ ਚੰਗਾ ਹੋਵੇਗਾ ਜੇਕਰ ਇਹਨਾਂ ਲੀਡਰਾਂ ਦੇ ਡੋਪ ਟੈਸਟ ਸੱਚਮੁੱਚ ਹੋ ਜਾਣ?

# ਮੂਸੇਵਾਲਾ 'ਤੇ ਬਣੀ Documentary ਨੂੰ ਲੈ ਕੇ ਅਦਾਲਤ 'ਚ ਹੋਈ ਸੁਣਵਾਈ, ਕੋਰਟ ਨੇ ਨਿੱਜੀ ਚੈਨਲ ਤੋਂ ਮੰਗਿਆ ਜਵਾਬ




ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਡਾਕਿਉਮੈਂਟਰੀ ਦੀ ਰਿਲੀਜ਼ 'ਤੇ ਪਾਬੰਦੀ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਅੱਜ ਮਾਨਸਾ ਅਦਾਲਤ ਵਿੱਚ ਹੋਈ। ਸੁਣਵਾਈ ਦੌਰਾਨ ਇਸ ਮਾਮਲੇ ਵਿੱਚ ਅਦਾਲਤ ਨੇ ਨਿੱਜੀ ਚੈਨਲ ਤੋਂ ਜਵਾਬ ਮੰਗਿਆ ਹੈ। ਜਿਸ ਨੂੰ ਲੈ ਕੇ ਅਦਾਲਤ ਨੇ ਨਿੱਜੀ ਚੈੱਨਲ ਨੂੰ ਸਮਾਂ ਦਿੱਤਾ ਹੈ ਅਤੇ 16 ਜੂਨ ਤੱਕ ਜਵਾਬ ਦਾਖਲ ਕਰਨ ਦੇ ਹੁਕਮ ਦਿੱਤੇ ਗਏ ਹਨ। ਦੱਸ ਦੇਈਏ ਕਿ ਸਿੱਧੂ ਮੂਸੇਵਾਲਾ ਦੀ ਡਾਕਿਉਮੈਂਟਰੀ ਨਿੱਜੀ ਚੈਨਲ ਦੁਆਰਾ ਤਿਆਰ ਕੀਤੀ ਗਈ ਹੈ। 11 ਜੂਨ ਨੂੰ ਸਿੱਧੂ ਮੂਸੇਵਾਲਾ ਦੇ ਜਨਮਦਿਨ 'ਤੇ ਡਾਕਿਉਮੈਂਟਰੀ ਦੇ ਦੋ ਐਪੀਸੋਡ ਜਾਰੀ ਕੀਤੇ ਸਨ। ਇਸਨੂੰ ਪਹਿਲਾਂ ਮੁੰਬਈ ਵਿੱਚ ਦਿਖਾਇਆ ਜਾਣਾ ਸੀ। ਜਿਵੇਂ ਹੀ ਸਿੱਧੂ ਦੇ ਪਰਿਵਾਰ ਨੂੰ ਇਸ ਬਾਰੇ ਪਤਾ ਲੱਗਿਆ, ਉਨ੍ਹਾਂ ਨੇ ਇਸ 'ਤੇ ਇਤਰਾਜ਼ ਜਤਾਇਆ। ਸਿੱਧੂ ਦੇ ਪਰਿਵਾਰ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਅਜੇ ਵੀ ਚੱਲ ਰਹੀ ਹੈ ਅਤੇ ਡਾਕਿਉਮੈਂਟਰੀ ਕੇਸ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਤੋਂ ਬਾਅਦ ਪਰਿਵਾਰ ਨੇ ਅਦਾਲਤ ਵਿੱਚ ਕੇਸ ਦਾਇਰ ਕੀਤਾ। ਅਦਾਲਤ ਨੇ ਇਸ ਮਾਮਲੇ ਵਿੱਚ ਨਿੱਜੀ ਚੈਨਲ ਨੂੰ ਨੋਟਿਸ ਜਾਰੀ ਕੀਤਾ ਸੀ। ਜਿਸ ਨੂੰ ਲੈ ਕੇ ਅੱਜ ਕੋਰਟ ਵਿੱਚ ਸੁਣਵਾਈ ਹੋਈ। ਇਸ ਦੌਰਾਨ, ਤਿੰਨ ਵਕੀਲਾਂ ਦਾ ਇੱਕ ਪੈਨਲ ਅਦਾਲਤ ਵਿੱਚ ਪੇਸ਼ ਹੋਇਆ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਉਹ ਪਰਿਵਾਰ ਦੁਆਰਾ ਉਠਾਏ ਗਏ ਇਤਰਾਜ਼ ਦਾ ਜਵਾਬ ਦੇਣਗੇ। ਇਸ ਲਈ ਉਨ੍ਹਾਂ ਨੇ ਅਦਾਲਤ ਤੋਂ ਸਮਾਂ ਮੰਗਿਆ। ਅਦਾਲਤ ਨੇ ਅਗਲੀ ਸੁਣਵਾਈ ਦੀ ਤਰੀਕ 16 ਜੂਨ ਨਿਰਧਾਰਤ ਕੀਤੀ ਹੈ ਅਤੇ ਨਿੱਜੀ ਚੈੱਨਲ ਨੂੰ ਆਪਣਾ ਜਵਾਬ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਹੈ।

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ ਦੀ ਹਾਦਸੇ 'ਚ ਮੌਤ



ਮਾਛੀਵਾੜਾ ਦੇ ਨੌਜਵਾਨ ਦਿਲਪ੍ਰੀਤ ਸਿੰਘ (25) ਦੀ ਅਮਰੀਕਾ ਵਿਖੇ ਵਾਪਰੇ ਸੜਕ ਹਾਦਸੇ ਵਿਚ ਮੌਤ ਹੋ ਗਈ। ਮਾਛੀਵਾੜਾ ਸੁੰਦਰ ਨਗਰ ਦੇ ਰਹਿਣ ਵਾਲੇ ਕਰਨੈਲ ਸਿੰਘ ਕਾਲਾ ਦਾ ਪੁੱਤਰ ਦਿਲਪ੍ਰੀਤ ਸਿੰਘ ਕਰੀਬ ਢਾਈ ਸਾਲ ਪਹਿਲਾਂ ਅਪਣੇ ਸੁਨਹਿਰੀ ਭਵਿੱਖ ਲਈ ਅਮਰੀਕਾ ਦੇ ਫ਼ਰੀਜਨੋ ਸ਼ਹਿਰ ਵਿਖੇ ਗਿਆ ਸੀ।

ਦਿਲਪ੍ਰੀਤ ਸਿੰਘ ਉਥੇ ਟਰਾਲਾ ਚਲਾਉਣ ਦਾ ਕੰਮ ਕਰਦਾ ਸੀ ਅਤੇ ਲੰਘੀ 28 ਅਪ੍ਰੈਲ ਨੂੰ ਉਹ ਅਪਣਾ ਟਰਾਲਾ ਲੈ ਕੇ ਇੰਟਰਸਟੇਟ-40 'ਤੇ ਪੂਰਬ ਦਿਸ਼ਾ ਵਲ ਜਾ ਰਿਹਾ ਸੀ ਕਿ ਉਸ ਦਾ ਵਾਹਨ ਸੰਤੁਲਨ ਗਵਾ ਬੈਠਾ। ਇਸ ਹਾਦਸੇ ਵਿਚ ਦਿਲਪ੍ਰੀਤ ਸਿੰਘ ਦਾ ਟਰਾਲਾ ਪਲਟ ਗਿਆ ਅਤੇ ਮੌਕੇ 'ਤੇ ਜਾ ਕੇ ਓਕਲਾਹੋਮਾ ਹਾਈਵੇਅ 'ਤੇ ਪੈਟਰੋਲ ਕਰ ਰਹੀ ਟੀਮ ਵਲੋਂ ਉਸ ਨੂੰ ਬਾਹਰ ਕਢਿਆ ਗਿਆ। ਹਸਪਤਾਲ ਵਿਚ ਦਿਲਪ੍ਰੀਤ ਸਿੰਘ ਦੀ ਮੌਤ ਹੋ ਗਈ।



# ਸੀਐੱਮ ਮਾਨ ਨੇ ਜਲੰਧਰ ਵਾਸੀਆਂ ਨੂੰ ਦਿੱਤਾ ਨਵੇਂ ਸਪੋਰਟਸ ਹੱਬ ਦਾ ਤੋਹਫਾ

## ਅੰਮ੍ਰਿਤਸਰ ਲਈ ਵੀ ਕੀਤਾ ਐਲਾਨ



ਜਲੰਧਰ ਵਿੱਚ ਅੱਜ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਬਰਲਟਨ ਪਾਰਕ ਪਹੁੰਚੇ ਅਤੇ ਸੂਬੇ ਨੂੰ ਇੱਕ ਨਵੇਂ ਸਪੋਰਟਸ ਹੱਬ ਦੇ ਰੂਪ ਵਿੱਚ ਤੋਹਫ਼ਾ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਸ਼ਾਮ 5 ਵਜੇ ਦੇ ਕਰੀਬ ਬਰਲਟਨ ਪਾਰਕ ਪਹੁੰਚੇ।

ਉਨ੍ਹਾਂ ਨੇ 77.77 ਕਰੋੜ ਰੁਪਏ ਦੇ ਉਕਤ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਪ੍ਰੋਗਰਾਮ ਵਿੱਚ ਪੰਜਾਬ ਰਾਜ ਸਭਾ ਮੈਂਬਰ ਸਾਬਕਾ ਕ੍ਰਿਕਟਰ ਹਰਭਜਨ ਸਿੰਘ, ਸੰਤ ਸੀਚੇਵਾਲ ਅਤੇ ਐਲਪੀਯੂ ਦੇ ਚਾਂਸਲਰ ਅਸ਼ੋਕ ਮਿੱਤਲ, ਕੈਬਨਿਟ ਮੰਤਰੀ ਮਹਿੰਦਰ ਭਗਤ ਅਤੇ ਰਵਜੋਤ ਸਿੰਘ ਸਮੇਤ ਹੋਰ ਆਗੂ ਮੌਜੂਦ ਸਨ।

ਤੁਹਾਨੂੰ ਦੱਸ ਦੇਈਏ ਕਿ ਪ੍ਰੋਗਰਾਮ ਤੋਂ ਪਹਿਲਾਂ ਸੀਐਮ ਮਾਨ ਅਤੇ ਅਰਵਿੰਦ ਕੇਜਰੀਵਾਲ ਲੈਦਰ ਕੰਪਲੈਕਸ ਪਹੁੰਚੇ ਅਤੇ ਇੱਕ ਫੈਕਟਰੀ ਤੋਂ ਇੰਗਲੈਂਡ ਭੇਜੇ ਜਾ ਰਹੇ ਰਗਬੀ ਗੇਂਦਾਂ ਵਾਲੇ ਟਰੱਕ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਕੇਜਰੀਵਾਲ ਨੇ ਕਿਹਾ ਕਿ ਇਹ ਗੇਂਦਾਂ ਇੰਗਲੈਂਡ ਵਿੱਚ ਅੰਤਰਰਾਸ਼ਟਰੀ ਰਗਬੀ ਮੈਚ ਦੌਰਾਨ ਵਰਤੀਆਂ ਜਾਣੀਆਂ ਹਨ।

ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਮਾਨ ਨੇ ਅੱਗੇ ਕਿਹਾ ਕਿ ਮੈਂ ਇੱਕ ਖੇਡ ਪ੍ਰੇਮੀ ਹਾਂ। ਮੈਂ ਜਲੰਧਰ ਦੇ ਲੋਕਾਂ ਨੂੰ ਦੇਸ਼ ਨੂੰ ਇੰਨੇ ਸਾਰੇ ਖਿਡਾਰੀ ਦੇਣ ਲਈ ਵਧਾਈ ਦਿੰਦਾ ਹਾਂ, ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਅੱਜ ਭਾਰਤੀ ਹਾਕੀ ਟੀਮ ਵਿੱਚ 8 ਖਿਡਾਰੀ ਜਲੰਧਰ ਦੇ ਹਨ। ਸਾਬਕਾ ਭਾਰਤੀ ਕ੍ਰਿਕਟਰ ਹਰਭਜਨ ਸਿੰਘ ਵੀ ਜਲੰਧਰ ਦੇ ਇਨ੍ਹਾਂ ਮੈਦਾਨਾਂ ਵਿੱਚ ਖੇਡਦੇ ਹੋਏ ਵੱਡੇ ਹੋਏ ਅਤੇ ਵੱਡੇ ਦੇਸ਼ਾਂ ਵਿੱਚ ਜਾ ਕੇ ਭਾਰਤ ਦਾ ਮਾਣ ਵਧਾਇਆ।

ਭਗਵੰਤ ਮਾਨ ਨੇ ਅੱਗੇ ਕਿਹਾ– ਪੰਜਾਬ ਦੇ ਖਿਡਾਰੀਆਂ ਦਾ ਪੂਰੇ ਦੇਸ਼ ਵਿੱਚ ਕੋਈ ਜਵਾਬ ਨਹੀਂ ਹੈ। ਇਸ ਦੌਰਾਨ ਅਜਿਹੀਆਂ ਸਰਕਾਰਾਂ ਆਈਆਂ ਕਿ ਪੰਜਾਬ ਦੀ ਪ੍ਰਤਿਭਾ ਵਿਦੇਸ਼ਾਂ ਵਿੱਚ ਚਲੀ ਗਈ। ਜਦੋਂ ਤੋਂ ਸਾਨੂੰ ਜ਼ਿੰਮੇਵਾਰੀ ਮਿਲੀ ਹੈ, ਅਸੀਂ ਖੇਡਾਂ ਨੂੰ ਤਰਜੀਹ ਦੇ ਰਹੇ ਹਾਂ, ਕਿਉਂਕਿ ਸਾਡੀ ਕੋਸ਼ਿਸ਼ ਹੈ ਕਿ ਸਾਡੇ ਮੈਦਾਨ ਨੂੰ ਖੇਡਣ ਵਾਲੇ ਬੱਚਿਆਂ ਨਾਲ ਭਰਿਆ ਜਾਵੇ, ਜਿਸ ਨਾਲ ਨਸ਼ਾ ਖਤਮ ਕਰਨ ਵਿੱਚ ਮਦਦ ਮਿਲੇਗੀ। ਸੀ.ਐੱਮ. ਮਾਨ ਨੇ ਕਿਹਾ ਕਿ ਮੇਰੇ ਪਿਤਾ ਅਤੇ ਪਰਿਵਾਰ ਖੇਡਾਂ ਨੂੰ ਬਹੁਤ ਪਸੰਦ ਕਰਦੇ ਹਨ। ਹਾਕੀ ਸਾਡੇ ਪੰਜਾਬ ਦੀ ਪਛਾਣ ਸੀ, ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ। ਪਰ ਅਸੀਂ ਪੰਜਾਬ ਨੂੰ ਦੁਬਾਰਾ ਪੁਰਾਣਾ ਪੰਜਾਬ ਬਣਾਵਾਂਗੇ।

# ਪਿਤਾ ਵੱਲੋਂ ਵਿਰੋਧ ਦੇ ਬਾਵਜੂਦ ਮੂਸੇਵਾਲਾ ਦੀ ਡਾਕੂਮੈਂਟਰੀ ਹੋਈ ਰਿਲੀਜ਼

## ਬਲਕੌਰ ਸਿੰਘ ਵੱਲੋਂ ਭੇਜਿਆ ਗਿਆ ਸੀ ਲੀਗਲ ਨੋਟਿਸ




ਸਿੱਧੂ ਮੂਸੇਵਾਲਾ ਦੀ ਡਾਕੂਮੈਂਟਰੀ ਲਗਾਤਾਰ ਵਿਵਾਦਾਂ ਵਿਚ ਸੀ ਤੇ ਵਿਰੋਧ ਦੇ ਬਾਵਜੂਦ ਅੱਜ ਜਨਮਦਿਨ ਵਾਲੇ ਦਿਨ ਸਿੱਧੂ ਦੀ ਡਾਕੂਮੈਂਟਰੀ ਰਿਲੀਜ਼ ਕੀਤੀ ਗਈ ਹੈ। ਅੰਤਰਰਾਸ਼ਟਰੀ ਪੱਧਰ 'ਤੇ ਮੂਸੇਵਾਲਾ ਦੀ ਇਹ ਡਾਕੂਮੈਂਟਰੀ ਰਿਲੀਜ਼ ਕੀਤੀ ਗਈ ਹੈ। ਮੂਸੇਵਾਲਾ ਦੀ ਡਾਕੂਮੈਂਟਰੀ ਦਾ ਨਾਂ 'The Killing Call' ਰੱਖਿਆ ਗਿਆ ਹੈ ਤੇ ਇਸ ਦੇ 2 ਐਪੀਸੋਡ ਰਿਲੀਜ਼ ਕਰ ਦਿੱਤੇ ਗਏ ਹਨ। ਡਾਕੂਮੈਂਟਰੀ ਨੂੰ ਰਿਲੀਜ਼ ਹੋਏ ਲਗਭਗ 3-4 ਘੰਟਿਆਂ ਦਾ ਸਮਾਂ ਹੋ ਚੁੱਕਾ ਹੈ।

ਦੱਸ ਦੇਈਏ ਕਿ ਪਿਤਾ ਬਲਕੌਰ ਸਿੰਘ ਵੱਲੋਂ ਇਸ ਡਾਕੂਮੈਂਟਰੀ ਖਿਲਾਫ ਮਾਨਸਾ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ ਤੇ ਅੱਜ ਮੁੰਬਈ ਵਿਚ ਇਸ ਦੇ ਪ੍ਰੀਮੀਅਰ 'ਤੇ ਵੀ ਪਿਤਾ ਬਲਕੌਰ ਸਿੰਘ ਵੱਲੋਂ ਵੱਡੇ ਸਵਾਲ ਚੁੱਕੇ ਗਏ ਸਨ। ਤੇ ਕਿਹਾ ਗਿਆ ਸੀ ਮੇਰੀ ਪਰਮਿਸ਼ਨ ਦੇ ਬਿਨਾਂ ਇਹ ਡਾਕੂਮੈਂਟਰੀ ਬਣਾਈ ਗਈ ਤੇ ਰਿਲੀਜ਼ ਕੀਤੀ ਗਈ। ਰਿਲੀਜ਼ ਦੀ ਰੋਕ ਦੇ ਵਿਚਕਾਰ ਸਿੱਧੂ ਦੀ ਡਾਕੂਮੈਂਟਰੀ ਅੰਤਰਰਾਸ਼ਟਰੀ ਪੱਧਰ ਉਤੇ ਰਿਲੀਜ਼ ਕਰ ਦਿੱਤੀ ਗਈ ਹੈ।

ਡਾਕੂਮੈਂਟਰੀ ਵਿਚ ਉਹ ਸਾਰੇ ਪਹਿਲੂ ਦਿਖਾਏ ਗਏ ਹਨ ਕਿ ਕਿਸ ਤਰੀਕੇ ਨਾਲ ਸਿੱਧੂ ਆਪਣਾ ਮੁਕਾਮ ਇਸ ਪੂਰੀ ਦੁਨੀਆ ਵਿਚ ਆਪਣੇ ਬਲਬੂਤੇ ਉਤੇ ਹਾਸਲ ਕਰਦਾ ਹੈ ਤੇ ਉਥੋਂ ਲੈ ਕੇ ਉਸ ਦੇ ਕਤਲ ਦੀ ਸਾਜਿਸ਼ ਕਿਵੇਂ ਘੜ੍ਹੀ ਜਾਂਦੀ ਹੈ, ਇਹ ਸਾਰਾ ਕੁਝ ਡਾਕੂਮੈਂਟਰੀ ਵਿਚ ਦਿਖਾਇਆ ਗਿਆ ਹੈ ਤਾਂ CCTV ਫੁਟੇਜ ਦਾ ਇਸਤੇਮਾਲ ਕੀਤਾ ਗਿਆ ਹੈ ਕਿ ਕਿਵੇਂ ਕਿਸ ਤਰ੍ਹਾਂ ਸਿੱਧੂ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰਿਆ ਗਿਆ ਸੀ. ਇਸ ਵਿਚ ਬਹੁਤ ਸਾਰੇ ਲੋਕ ਸ਼ਾਮਲ ਹਨ। ਭਾਵੇਂ ਉਹ ਮੀਡੀਆ ਅਦਾਰਿਆਂ ਨਾਲ ਸਬੰਧਤ ਚਿਹਰੇ ਹੋਣ, ਇਸ ਡਾਕੂਮੈਂਟਰੀ ਵਿਚ ਸ਼ਾਮਲ ਹਨ ਜਿਨ੍ਹਾਂ ਵੱਲੋਂ ਦੱਸਿਆ ਗਿਆ ਕਿ ਕਿਵੇਂ ਸਿੱਧੂ ਦਾ ਕਤਲ ਹੋਇਆ ਸੀ।

## ਜਨਮਦਿਨ ਮੌਕੇ ਮੂਸੇਵਾਲਾ ਦੇ ਫੈਨਜ਼ ਨੂੰ ਮਿਲੇਗਾ ਤੋਹਫਾ, ਸਿੱਧੂ ਦੇ 3 ਨਵੇਂ ਗੀਤ ਹੋਣਗੇ ਰਿਲੀਜ਼

ਅੱਜ ਸਿੱਧੂ ਮੂਸੇਵਾਲਾ ਦਾ ਜਨਮਦਿਨ ਹੈ। ਇਸ ਮੌਕੇ ਸਿੱਧੂ ਦੇ 3 ਗੀਤਾਂ ਦੀ ਐਲਬਮ 'ਮੂਸੇ ਪ੍ਰਿੰਟ' ਰਿਲੀਜ਼ ਹੋਣ ਜਾ ਰਹੀ ਹੈ। ਇਸ ਨੂੰ ਲੈ ਕੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਮੌਤ ਤੋਂ ਪਹਿਲਾਂ ਪੁੱਤ ਖੁਦ ਦੇ, ਮੇਰੇ ਤੇ ਆਪਣੀ ਮਾਂ ਦੇ ਜਨਮਦਿਨ ਮੌਕੇ ਗੀਤ ਰਿਲੀਜ਼ ਕਰਦਾ ਰਿਹਾ। ਇਸ ਐਲਬਮ ਨੂੰ ਰਿਲੀਜ਼ ਕਰਨ ਦੇ ਪਿੱਛੇ ਵੀ ਇਹੀ ਮਕਸਦ ਹੈ ਕਿ ਸਿੱਧੂ ਦਾ ਸ਼ੁਰੂ ਕੀਤਾ ਗਿਆ ਸਿਲਸਿਲਾ ਰੁਕੇ ਨਾ। ਪਿਤਾ ਨੇ ਕਿਹਾ ਕਿ ਸਿੱਧੂ ਦੇ ਹਰ ਜਨਮਦਿਨ 'ਤੇ ਉਨ੍ਹਾਂ ਦੇ ਫੈਨਸ ਨੂੰ ਕੁਝ ਨਾ ਕੁਝ ਮਿਲਦਾ ਰਿਹਾ। ਇਸ ਲਈ ਕੋਸ਼ਿਸ਼ਾਂ ਜਾਰੀ ਹਨ। ਅਜੇ ਸਿੱਧੂ ਦੇ ਜਿੰਨੇ ਵੀ ਗਾਣੇ ਰਿਕਾਰਡ ਹਨ, ਉਨ੍ਹਾਂ ਨੂੰ ਹੌਲੀ-ਹੌਲੀ ਰਿਲੀਜ਼ ਕੀਤਾ ਜਾ ਰਿਹਾ ਹੈ। ਇਸ ਐਲਬਮ ਵਿਚ ਸਿੱਧੂ ਨੂੰ ਚਾਹੁਣ ਵਾਲਿਆਂ ਨੂੰ ਉਹੀ ਮਿਲੇਗਾ ਜੋ ਉਹ ਸਿੱਧੂ ਤੋਂ ਉਸ ਦੇ ਜਿਊਂਦੇ ਜੀ ਚਾਹੁੰਦੇ ਸਨ।

ਐਲਬਮ ਦਾ ਪੋਸਟਰ ਇੰਸਟਾਗ੍ਰਾਮ 'ਤੇ ਰਿਲੀਜ਼ ਕੀਤਾ ਗਿਆ ਹੈ। ਇਸ ਪੋਸਟਰ ਨੂੰਹੁਣ ਤੱਕ 1.3 ਮਿਲੀਅਨ ਤੋਂ ਜ਼ਿਆਦਾ ਲੋਕ ਲਾਈਕ ਕਰ ਚੁੱਕੇ ਹਨ। ਇਸ ਐਲਬਮ ਵਿਚ 3 ਗੀਤ 0008, ਨੇਲਸ ਤੇ ਟੈਕ ਨੋਟਸ ਸ਼ਾਮਲ ਹਨ। ਦੱਸ ਦੇਈਏ ਕਿ ਸਿੱਧੂ ਮੂਸੇਵਾਲਾ ਦਾ ਜਨਮ 11 ਜੂਨ 1993 ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਮੂਸਾ ਵਿਚ ਹੋਇਆ ਸੀ। 29 ਮਈ 2022 ਨੂੰ ਸਿੱਧੂ ਦਾ ਮਾਨਸਾ ਦੇ ਪਿੰਡ ਜਵਾਹਰਕੇ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ।

# ਜਪੁਰਾ ਦਾ ਗਾਇਕ ਜੱਸ ਗਰੇਵਾਲ ਕਬੂਤਰਬਾਜ਼ੀ ਦੇ ਦੋਸ਼ ਵਿੱਚ ਗ੍ਰਿਫ਼ਤਾਰ



ਰਾਜਪੁਰਾ ਦੇ ਇੱਕ ਜੱਸ ਗਰੇਵਾਲ ਨਾਂ ਦੇ ਗਾਇਕ ਨੂੰ ਦਿੱਲੀ ਪੁਲਿਸ ਵੱਲੋਂ ਕਬੂਤਰਬਾਜ਼ੀ ਦੇ ਦੋਸ਼ ਵਿੱਚ ਗ੍ਰਿਫਤਾਰ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਜਪੁਰਾ ਨਿਵਾਸੀ ਜਗਜੀਤ ਸਿੰਘ ਉਰਫ ਜੱਸ ਗਰੇਵਾਲ ,ਜੋ ਕਿ ਪੰਜਾਬੀ ਗੀਤ ਗਾ ਕੇ ਸੋਸ਼ਲ ਮੀਡੀਆ ਤੇ ਪਾਉਂਦਾ ਹੈ ਅਤੇ ਨਾਲ ਲੋਕਾਂ ਨੂੰ ਵਿਦੇਸ਼ ਭੇਜਣ ਦਾ ਕੰਮ ਵੀ ਕਰਦਾ ਸੀ। ਉਸਨੇ ਕੁਝ ਸਮਾਂ ਪਹਿਲਾਂ ਮਾਨਸਾ ਦੇ ਨੌਜਵਾਨ ਨਵਜੋਤ ਸਿੰਘ ਨੂੰ ਅਮਰੀਕਾ ਭੇਜਿਆ ਸੀ ।ਜਿੱਥੇ ਉਸ ਨੂੰ ਅਮਰੀਕੀ ਅਧਿਕਾਰੀਆਂ ਹਿਰਾਸਤ ਵਿੱਚ ਲੈ ਕੇ ਪੰਜ ਮਹੀਨੇ ਤੱਕ ਜੇਲ੍ਹ ਵਿੱਚ ਰੱਖਿਆ ਅਤੇ ਜਦੋਂ ਉਹ ਅਮਰੀਕਾ ਤੋਂ ਡਿਪੋਰਟ ਹੋ ਕੇ ਭਾਰਤ ਦੇ ਦਿੱਲੀ ਸਥਿਤ ਹਵਾਈ ਅੱਡੇ ਤੇ ਪਹੁੰਚਿਆ ਤਾਂ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਕੀਤੀ ਜਾਂਚ ਦੌਰਾਨ ਉਸ ਦੇ ਪਾਸਪੋਰਟ ਤੇ ਇਮੀਗ੍ਰੇਸ਼ਨ ਦੀਆਂ ਹੋਈਆਂ ਐਂਟਰੀਆਂ ਅਧਿਕਾਰਤ ਰਿਕਾਰਡ ਨਾਲ ਮੇਲ ਨਹੀਂ ਸੀ ਖਾ ਰਹੀਆਂ। ਜਦੋਂ ਦਿੱਲੀ ਪੁਲਿਸ ਨੇ ਨਵਜੋਤ ਸਿੰਘ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਜਗਜੀਤ ਸਿੰਘ ਉਰਫ ਜੱਸ ਗਰੇਵਾਲ ਦਾ ਨਾਂ ਲਿਆ ਕਿ ਉਸਨੇ 41 ਲੱਖ ਰੁਪੱਈਏ ਲੈ ਕੇ ਨਵਜੋਤ ਸਿੰਘ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ ਭੇਜਿਆ ਸੀ, ਜਿੱਥੇ ਫੜੇ ਜਾਣ ਕਾਰਨ ਉਹ (ਨਵਜੋਤ ਸਿੰਘ )ਪੰਜ ਮਹੀਨੇ ਜੇਲ੍ਹ ਵਿੱਚ ਰਿਹਾ। ਉਸ ਤੋਂ ਬਾਅਦ ਨਵਜੋਤ ਸਿੰਘ ਨੂੰ ਅਮਰੀਕਾ ਤੋਂ ਡਿਪੋਰਟ ਕਰ ਕੇ ਭਾਰਤ ਭੇਜਿਆ ਗਿਆ। ਦਿੱਲੀ ਪੁਲਿਸ ਵੱਲੋਂ ਨਵਜੋਤ ਸਿੰਘ ਵੱਲੋਂ ਦਿੱਤੀ ਜਾਣਕਾਰੀ ਦੇ ਅਧਾਰ ਤੇ ਜਗਜੀਤ ਸਿੰਘ ਉਰਫ ਜੱਸ ਗਰੇਵਾਲ ਨੂੰ ਰਾਜਪੁਰਾ ਸਥਿਤ ਉਸ ਦੇ ਘਰ ਤੋਂ ਗ੍ਰਿਫਤਾਰ ਕਰ ਲਿਆ ਗਿਆ। ਜਦੋਂ ਇਸ ਸਬੰਧੀ ਰਾਜਪੁਰਾ ਸਿਟੀ ਥਾਣੇ ਦੇ ਐਸਐਚਓ ਕਿਰਪਾਲ ਸਿੰਘ ਮੋਹੀ ਨਾਲ ਸੰਪਰਕ ਕਰਨਾ ਚਾਹਿਆ ਤਾਂ ਉਨ੍ਹਾਂ ਨਾਲ ਰਾਬਤਾ ਕਾਇਮ ਨਹੀਂ ਹੋ ਸਕਿਆ ।

## 'ਆਪ' ਨੇ ਪੰਜਾਬ 'ਚ ਵਿੱਤੀ ਸੰਕਟ ਪੈਦਾ ਕੀਤਾ: ਬਾਜਵਾ

ਚੰਡੀਗੜ੍ਹ : ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਅਪਰੈਲ ਅਤੇ ਮਈ ਵਿੱਚ 11,200 ਕਰੋੜ ਰੁਪਏ ਦਾ ਕਰਜ਼ਾ ਲੈਣ 'ਤੇ ਪੰਜਾਬ ਸਰਕਾਰ ਦੀ ਘੇਰਾਬੰਦੀ ਕੀਤੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਝੂਠਾ ਪ੍ਰਚਾਰ ਰਹੀ ਹੈ ਕਿ ਅਪਰੈਲ ਅਤੇ ਮਈ ਮਹੀਨੇ ਵਿਚ ਸਿਰਫ਼ 1000 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਮੁਲਾਜ਼ਮ ਅਤੇ ਪੈਨਸ਼ਨਰ ਪਹਿਲਾਂ ਹੀ 'ਆਪ' ਸਰਕਾਰ ਵਿਰੁੱਧ ਡਟੇ ਹੋਏ ਹਨ ਕਿਉਂਕਿ ਉਨ੍ਹਾਂ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਵਿੱਚ ਕਈ ਮਹੀਨਿਆਂ ਦੀ ਦੇਰੀ ਹੋਈ ਹੈ। ਇੰਨੇ ਵੱਡੇ ਕਰਜ਼ੇ ਨੂੰ ਥੋੜ੍ਹੇ ਸਮੇਂ ਵਿੱਚ ਇਕੱਠਾ ਕਰਨ ਦਾ ਇੱਕ ਮੁੱਖ ਕਾਰਨ ਮੁਲਾਜ਼ਮਾਂ ਨੂੰ ਤਨਖਾਹਾਂ ਅਤੇ ਪੈਨਸ਼ਨਾਂ ਦੇਣਾ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਆਪਣੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ 'ਚ ਵਿੱਤੀ ਸੰਕਟ ਪੈਦਾ ਕਰ ਦਿੱਤਾ ਹੈ।

# ਅਮਰੀਕੀ ਮਹਿਲਾ ਮਰ ਕੇ 8 ਮਿੰਟ ਬਾਅਦ ਹੋਈ ਜ਼ਿੰਦਾ, ਔਰਤ ਨੂੰ ਡਾਕਟਰਾਂ ਨੇ ਐਲਾਨ ਦਿੱਤਾ ਸੀ ਮ੍ਰਿਤਕ



ਅਮਰੀਕਾ ਤੋਂ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ ਜਿਥੇ ਇਕ ਔਰਤ ਜਿਹੜੀ ਮਰ ਚੁੱਕੀ ਸੀ ਕੁਝ ਹੀ ਮਿੰਟਾਂ ਬਾਅਦ ਜ਼ਿੰਦਾ ਹੋ ਜਾਂਦੀ ਹੈ ਤੇ ਹਸਪਤਾਲ ਦੇ ਬੈੱਡ 'ਤੇ ਉਠ ਕੇ ਬੈਠ ਜਾਂਦੀ ਹੈ। ਡਾਕਟਰ ਉਸ ਨੂੰ ਮ੍ਰਿਤਕ ਐਲਾਨ ਦਿੰਦੇ ਹਨ ਪਰ ਉਹ 8 ਮਿੰਟਾਂ ਬਾਅਦ ਉਹ ਉਠ ਕੇ ਬੈਠ ਜਾਂਦੀ ਹੈ ਤੇ ਕਹਿੰਦੀ ਹੈ ਕਿ ਜਿਸ ਵੇਲੇ ਮੈਂ ਮਰੀ ਸੀ ਤਾਂ ਮੈਨੂੰ ਅਹਿਸਾਸ ਹੋਇਆ ਕਿ ਮੌਤ ਇਕ ਧੋਖਾ ਹੈ। ਇਸ ਗੱਲ ਨੂੰ ਮੈਂ ਆਪਣੇ ਮਨ ਵਿਚ ਬਿਠਾਇਆ ਤੇ ਉਠ ਕੇ ਖੜ੍ਹੀ ਹੋ ਗਈ। ਹਰ ਕੋਈ ਇਹ ਸਭ ਸੁਣ ਕੇ ਹੈਰਾਨ ਹੋ ਰਿਹਾ ਹੈ।

ਦੱਸ ਦੇਈਏ ਕਿ 33 ਸਾਲ ਦੀ ਔਰਤ ਬ੍ਰਾਇਨਾ ਲੈਫਰਟੀ ਜੋ ਦਿਮਾਗੀ ਬੀਮਾਰੀ ਤੋਂ ਪੀੜਤ ਸੀ,ਉਹ ਨੂੰ ਕਦੇ ਨੀਂਦ ਨਹੀਂ ਆਉਂਦੀ ਸੀ। ਉਸ ਦੀ ਹਾਲਤ ਕਾਫੀ ਖਰਾਬ ਸੀ ਤੇ ਇਸ ਦੇ ਬਾਅਦ ਉਸ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਜਾਂਦਾ ਹੈ ਪਰ 8 ਮਿੰਟਾਂ ਬਾਅਦ ਉਹ ਫਿਰ ਤੋਂ ਜਾਗ ਗਈ।

ਜਿਉਂਦਾ ਹੋਣ ਦੇ ਬਾਅਦ ਉਸ ਨੇ ਕਿਹਾ ਕਿ ਮੇਰੀ ਆਤਮਾ ਸਰੀਰ ਵਿਚੋਂ ਬਾਹਰ ਆ ਰਹੀ ਸੀ ਤੇ ਮੈਂ ਹਵਾ ਵਿਚ ਉਡ ਰਹੀ ਸੀ। ਮੈਂ ਆਪਣੇ ਸਰੀਰ ਨੂੰ ਬੈੱਡ 'ਤੇ ਬੇਜਾਨ ਪਏ ਦੇਖਿਆ ਤੇ ਫਿਰ ਮੈਨੂੰ ਅਹਿਸਾਸ ਹੋਇਆ ਕਿ ਮੌਤ ਤਾਂ ਇਕ ਧੋਖਾ ਹੈ। ਆਤਮਾ ਤਾਂ ਹਮੇਸ਼ਾ ਜਿੰਦਾ ਰਹਿੰਦੀ ਹੈ। ਅਸੀਂ ਆਪਣੇ ਸਰੀਰ ਵਿਚੋਂ ਬਾਹਰ ਆ ਜਾਂਦੇ ਹਾਂ ਤੇ ਮਰਦੇ ਨਹੀਂ। ਡਾਕਟਰ ਵੀ ਹੈਰਾਨ ਹੋ ਗਏ।

# ਨਾਵਲਕਾਰ ਜੱਗੀ ਕੁੱਸਾ ਦੀ ਮਰਹੂਮ ਧੀ ਲਾਲੀ ਕੁੱਸਾ ਤੇ ਘੱਲੂਘਾਰਾ "ਪੰਜ ਦਰਿਆ" ਵਿਸ਼ੇਸ਼ ਅੰਕ ਲੋਕ ਅਰਪਣ ਸਮਾਗਮ ਕਰਵਾਇਆ

## ਨਾਵਲਕਾਰਾ ਕਮਲ ਗਿੱਲ ਦਾ ਨਾਵਲ 'ਅਧੂਰੀ ਕਹਾਣੀ' ਵੀ ਲੋਕ ਅਰਪਣ ਕੀਤਾ



ਗਲਾਸਗੋ : ਸਕਾਟਲੈਂਡ ਦੇ ਇਤਿਹਾਸ ਵਿੱਚ ਹੁਣ ਤੱਕ ਦੇ ਪਹਿਲੇ ਅਖ਼ਬਾਰ 'ਪੰਜ ਦਰਿਆ' ਵੱਲੋਂ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸੈਂਕੜਿਆਂ ਦੀ ਤਾਦਾਦ ਵਿੱਚ ਪਹੁੰਚ ਕੇ ਭਾਈਚਾਰੇ ਦੇ ਲੋਕਾਂ ਨੇ ਸ਼ਿਰਕਤ ਕੀਤੀ। ਜਿਕਰਯੋਗ ਹੈ ਕਿ 'ਪੰਜ ਦਰਿਆ' ਅਖ਼ਬਾਰ ਦਾ ਇਹ ਵਿਸ਼ੇਸ਼ ਅੰਕ ਜੂਨ 1984 ਘੱਲੂਘਾਰਾ ਅਤੇ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੀ ਮਰਹੂਮ ਧੀ ਲਾਲੀ ਕੁੱਸਾ ਨੂੰ ਸਮਰਪਿਤ ਸੀ। ਜਿੱਥੇ ਇਸ ਸਮਾਗਮ ਦੌਰਾਨ ਪੰਜ ਦਰਿਆ ਦਾ ਇਹ ਵਿਸ਼ੇਸ਼ ਅੰਕ ਲੋਕ ਅਰਪਣ ਕੀਤਾ ਗਿਆ ਉੱਥੇ 'ਪੰਜ ਦਰਿਆ' ਦੀ ਕਾਵਿ ਸੰਪਾਦਿਕਾ ਤੇ ਨਾਵਲਕਾਰਾ ਕਮਲ ਗਿੱਲ ਦਾ ਦੂਜਾ ਨਾਵਲ ਅਧੂਰੀ ਕਹਾਣੀ ਵੀ ਲੋਕ ਅਰਪਣ ਕੀਤਾ ਗਿਆ। ਸਮਾਗਮ ਵਿੱਚ ਬਰਤਾਨੀਆ ਦੇ ਵੱਖ ਵੱਖ ਸ਼ਹਿਰਾਂ ਚੋਂ ਪਹੁੰਚ ਕੇ ਵਿਦਵਾਨ ਸਖਸੀਅਤਾਂ ਇਹਨਾਂ ਇਤਿਹਾਸਿਕ ਪਲਾਂ ਦੀਆਂ ਗਵਾਹ ਬਣੀਆਂ । ਪੇਜ਼ਲੀ ਦੇ ਖਚਾਖਚ ਭਰੇ 'ਦ ਵਾਈਂਡ ਸੈਂਟਰ' 'ਚ ਹੋਏ ਇਸ ਸਮਾਗਮ ਦੌਰਾਨ 'ਪੰਜ ਦਰਿਆ' ਦੇ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਨੇ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ, ਨਾਵਲਕਾਰਾ ਕਮਲ ਗਿੱਲ, ਸਪਾਈਸ ਆਫ ਲਾਈਫ ਦੇ ਡਾਇਰੈਕਟਰ ਪਰਮਜੀਤ ਸਿੰਘ ਸਮਰਾ, ਮਨਜੀਤ ਸਿੰਘ ਚੀਮਾ ਸੰਦਰਲੈਂਡ, ਗੁਰਮੇਲ ਸਿੰਘ ਧਾਮੀ ਅਤੇ ਹਰਦਿਆਲ ਸਿੰਘ ਬਾਹਰੀ ਨੂੰ ਪ੍ਰਧਾਨਗੀ ਮੰਡਲ ਵਿੱਚ ਬਿਰਾਜਮਾਨ ਹੋਣ ਦਾ ਸੱਦਾ ਦਿੱਤਾ। ਨਾਵਲਕਾਰਾ ਕਮਲ ਗਿੱਲ ਨੂੰ ਸਨਮਾਨ ਦਿੰਦਿਆਂ 'ਪੰਜ ਦਰਿਆ' ਦੀਆਂ ਔਰਤ ਮੈਂਬਰਾਨ ਵੱਲੋਂ ਸਿਰ ਉੱਪਰ ਫੁਲਕਾਰੀ ਤਾਣ ਕੇ ਹਾਲ ਅੰਦਰ ਪ੍ਰਵੇਸ਼ ਕਰਾਇਆ ਗਿਆ। ਹਾਜ਼ਰੀਨ ਦਾ ਸਵਾਗਤ ਬਾਬਾ ਬੁੱਢਾ ਦਲ ਗਲਾਸਗੋ ਦੇ ਸੇਵਾਦਾਰ ਹਰਜੀਤ ਸਿੰਘ ਖਹਿਰਾ ਨੇ ਆਪਣੇ ਸ਼ਬਦਾਂ ਰਾਹੀਂ ਕੀਤਾ। ਸ਼ਿਵਚਰਨ ਜੱਗੀ ਕੁੱਸਾ ਨੇ ਬੋਲਦਿਆਂ 'ਪੰਜ ਦਰਿਆ' ਟੀਮ ਅਤੇ ਗਲਾਸਗੋ ਦੇ ਭਾਈਚਾਰੇ ਦਾ ਧੰਨਵਾਦ ਕੀਤਾ ਜਿਸ ਨੇ ਉਹਨਾਂ ਦੀ ਬੇਟੀ ਲਾਲੀ ਕੁੱਸਾ ਦੀ ਜਾਨ ਲੈਣ ਵਾਲੇ 'ਮੈਡੀਕਲ ਅੱਤਵਾਦ' ਨੂੰ ਨੰਗਾ ਕਰਦਾ ਵਿਸ਼ੇਸ਼ ਅੰਕ ਲੋਕ ਅਰਪਣ ਕਰਨ ਦਾ ਜੇਰਾ ਕੀਤਾ। ਨਾਵਲਕਾਰਾ ਕਮਲ ਗਿੱਲ ਨੇ ਨਾਵਲ 'ਅਧੂਰੀ ਕਹਾਣੀ' ਬਾਰੇ ਬੋਲਦਿਆਂ ਜਿੱਥੇ ਵਿਸ਼ਾਲ ਸਮਾਗਮ ਰਚਾਉਣ ਦੀ ਪ੍ਰਬੰਧਕ ਟੀਮ ਨੂੰ ਵਧਾਈ ਦਿੱਤੀ ਉੱਥੇ ਔਰਤ ਨਾਲ ਹੁੰਦੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਰੂਪੀ ਤਸ਼ੱਦਦ ਦੀ ਬਾਤ ਪਾਉਂਦਿਆਂ ਨਾਵਲ 'ਗੰਧਲੇ ਰਿਸ਼ਤੇ' ਤੇ 'ਅਧੂਰੀ ਕਹਾਣੀ' ਪੜ੍ਹਨ ਦੀ ਤਾਕੀਦ ਕੀਤੀ। ਇਸ ਉਪਰੰਤ ਸਰਵ ਸ੍ਰੀ ਮਨਜੀਤ ਸਿੰਘ ਚੀਮਾ, ਹਰਦਿਆਲ ਸਿੰਘ ਬਾਹਰੀ, ਲਖਵੀਰ ਸਿੰਘ ਸਿੱਧੂ, ਪ੍ਰਭਜੋਤ ਕੌਰ ਵਿਰ੍ਹੀਆ, ਪਰਮਜੀਤ ਸਿੰਘ ਸਮਰਾ, ਰਵਿੰਦਰ ਸਿੰਘ ਸਹੋਤਾ, ਗੁਰਮੇਲ ਸਿੰਘ ਧਾਮੀ, ਜਸਵਿੰਦਰ ਕਲੇਰ, ਅਮਨਦੀਪ ਸਿੰਘ ਅਮਨ, ਸੁਰਜੀਤ ਸਿੰਘ ਚੌਧਰੀ ਭਓ, ਗਿਆਨੀ ਅਮਰੀਕ ਸਿੰਘ, ਸੋਹਣ ਸਿੰਘ ਰੰਧਾਵਾ, ਸੁਲੱਖਣ ਸਿੰਘ ਸਮਰਾ, ਲਾਭ ਗਿੱਲ ਦੋਦਾ ਅਤੇ ਸਲੀਮ ਰਜ਼ਾ ਰਾਏਕੋਟੀ ਆਦਿ ਬੁਲਾਰਿਆਂ ਨੇ ਬਹੁਤ ਹੀ ਭਾਵੁਕ ਸ਼ਬਦਾਂ ਨਾਲ ਮਰਹੂਮ ਲਾਲੀ ਕੁੱਸਾ ਨੂੰ ਉਹਨਾਂ ਦੀ ਦੂਜੀ ਬਰਸੀ 'ਤੇ ਯਾਦ ਕਰਦਿਆਂ 'ਪੰਜ ਦਰਿਆ' ਦਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ ਲਈ ਸ਼ਾਬਾਸ਼ ਦਿੱਤੀ ਤੇ ਨਾਲ ਹੀ ਬਹੁਤ ਹੀ ਸੂਖਮ ਅਤੇ ਵਿਸ਼ਾਲ ਮਤਲਬ ਰੱਖਦੇ ਮੁੱਦਿਆਂ ਨੂੰ ਨਾਵਲ 'ਅਧੂਰੀ ਕਹਾਣੀ' ਰਾਹੀਂ ਉਜਾਗਰ ਕਰਨ ਲਈ ਕਮਲ ਗਿੱਲ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਨਾਵਲਕਾਰਾ ਕਮਲ ਗਿੱਲ ਨੂੰ ਵੈਸਟ ਮਿਡਲੈਂਡਜ਼ ਤੋਂ 'ਪੰਜ ਦਰਿਆ' ਲਈ ਸਹਿਯੋਗੀ ਵਜੋਂ ਸੇਵਾਵਾਂ ਦੇਣ ਅਤੇ ਕਾਵਿ ਸੰਪਾਦਿਕਾ ਦੀ ਵਡੇਰੀ ਜ਼ਿੰਮੇਵਾਰੀ ਦਿੰਦਿਆਂ ਕੀਰਤ ਖੁਰਮੀ ਨੇ ਸਨਾਖਤੀ ਕਾਰਡ ਅਤੇ ਗੁਰਮੁਖੀ ਉੱਕਰੀ ਚੁੰਨੀ ਸਮੂਹ ਔਰਤ ਮੈਂਬਰਾਨ ਨੂੰ ਨਾਲ ਲੈ ਕੇ ਸਨਮਾਨ ਸਹਿਤ ਭੇਂਟ ਕੀਤੀ। ਇਸਦੇ ਨਾਲ ਹੀ ਸ਼ਿਵਚਰਨ ਜੱਗੀ ਕੁੱਸਾ ਨੂੰ ਵੀ ਆਨਰੇਰੀ ਸੰਪਾਦਕ ਦੀ ਜ਼ਿੰਮੇਵਾਰੀ ਦਿੰਦਿਆਂ ਸਨਾਖਤੀ ਕਾਰਡ ਅਤੇ ਲੋਈ ਨਾਲ ਨਿਵਾਜਿਆ ਗਿਆ।

ਮੰਚ ਸੰਚਾਲਕ ਦੇ ਫਰਜ ਨਿਭਾਉਂਦਿਆਂ ਮਨਦੀਪ ਖੁਰਮੀ ਹਿੰਮਤਪੁਰਾ ਨੇ ਕਿਹਾ ਕਿ 'ਪੰਜ ਦਰਿਆ' ਟੀਮ ਗਲਾਸਗੋ ਨੂੰ ਵਿਸ਼ਵ ਪੱਧਰ 'ਕੇ ਸੁਰਖੀਆਂ ਵਿੱਚ ਲਿਆਉਣ ਲਈ ਵਚਨਬੱਧ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚੋਂ ਸਾਹਿਤ ਪ੍ਰੇਮੀ ਗਲਾਸਗੋ 'ਚ ਹੁੰਦੇ ਸਾਹਿਤਕ ਸਮਾਗਮਾਂ ਵਿੱਚ ਸ਼ਿਰਕਤ ਕਰਿਆ ਕਰਨਗੇ ਤਾਂ ਹਾਜ਼ਰੀਨ ਨੇ ਜ਼ੋਰਦਾਰ ਤਾੜੀਆਂ ਨਾਲ ਖੁਰਮੀ ਦੀ ਇੱਛਾ 'ਤੇ ਮੋਹਰ ਲਾਈ।















ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਯਾਤਰੀ ਗਨ ਧਿਆਨ ਦੇ !



ਬੁੱਧ ਸਿੰਘ ਨੀਲੋਂ
94643 70823

ਇਸ ਪੰਜਾਬ ਵਿੱਚ ਕੁਦਰਤੀ ਗਰਮੀ ਦਾ ਪ੍ਰਕੋਪ ਜਾਰੀ ਹੈ, ਘਰੋਂ ਬਾਹਰ ਨਿਕਲਣਾ ਤੁਹਾਡੇ ਲਈ ਹਾਨੀਕਾਰਕ ਹੈ। ਬਾਹਰ ਸੂਰਜ ਤੋਂ ਇਲਾਵਾ ਤੁਹਾਨੂੰ ਹੋਰ ਕੋਈ ਲੁੱਟ ਖੋਹ ਕਰਨ ਵਾਲਾ ਮਿਲੇ ਨਾ ਮਿਲੇ। ਸਰਕਾਰੀ ਸੇਵਾਦਾਰ ਤੁਹਾਡੀ ਸੇਵਾ ਕਰਨ ਮਿਲ ਸਕਦੇ ਹਨ। ਤੁਹਾਡੀ ਕਿਸਮਤ ਉਪਰ ਨਿਰਭਰ ਕਰਦਾ ਹੈ ਕਿ ਤੁਸੀਂ ਤੰਦਰੁਸਤ ਵਾਪਸ ਆ ਸਕੋ। ਨਹੀਂ ਇਹ ਇਹ ਸੇਵਾਦਾਰ ਸੇਵਾ ਕਰਨ ਤੋਂ ਗਧੇ ਦੇ ਸਿੰਗਾਂ ਵਾਂਗ ਰੂਪੋਸ਼ ਹੋ ਸਕਦੇ ਹਨ। ਜਿਵੇਂ ਮਾਸਟਰ ਸਾਹਿਬ ਦੀ ਸੇਵਾ ਕਰਨ ਤੋਂ ਬਾਅਦ ਗ਼ਾਇਬ ਹੋਏ ਹਨ। ਇਹਨਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ ਪਟਿਆਲਾ ਦੇ ਕੁੱਝ ਸੇਵਾਦਾਰ ਸੇਵਾ ਕਰਨ ਤੋਂ ਬਾਅਦ ਨਹੀਂ ਲੱਭ ਰਹੇ। ਮਾਣਯੋਗ ਹਾਈਕੋਰਟ ਦੇ ਹੁਕਮ ਵੀ ਇਹਨਾਂ ਨੇ ਛਿੱਕੇ ਟੰਗ ਦਿੱਤੇ ਹਨ। ਪੰਜਾਬ ਹੁਣ ਇਹਨਾਂ ਵਰਦੀਧਾਰੀ ਸੇਵਾਦਾਰਾਂ ਦੇ ਹਵਾਲੇ ਹੈ। ਬਚਾਓ ਵਿੱਚ ਬਚਾਓ ਹੈ। ਤੁਹਾਡੀ ਜੀਵਨ ਯਾਤਰਾ ਸ਼ੁੱਭ ਮੰਗਲਮ ਰਹੇ। ਮਹੌਲ ਹੁਣ ਪਹਿਲਾਂ ਵਰਗਾ ਨਹੀਂ ਰਿਹਾ। ਬਾਕੀ ਤੁਹਾਡੀ ਮਰਜ਼ੀ ਹੈ। ਕਿਉਂ ਕਿ ਮੁੱਠਭੇੜ ਫਰਜ਼ੀ ਹੈ। ਇਹ ਕਦੋਂ ਤੇ ਕਿੱਥੇ ਹੋ ਜਾਵੇ, ਕੋਈ ਪਤਾ ਨਹੀਂ ਲੱਗਦਾ, ਇਸ ਲਈ ਘਰਾਂ ਵਿੱਚ ਰਹੋਗੇ ਤਾਂ ਵੀ ਤੁਸੀਂ ਬਚ ਕੇ ਰਹੋ। ਇਹ ਸੇਵਾਦਾਰ ਘਰਾਂ ਵਿੱਚ ਵੀ ਸੇਵਾ ਕਰਨ ਅੰਮ੍ਰਿਤ ਵੇਲੇ ਪੁਜ ਜਾਂਦੇ ਹਨ। ਹੁਣ ਤੁਸੀਂ ਕਹੋਗੇ ਕਿ ਬੰਦਾ ਕਿਥੇ ਸੁਰੱਖਿਅਤ ਹੈ? ਬੰਦਾ ਕਿਥੇ ਸੁਰੱਖਿਅਤ ਰਹਿ ਸਕਦਾ ਹੈ ਇਸ ਲਈ ਖੋਜ ਜਾਰੀ ਹੈ। ਜਦੋਂ ਵੀ ਕੋਈ ਦਵਾਈ ਬੂਟੀ ਸੱਪ ਸਲੂਟੀ ਮਿਲੀ ਤਾਂ ਤੁਹਾਨੂੰ ਦੱਸ ਦੇਵਾਂਗੇ। ਉਂਝ ਮਾਹੌਲ ਠੀਕ ਠਾਕ ਹੈ,ਨਸ਼ਿਆਂ ਦੇ ਵਿੱਚ ਢਿੱਲ ਵਰਤਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਹੈ। ਕੁੱਝ ਪੁਲਿਸ ਇੰਸਪੈਕਟਰ ਵਰਦੀਆਂ ਸਮੇਤ ਫਰਾਰ ਹਨ, ਪੁਲਿਸ ਟੀਮਾਂ ਬਣਾ ਕਿ ਉਹਨਾਂ ਬਿੱਲੀ ਚੂਹੇ ਦੀਆਂ ਖੇਡਾਂ ਖੇਡਦੀ ਹੈ। ਕਿਉਂਕਿ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹੈ। ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਅਧੀਨ ਪਖ਼ਾਨਿਆਂ ਦੇ ਉਦਘਾਟਨ ਸਮਾਰੋਹ ਬੰਦ ਕਰ ਦਿੱਤੇ ਹਨ। ਕੁਲ ਮਿਲਾ ਕੇ ਸਥਿਤੀ ਸ਼ਾਂਤ ਪੂਰਵਕ ਹੈ।



ਮਾਹੌਲ ਠੀਕ ਹੈ, ਪੁਲਿਸ ਮੁਸਤੈਦ ਹੈ। ਕਾਤਲ ਪੁਲਿਸ ਦੀ ਪਕੜ ਤੋਂ ਬਾਹਰ ਹਨ, ਘਰਾਂ ਵਿਚੋਂ ਚੁੱਕ ਕੇ ਨੌਜਵਾਨਾਂ ਨੂੰ ਕ਼ਤਲ ਕਰਨ ਵਾਲੇ ਪੁਲਿਸ ਅਧਿਕਾਰੀ ਖਾਮੋਸ਼ ਹਨ। ਉਹਨਾਂ ਦੀਆਂ ਕੀਤੀਆਂ ਅੱਗੇ ਆ ਰਹੀਆਂ ਹਨ। ਆਪੇ ਬੀਜਿ ਤੇ ਆਪੇ ਖਾ, ਦਾ ਵਰਤਾਰਾ ਬਣਿਆ ਹੋਇਆ ਹੈ। ਨਾਭਾ ਪੁਲਿਸ ਮੁਕਾਬਲੇ ਦੀ ਸੀਬੀਆਈ ਜਾਂਚ ਪੜਤਾਲ ਕਰਨ ਲਈ ਹੁਕਮ ਹੋਇਆ ਹੈ। ਪੁਲਿਸ ਡਰੀ ਹੋਈ ਹੈ। ਕਿਉਂਕਿ ਚੁਰਾਸੀ ਤੋਂ ਬਾਅਦ ਝੂਠੇ ਪੁਲਿਸ ਮੁਕਾਬਲੇ ਕਰਨ ਵਾਲਿਆਂ ਨੂੰ ਸੀਬੀਆਈ ਅਦਾਲਤ ਸਜ਼ਾਵਾਂ ਸੁਣਾ ਰਹੀ ਹੈ। ਉਂਝ ਮਾਹੌਲ ਠੀਕ ਹੈਂ। ਮੌਸਮ ਠੰਢਾ ਹੋਇਆ ਹੈ, ਮੀਂਹ ਤੇ ਝੱਖੜ ਝੁੱਲ ਸਕਦਾ ਹੈ, ਕੋਈ ਹੋਰ ਨਿਰਦੋਸ਼ ਪਸ਼ੂ ਪੰਛੀ ਤੇ ਮਨੁੱਖ ਮਾਰਿਆ ਜਾ ਸਕਦਾ ਹੈ। ਹੋਣੀ ਨੂੰ ਕੌਣ ਟਾਲ ਸਕਦਾ ਹੈ। ਸਰਕਾਰ ਨੇ ਪੁਲਿਸ ਅਧਿਕਾਰੀ ਦਾ ਮੁੱਲ ਦੋ ਕਰੋੜ ਰੁਪਏ ਪਾਇਆ ਹੈ, ਕਾਤਲਾਂ ਨੂੰ ਭਜਾਇਆ ਹੈ। ਸਰਕਾਰ ਵਲੋਂ ਕਾਤਲਾਂ ਲਈ ਕੋਈ ਸੁਨੇਹਾ ਨਹੀਂ ਆਇਆ, ਇਸ ਲਈ ਪੁਲਿਸ ਅਧਿਕਾਰੀ ਆਪਣੀ ਜਾਨ ਦੀ ਰਾਖੀ ਖੁਦ ਕਰਨ। ਉਹ ਮੂੰਹ ਜ਼ੁਬਾਨੀ ਹੁਕਮਾਂ ਨੂੰ ਛਿੱਕੇ ਟੰਗ ਕੇ ਕਾਨੂੰਨ ਦਾ ਸ਼ਿਕੰਜਾ ਕਸਣ। ਨਹੀਂ ਤਾਂ ਇਹ ਅੱਗ ਉਹਨਾਂ ਤੱਕ ਪੁੱਜੀ ਸਮਝੋ, ਤਰਨਤਾਰਨ ਵਾਲੀ ਖ਼ਬਰ ਤੋਂ ਕੁੱਝ ਸਿੱਖਣ ਦੀ ਕੋਸ਼ਿਸ਼ ਕਰਨ। ਨਹੀਂ ਤਾਂ ਬੁਢਾਪੇ ਵਿੱਚ ਜੇਲ੍ਹ ਕੱਟਣੀ ਔਖੀ ਹੁੰਦੀ ਹੈ। ਸੀਬੀਆਈ ਅਦਾਲਤ ਕਿਸੇ ਨੂੰ ਮੁਆਫ਼ ਨਹੀਂ ਕਰਦੀ। ਆਪਣੇ ਖ਼ੂਨ ਨਾਲ ਲਿਬੜੇ ਹੱਥਾਂ ਪੈਰਾਂ ਤੇ ਮੂੰਹ ਧੋਵੋ। ਗੁਰੂ ਹਰਿਸਹਾਏ ਵਿੱਚ ਫੌਜਾ ਸਿੰਘ ਫਰਾਰੀ ਦੇ ਖ਼ਿਲਾਫ਼ ਪ੍ਰਦਰਸ਼ਨ ਜਾਰੀ ਹੈ। ਲੋਕ ਸਰਕਾਰ ਖ਼ਿਲਾਫ਼ ਸੜਕਾਂ ਉਤੇ ਧੁੱਪ ਵਿੱਚ ਸੁੱਕ ਰਹੇ ਹਨ। ਪੰਜਾਬ ਸਰਕਾਰ ਲੁਧਿਆਣੇ ਦੀ ਸੀਟ ਜਿੱਤਣ ਲਈ ਸਰਕਾਰੀ ਮਸ਼ੀਨਰੀ ਸਮੇਤ ਗ਼ਲੀ ਗ਼ਲੀ ਫਿਰਦੀ ਹੈ। ਆਂਗਣਵਾੜੀ ਤੇ ਆਸ਼ਾ ਵਰਕਰਾਂ, ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਜਥੇਬੰਦੀਆਂ ਵੀ ਸੜਕਾਂ ਉੱਤੇ ਸਰਕਾਰ ਦੀ ਆਰਤੀ ਉਤਾਰ ਰਹੀਆਂ ਹਨ। ਆਮ ਆਦਮੀ ਪਾਰਟੀ ਵੱਲੋਂ ਦਰੋਪਤੀ ਦਾਅ ਤੇ ਲਗਾ ਦਿੱਤੀ ਹੈ। ਦੋਵੇਂ ਪਾਸੇ ਫੌਜਾਂ ਸ਼ਬਦਾਂ ਦੀਆਂ ਮਿਜ਼ਾਇਲਾਂ ਦਾਗ ਰਹੀਆਂ ਹਨ। ਭਗਵੰਤ ਮਾਨ ਦੀ ਰੈਲੀ ਵਿੱਚ ਬੈਠੇ ਭਮੱਕੜ ਤਾੜੀਆਂ ਮਾਰਦੇ ਹਨ। ਸਰਕਾਰੀ ਵਿਭਾਗਾਂ ਦੇ ਫੰਡ ਪੰਜਾਬ ਸਰਕਾਰ ਨੇ ਵਾਪਸ ਮੰਗਵਾਏ ਹਨ। ਇੱਕ ਹਜ਼ਾਰ ਕਰੋੜ ਰੁਪਏ ਹੋਰ ਕਰਜ਼ਾ ਲਿਆ ਹੈ। ਮੁਲਾਜ਼ਮਾਂ ਤੇ ਪੈਨਸ਼ਨਰਾਂ ਲਈ ਖਜ਼ਾਨਾ ਦਫਤਰ ਬੰਦ ਕਰ ਦਿੱਤਾ ਹੈ। ਖਤਰੇ ਦਾ ਘੁੱਗੂ ਬੋਲ ਪਿਆ ਹੈ। ਵਿੱਤੀ ਐਮਰਜੈਂਸੀ ਲਗਾ ਦਿੱਤੀ ਹੈ। ਹੁਣ ਤੁਸੀਂ ਰੱਬ ਦੇ ਆਸਰੇ ਓ। ਇਸ ਲਈ ਦਵਾਈ ਨਾਲੋਂ ਦੁਆਵਾਂ ਕਰੋ, ਪਰਹੇਜ਼ ਰੱਖੋ। ਆਪਾਂ ਸਰਕਾਰ ਨਾਲ ਨਹੀਂ, ਭੁੱਖ ਤੇ ਬੀਮਾਰੀ ਨਾਲ ਲੜਨਾ ਹੈ। ਤੁਸੀਂ ਹੁਣ ਕਾਨੂੰਨ ਦੀ ਰਾਖੀ ਕਰੋ, ਬਹੁਤ ਮੁਫ਼ਤ ਦਾ ਮਾਲ ਛਕਿਆ ਹੈ, ਰਿਸ਼ਵਤਖੋਰੀ ਨਾਲ ਮਹਿਲ ਉਸਾਰੇ ਗਏ ਹਨ। ਸਭ ਇਥੇ ਹੀ ਰਹਿ ਜਾਣੇ ਹਨ। ਨਾਲ਼ ਕੁੱਝ ਨਹੀਂ ਜਾਣਾ। ਸੰਭਲੋ ਪੰਜਾਬੀਓ ਦੁਸ਼ਮਣ ਦੀਆਂ ਚਾਲਾਂ ਨੂੰ, ਉਹਨਾਂ ਭਰਾ ਮਾਰੂ ਹੱਲਾ ਬੋਲਿਆ ਹੈ। ਹੁਣ ਤੀਜਾ ਘੱਲੂਘਾਰਾ ਹੋਵੇਗਾ। ਬਚਾਅ ਹੁੰਦਾ ਹੈ ਬਚ ਜਾਵੋ। ਪੰਜਾਬ ਨੂੰ ਸੋਚੀ ਸਮਝੀ ਸਾਜ਼ਿਸ਼ ਅਧੀਨ ਅੱਸੀਵਿਆਂ ਦੇ ਦਹਾਕੇ ਵੱਲ ਧੱਕਿਆ ਜਾ ਰਿਹਾ ਹੈ। ਹੁਣ ਚਿਹਰੇ ਬਦਲੇ ਹਨ, ਨੀਤੀਆਂ ਓਹੀ ਹਨ, ਪੰਜਾਬ ਦੇ ਲੋਕਾਂ ਨੂੰ ਇਹਨਾਂ ਚਾਲਾਂ ਨੂੰ ਸਮਝਣਾ ਚਾਹੀਦਾ ਹੈ, ਸਿਆਸੀ ਪਾਰਟੀਆਂ ਦੇ ਆਗੂਆਂ ਇਸ ਕਹਾਣੀ ਦਾ ਸੱਚ ਪਤਾ ਹੈ, ਉਹਨਾਂ ਨੇ ਲੋਕਾਂ ਦਾ ਧਿਆਨ ਬਦਲਣ ਲਈ ਸਿਆਸੀ ਰੇੜਕਾ ਪਾਇਆ ਹੋਇਆ ਹੈ। ਪੰਜਾਬ ਦੇ ਲੋਕਾਂ ਨੂੰ ਜੱਟ ਬਨਾਮ ਦਲਿਤ ਭਾਈਚਾਰੇ ਵਿੱਚ ਵੰਡ ਕੇ ਉਕਸਾਇਆ ਜਾ ਰਿਹਾ ਹੈ। ਡਾਕਟਰ ਅੰਬੇਡਕਰ ਦੀਆਂ ਮੂਰਤੀਆਂ ਦੇ ਨਾਲ ਛੇੜਛਾੜ ਕਰਵਾ ਕੇ ਮਾਹੌਲ ਗਰਮਾਇਆ ਜਾ ਰਿਹਾ ਹੈ। ਦਲਿਤ ਭਾਈਚਾਰੇ ਨੂੰ ਭੜਕਾਉਣ ਲਈ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹਨਾਂ ਸਾਜ਼ਿਸ਼ਾਂ ਨੂੰ ਸਮਝਣ ਦੀ ਲੋੜ ਹੈ, ਦੁਸ਼ਮਣ ਬਹੁਤ ਸ਼ਾਤਰ ਦਿਮਾਗ ਨਾਲ ਹਮਲਾ ਕਰ ਰਿਹਾ ਹੈ। ਇਸਨੂੰ ਸਮਝਣ ਦੀ ਲੋੜ ਹੈ ਪਰ ਪੰਜਾਬ ਦੇ ਲੋਕਾਂ ਨੇ ਕੰਨਾਂ ਵਿੱਚ ਤੇਲ ਪਾਇਆ ਹੋਇਆ ਹੈ ਤੇ ਮੂੰਹ ਉਤੇ ਛਿਕਲੀਆਂ ਬੰਨੀਆਂ ਹੋਈਆਂ ਹਨ। ਉਹਨਾਂ ਨੂੰ ਸਭ ਨੂੰ ਪਤਾ ਹੈ ਕਿ ਕੀ ਹੋ ਰਿਹਾ ਪਰ ਚੁੱਪ ਚਾਪ ਤਮਾਸ਼ਾ ਤੱਕਦੇ ਹਨ। ਤੁਸੀਂ ਜਾਵੋ, ਛਿੱਤਰ ਤੇ ਗੋਲੀਆਂ ਖਾਓ।

ਤੁਹਾਡੀ ਜੀਵਨ ਯਾਤਰਾ ਸਫ਼ਲ ਰਹੇ। ਤੁਸੀਂ ਜਿੱਥੇ ਵੀ ਹੋ ਖ਼ੁਸ਼ ਰਹੋ। ਚੁੱਪ ਰਹੋ ਕਿਉਂਕਿ ਬਾਹਰ ਬਹੁਤ ਜੋਰਦਾਰ ਗਰਮੀ ਪੈ ਰਹੀ ਹੈ। ਦੇ ਤੁਹਾਡੇ ਆਲੇ ਦੁਆਲੇ ਕੋਈ ਬਚਿਆ ਦਰਖਤ ਹੈ ਉਹ ਵੀ ਵੱਢ ਦਿਓ। ਤਾਂ ਕਿ ਮੌਸਮ ਤੇ ਮਾਹੌਲ ਠੀਕ ਰਹੇ।
ਧੁੱਪ ਤੁਹਾਡੀ ਯਾਤਰਾ ਸਫ਼ਲ ਕਰੇ।
ਸ਼ੁੱਭ ਮੰਗਲਮ!

# ਸਾਰੰਗੀ ਵਾਲ਼ਾ ਉਦਾਸ ਏ !



"ਓਏ! ਮੁੜ ਕਿਉਂ ਚੱਲਿਆ ਬੇਲੀਆ, ਸੁਣਾ ਜਾਂਦਾ ਕੋਈ ਵਾਰ , ਕੋਈ ਢੱਡ, ਕੋਈ ਸਾਰੰਗੀ, ਕਿਸੇ ਨਰ ਬੰਦੇ ਦੀ ਗੱਲ ਮੇਰੇ ਆਰ !"

"ਕੀ ਸੁਣਾਵਾਂ ਬਾਈ ਸਿੰਆਂ? ਕਹਾਣੀਆਂ ਈ ਮੁੱਕ ਗਈਆਂ, ਨਰ ਬੰਦਿਆਂ ਦੀਆਂ ਤਾਂ, ਹੁਣ ਤਾਂ ਚੀਜ਼ਾਂ ਈ ਨਰ ਹੋ ਗਈਆਂ ।"

"ਆਹ ! ਕੱਲ੍ਹ ਕਿਸੇ ਨਾਲ ਗੱਲੀਂ ਦਰ ਪੈ ਗਿਆ ਮੈਂ ,ਉਹ ਮੁੰਡਾ ਕਹੀ ਜਾਵੇ ਅਖੇ ਥਾਰ ਲਈ ਆ ਬਈ , ਵਾਹਲੀ ਜਾਨ ਆ ਸਹੁਰੀ 'ਚ ,ਭਾਵੇਂ ਟੱਕਰ ਮਾਰ ਕੇ ਪਹਾੜ ਸਿੱਟ ਲਾ...।"

ਦੂਜਾ ਕਹਿੰਦਾ ਅੱਠ ਸੌ ਪਜਵੰਜਾ ਲਿਆਂਦਾ,ਬਸ ਜਮਦੂਤ ਦਾ ਝੋਟਾ ਈ ਆ ਸਹੁਰਾ ਵਾਹਲੀ ਜਾਨ ਆ ।

ਤੀਜਾ ਕਹਿੰਦਾ ਬੁਲਟ ਦੇ ਅਲਾਏ ਪਵਾਏ ਆ ਹੁਣ, ਐਂ ਲਿਸ਼ਕਦੇ ਆ ਭਾਵੇਂ ਮੂੰਹ ਦੇਖ ਲਾ।

ਕਿੰਨਾ ਚਿਰ ਉਹ ਇਹ ਚਰਚਾ ਈ ਕਰੀ ਗਏ....

ਮੈਂ ਸੋਚਿਆ ਕਿ ਯਾਰ ਪਹਿਲਾਂ ਤਾਂ ਗੱਲਾਂ ਚੱਲਦੀਆਂ ਹੁੰਦੀਆਂ ਬੀ ਯਾਰ ਬੜਾ ਨਰ ਬੰਦਾ ਮੱਘਰ ਸਿਹੁੰ, ਟੇਕ ਸਿਹੁੰ ਬੜਾ ਦਰਵੇਸ਼ ਬੰਦਾ, ਬਚਨ ਸਿਹੁੰ ਤਾਂ ਵਚਨ ਦਾ ਪੱਕਾ ਭਾਈ....।

ਆਹ ਕਿਹੜੀਆਂ ਗੱਲਾਂ ਵਿੱਢ ਲਈਆਂ ਅਸੀਂ.....

ਜਿੱਥੇ ਬੰਦ ਬੂਹੇ ਤੇ ਬਾਰੀਆਂ ਹੋਣ,
ਬੰਦਿਆਂ ਤੋਂ ਚੀਜ਼ਾਂ ਪਿਆਰੀਆਂ ਹੋਣ,
ਦਸਤਕ ਨੂੰ ਉਡੀਕਦੇ ਦਰ ਨਹੀਂ ਹੁੰਦੇ।
ਉਹ ਮਕਾਨ ਹੁੰਦੇ ਆ ਸੋਹਣਿਆ
ਉਹ ਘਰ ਨਹੀਂ ਹੁੰਦੇ....।

ਕੱਲ੍ਹ ਗੁਆਂਢੀਆਂ ਦਾ ਮੁੰਡਾ ਕਹਿੰਦਾ ਆਜਾ ਚਾਚਾ ਤੈਨੂੰ ਟੋਚਨ ਮੁਕਾਬਲਾ ਦਿਖਾ ਕੇ ਲਿਆਵਾਂ।

"ਦੇਖੀਂ ਸਾਨਾਂ ਦਾ ਜ਼ੋਰ ਫੇਰ ਕਿਵੇਂ ਲਾਟਾਂ ਛੱਡਦੇ ਆ।"

"ਮਖਿਆ ਕਮਲਿਆ! ਮਸ਼ੀਨਰੀ ਦਾ ਕੀ ਜ਼ੋਰ ਵੇਖਣਾ...ਤੁਸੀਂ ਰੇਸ ਦੱਬੀ ਜਾਨੇ ਓ, ਮਸ਼ੀਨਰੀ ਲਾਟਾਂ ਛੱਡੀ ਜਾਂਦੀ ਆ, ਕੋਈ ਗੱਲ ਆ ਭਲਾ ਇਹ, ਤੁਹਾਡੇ ਇਹਨਾਂ ਮੁਕਾਬਲਿਆਂ ਨੇ ਕਿੰਨੀਆਂ ਮਾਵਾਂ ਦੇ ਪੁੱਤ ਖਾ ਓਏ, ਕੁਝ ਅਕਲ ਨੂੰ ਹੱਥ ਮਾਰੋ ਓਏ ...।"

ਜ਼ੋਰ ਦੇਖਣਾ ਤਾਂ ਆਓ ਕਬੱਡੀ ਦੇ ਮੈਦਾਨ 'ਚ , ਜਦੋਂ ਰੇਡਰ ਪੁਆਇੰਟ ਲੈ ਕੇ ਪਾਲੇ 'ਤੇ ਜਾਕੇ ਥਾਪੀ ਮਾਰਦੈ ,

ਜਾਫੀ ਕੈਂਚੀ ਮਾਰ ਕੇ ਕਹਿੰਦੈ " ਪੁੱਤ ਹੁਣ ਨੀ ਛੱਡਦਾ ਹੁਣ ਤਾਂ ਜ਼ਿੰਦੇ ਲੱਗ ਗੇ।"

ਉਧਰੋਂ ਕੁਮੈਂਟਰੀ ਵਾਲਾ ਭਾਈ ਬੋਲ ਪੈਂਦਾ ......

"ਜ਼ਿੰਦਰਾ ਜ਼ੰਗਾਲ ਖਾ ਗਿਆ, ਕੁੰਜੀ ਲੈ ਦਿਲਾਂ ਜਾਨੀ"

ਆਹ ਜ਼ੋਰ ਹੁੰਦੈ, ਸ਼ੇਰਾ ਵੇਖਣ ਆਲੇ ,
ਰੇਸ ਦੱਬੇ ਤੋਂ ਧੂੰਏ ਦੀ ਲਾਟ ਵੱਜਣੀ ਜ਼ੋਰ ਥੋੜ੍ਹਾ ਹੁੰਦੈ ਸ਼ੇਰਾ।

ਡੀਜ਼ਲ ਦਾ ਜ਼ੋਰ ਇੱਕ ਵੱਖ ਗੱਲ ਆ ਸ਼ੇਰਾ
ਤੇ ਲਹੂ ਦਾ ਜ਼ੋਰ ਅੱਡ ਗੱਲ ਆ।
ਨਾਲੇ ਇਹ ਚੀਜ਼ਾਂ ਜਿਸ ਕੰਮ ਲਈ ਬਣੀਆਂ ਉਹਦੇ ਲਈ ਵਰਤੋਂ....

"ਦੱਬ ਕੇ ਵਾਹ, ਰੱਜ ਕੇ ਖਾਹ"... ਇਹ ਕਹਾਵਤ ਆ
ਤੁਸੀਂ ਪਤੰਦਰੋ ਨਵੀਂ ਬਣਾਲੀ...

"ਆਖੇਂ ਟੋਚਨ ਪਾ, ਸਟੰਟ ਦਿਖਾ, ਬੰਦੇ ਮਰਵਾ...."

ਜਦੋਂ ਸਕੂਲ 'ਚ ਪੜ੍ਹਦੇ ਹੁੰਦੇ ਤੀ ਨਾ , ਮਾਸਟਰ ਜੀ ਵਿਗਿਆਨ ਦਾ ਪਾਠ ਪੜ੍ਹਾਉਂਦੇ ਤੀ।

ਬੀ ਭਾਈ ਵਸਤਾਂ ਦੋ ਪ੍ਰਕਾਰ ਦੀਆਂ ਹੁੰਦੀਆਂ, ਇੱਕ ਤਾਂ ਸਜੀਵ ਤੇ ਦੂਜੀਆਂ ਨਿਰਜੀਵ।

ਸਜੀਵ ਜਿੰਨ੍ਹਾਂ 'ਚ ਜਾਨ ਹੁੰਦੀ ਆ, ਸਾਹ ਲੈਂਦੀਆਂ, ਚੱਲ ਫਿਰ ਸਕਦੀਆਂ ਤੇ ਜਿੰਨਾ 'ਚ ਵਾਧਾ ਵਿਕਾਸ ਹੁੰਦੈ।

ਨਿਰਜੀਵ ਜਿਹੜੀਆਂ 'ਚ ਜਾਨ ਨੀਂ ਹੁੰਦੀ ਸਾਹ ਨੀਂ ਲੈਂਦੀਆਂ, ਵਾਧਾ ਵਿਕਾਸ ਨੀਂ ਹੁੰਦਾ।

ਸਜੀਵ ਵਸਤਾਂ 'ਚ ਅਸੀਂ ਹੁੱਬ ਕੇ ਬੰਦੇ ਦੀ ਉਦਾਹਰਣ ਦਿੰਦੇ ।

ਉਦੋਂ ਨਿਰਜੀਵ ਵਸਤਾਂ ਵਿਚਾਰੀਆਂ ਜੀਆਂ ਲੱਗਦੀਆਂ ਤੇ ਸਜੀਵ ਵਸਤਾਂ ਦੀ ਬੜੀ ਟੌਹਰ ਜੀ ਲੱਗਦੀ।

ਹੁਣ ਜਦੋਂ ਜ਼ਿੰਦਗੀ ਨੇ ਨਵੇਂ ਪਾਠ ਪੜ੍ਹਾਏ ਤਾਂ ਪਤਾ ਲੱਗਿਆ ਬੀ ਹੁਣ ਤਾਂ ਨਿਰਜੀਵ ਵਸਤਾਂ ਦੀ ਸਰਦਾਰੀ ਆ ਭਾਈ...।

ਸਜੀਵ ਚੀਜ਼ਾਂ ਤਾਂ ਹੁਣ ਵਿਚਾਰੀਆਂ ਜੀਆਂ ਬਣ ਗਈਆਂ, ਸਜੀਵ ਵਸਤਾਂ 'ਚ ਜਿਹੜੀ ਜਾਨ ਹੁੰਦੀ ਆ, ਉਹ ਹੁਣ ਨਿਰਜੀਵ ਵਸਤਾਂ ਤੋਂ ਕੁਰਬਾਨ ਹੋ ਜਾਂਦੀ ਆ ।

ਪਹਿਲਾ ਬੰਦਿਆਂ ਨੂੰ ਪਿਆਰ ਕਰਦੇ ਸੀ ਤੇ ਚੀਜ਼ਾਂ ਵਰਤਦੇ ਸੀ ।

ਹੁਣ ਚੀਜ਼ਾਂ ਨੂੰ ਪਿਆਰ ਕਰਦੇ ਆ ਤੇ ਬੰਦਿਆਂ ਨੂੰ ਵਰਤਦੇ ਆ ।

ਅਸੀਂ ਸਬਜ਼ੀਆਂ ਤਾਂ ਆੱਰਗੈਨਿਕ ਉਗਾਉਣ ਲੱਗ ਪਏ ਆ, ਹੁਣ ਆਰਗੈਨਿਕ ਬੰਦੇ ਵੀ ਲੱਭਣੇ ਪਿਆ ਕਰਨਗੇ !

ਸਾਰੰਗੀ ਦੀ ਟੁੱਟੀ ਤਾਰ ਬਾਈ,
ਦੱਸ ਕਿਵੇਂ ਸੁਣਾਵਾਂ ਵਾਰ ਬਾਈ,
ਨਰ ਬੰਦੇ ਕਿੱਥੋਂ ਲੱਭ ਲਿਆਵਾਂ
ਗੱਲਾਂ 'ਚ ਬੁਲਟ ਤੇ ਥਾਰ ਬਾਈ

ਜਸਵਿੰਦਰ ਸਿੰਘ ਚਾਹਲ

CANADIAN TRUCK
TRAINING CENTRE



ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ




* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

UNIVERSAL
MORTGAGES



CALL MUNISH TEGI
Mortgage Agent Level1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL
YOUR MORTGAGE NEEDS

# ਦਿਲ ਦੀ ਧੜਕਣ ਵੱਧ ਗਈ...



ਗੱਡੀ ਭੰਡਾਰੀ ਪੁਲ ਤੋਂ ਹੇਠਾਂ ਵੱਲ ਨੂੰ ਉੱਤਰਨ ਲੱਗੀ...ਦਿਲ ਦੀ ਧੜਕਣ ਵੱਧ ਗਈ..ਮੁੜਕਾ ਆਉਣਾ ਸ਼ੁਰੂ ਹੋ ਗਿਆ..!

ਤਰੇਲੀ ਪੂੰਝਦੇ ਹੋਏ ਨੂੰ ਡਰਾਈਵਰ ਨੇ ਵੇਖ ਲਿਆ...ਆਖਣ ਲੱਗਾ ਸਰਦਾਰ ਜੀ ਏ.ਸੀ ਲਾ ਦੇਵਾਂ?

ਆਖਿਆ ਨਹੀਂ..!

ਗੀਤ ਲੱਗਾ ਹੋਇਆ ਸੀ.."ਅੱਜ ਸੁੱਤੀ ਮਿੱਟੀ ਜਾਗ ਪਈ ਤੇ ਜਾਗ ਪਏ ਦਰਿਆ..ਅੱਜ ਨਿੱਖਰ ਆਉਣਾ ਤਾਰਿਆਂ 'ਤੇ ਚੜ੍ਹਣਾ ਚੰਨ ਨਵਾਂ"

ਅਜੀਬ ਜਿਹੀ ਸ਼ਬਦਾਵਲੀ...ਲੂ ਕੰਢੇ ਖੜ੍ਹੇ ਹੋ ਗਏ..!

ਪੁੱਛਿਆ ਕੌਣ ਏ ਗਾਉਣ ਵਾਲਾ?

ਆਖਣ ਲੱਗਾ ਨਵਾਂ ਮੁੰਡਾ ਏ ਮਨਪ੍ਰੀਤ...ਇਸਦਾ "ਕਿਤਾਬਾਂ ਵਾਲਾ ਰੱਖਣਾ" ਵੀ ਜਰੂਰ ਸੁਣਿਓ!

ਫੇਰ ਅਗਲਾ ਗੀਤ..."ਉੱਚੀ ਮੌਤ ਲਿਖਾ ਲਈ ਜਿੰਨਾ ਕਰਮਾ ਦੇ ਵਿਚ..ਛੇ ਛੇ ਫੁੱਟ ਦੇ ਗੱਭਰੂ ਪਰਿਕਰਮਾ ਦੇ ਵਿਚ"

ਬਾਪੂ ਹੁਰੀ ਚੇਤੇ ਆ ਗਏ...ਅਖੀਰ ਤੱਕ ਗਿਲਾ ਕਰਦੇ ਰਹੇ "ਲੋਕ ਤਾਹਨੇ ਦਿੰਦੇ ਅਖ਼ੇ ਤੇਰਾ ਪੁੱਤ ਹੱਥ ਖੜ੍ਹੇ ਕਰ ਕੇ ਬਾਹਰ ਨਿਕਲ ਆਇਆ ਸੀ..ਬਚਨਾਂ ਤੇ ਪੂਰਾ ਨਹੀਂ ਉੱਤਰਿਆ"!

ਅੱਗਿਓਂ ਸਫਾਈਆਂ ਦਿੰਦਾ ਰਹਿੰਦਾ...ਆਉਂਦੀਆਂ ਅੱਗੇ ਹਿੱਕ ਤਾਂ ਡਾਹੀ ਸੀ..ਜੇ ਨਹੀਂ ਵੱਜੀ ਤੇ ਉਸਦਾ ਕੀ ਕਸੂਰ...!

ਹਾਲ ਬਜਾਰ, ਕੋਤਵਾਲੀ, ਭਰਾਵਾਂ ਦਾ ਢਾਬਾ, ਸਾਰਾਗੜੀ..ਧਰਮ ਸਿੰਘ ਮਾਰਕੀਟ..ਸਭ ਕੁਝ ਵੇਖ ਸੂਰਤ ਇੱਕ ਵੇਰ ਫੇਰ ਵਰਤਮਾਨ ਵੱਲ ਪਰਤ ਆਈ..!

ਸਾਰਾ ਕੁਝ ਹੋਰ ਦਾ ਹੋਰ ਹੀ ਲੱਗ ਰਿਹਾ ਸੀ..!

ਜੋੜਾ ਘਰ..ਲੋਹੇ ਦਾ ਜੰਗਲਾ..ਸੋਢੀ ਵਾਲਾ ਸਿੰਧੀ ਹੋਟਲ..ਸਿੰਧ ਬੈਂਕ..ਹੋਟਲ ਟੈਂਪਲ ਵਿਊ..ਖਿਡੌਣਿਆਂ ਕੱਪੜਿਆਂ ਦੀਆਂ ਦੁਕਾਨਾਂ..ਪਤਾਸਿਆਂ ਵਾਲੇ ਕਾਊਂਟਰ..ਕੁਝ ਵੀ ਉੱਝ ਦਾ ਨਹੀਂ ਸੀ ਰਿਹਾ..!

ਮੇਰੀਆਂ ਨਜਰਾਂ ਅਕਸਰ ਹੀ ਕਿਤਾਬਚੇ ਖਿਲਾਰ ਟੋਕਰੀ ਲੈ ਕੇ ਬੈਠੇ ਭਗਤ ਪੂਰਨ ਸਿੰਘ ਜੀ ਨੂੰ ਲੱਭ ਰਹੀਆਂ ਸਨ..ਠੀਕ ਓਸੇ ਥਾਂ ਪੱਕੇ ਸੰਗਮਰਮਰ ਤੇ ਬੈਠਾ ਇੱਕ ਪ੍ਰੇਮੀਂ ਜੋੜਾ ਸੈਲਫੀ ਖਿੱਚ ਰਿਹਾ ਸੀ..!

ਏਧਰ ਓਧਰ ਵੇਖਿਆ..ਇਥੇ ਕੋਲ ਉਚੇ ਚੁਬਾਰੇ ਤੇ ਹੀ ਤਾਂ ਸਾਡਾ ਮੋਰਚਾ ਸੀ..ਮੈਂ ਪਾਣੀ ਲੈਣ ਗਿਆ..ਆਉਂਦਿਆਂ ਨੂੰ ਸਭ ਕੁਝ ਮੁੱਕ ਗਿਆ..ਮੈਂ ਕੱਲਾ ਹੀ ਬਚਿਆ ਸਾਂ..!

ਅਤੀਤ ਵਿਚ ਫਿਰਦੇ ਹੋਏ ਦਾ ਗੱਡੀ ਵਿਚੋਂ ਉੱਤਰਨ ਦਾ ਹੌਂਸਲਾ ਨਾ ਪਵੇ..!

ਏਨੇ ਨੂੰ ਇੱਕ ਹੋਰ ਗੀਤ ਲੱਗ ਗਿਆ..

ਤੇਰੇ ਨਾ ਦੀਆਂ ਸੁੱਚੀਆਂ ਪਾਲਕੀਆਂ..ਤੇਰੀ ਸਦਾ ਸਦਾ ਜੈਕਾਰ ਹੋਵੇ..ਤੂੰ ਮਨ ਜੋੜੇ ਅਸੀ ਧਨ ਜੋੜੇ..ਤੈਥੋਂ ਟੁੱਟ ਕੇ ਅਸੀ ਖਵਾਰ ਹੋਏ..!

ਮੇਰਾ ਵਜੂਦ ਕੰਬ ਉਠਿਆ..ਝੁਣਝੁਣੀ ਜਿਹੀ ਆਈ ਤੇ ਮੈਂ ਕਾਹਲੀ ਜਿਹੀ ਨਾਲ ਆਖਿਆ..ਟੇਪ ਬੰਦ ਕਰ ਦੇ..!

ਮਨਪ੍ਰੀਤ ਦੇ ਬੋਲ ਅਜੇ ਵੀ ਹਥੌੜੇ ਵਾਂਙ ਵੱਜੀ ਜਾ ਰਹੇ ਸਨ.."ਤੂੰ ਮਨ ਜੋੜੇ ਅਸੀ ਧਨ ਜੋੜੇ..ਤੈਥੋਂ ਟੁੱਟ ਕੇ ਅਸੀ ਖੁਵਾਰ ਹੋਏ"

ਖੁਵਾਰ ਕਾਹਦੇ ਹੋਏ ਅਸੀਂ ਤਾਂ ਕਿਸੇ ਪਾਸੇ ਜੋਗੇ ਰਹੇ ਹੀ ਨਹੀਂ..ਪਿੰਡ..ਪੈਲੀਆਂ..ਬੋਹੜ..ਰੁੱਖ ਘੱਟਾ ਮਿੱਟੀ..ਗੋਹਾ ਡੰਗਰ ਵੱਛਾ ਪਾਣੀ ਛਾਂਵਾਂ ਨਹਿਰਾਂ ਕੱਚੇ ਕੋਠੇ ਗੀਤ ਵਿਆਹ ਮੰਗਣੇ ਕਲਚਰ ਮੇਹਨਤ ਜਜਬਾ ਵੰਗਾਰ ਅਣਖ ਇੱਜਤ..ਸਭ ਕੁਝ ਹੀ ਤੇ ਗਵਾ ਗਿਆ ਸੀ!

ਇੱਕ ਸਿੰਘ ਪ੍ਰਕਰਮਾ ਵਿਚ ਖਲੋਤਾ ਅਰਦਾਸ ਕਰ ਰਿਹਾ ਸੀ.."ਖੁਵਾਰ ਹੋਏ ਸਬ ਮਿਲੇਂਗੇ ਬਚੇ ਸ਼ਰਨ ਜੋ ਹੋਏ"

ਕੋਲ ਖਲੋਤਾ ਸੋਚ ਰਿਹਾਂ ਸਾਂ..ਪਤਾ ਨਹੀਂ ਕਦੋ ਮਿਲਾਂਗੇ..ਸ਼ਾਇਦ ਕਦੀ ਵੀ ਨਹੀਂ..ਓਦੋਂ ਤੱਕ ਤੇ ਸਭ ਕੁਝ ਮੁੱਕ ਹੀ ਜਾਣਾ ਏ..!

ਸੱਤ ਸਮੁੰਦਰ ਪਾਰ ਬਣਾਏ ਲੰਮੇ ਚੌੜੇ ਸਿਲਸਿਲੇ..ਗੈਸ-ਸਟੇਸ਼ਨ..ਗਰੋਸਰੀ ਸਟੋਰ,ਫਾਰਮ ਹਾਊਸ ਅਤੇ ਬੈਂਕ ਬੈਲੇਂਸ..ਮਹਿੰਗੀਆਂ ਗੱਡੀਆਂ ਸਭ ਕੁਝ ਮਿੱਟੀ ਹੋ ਗਿਆ ਮਹਿਸੂਸ ਹੋਣ ਲੱਗਾ..!

ਘੰਟਾ ਘਰ ਮੂਹਰੇ ਖਲੋਤਿਆਂ ਇੰਝ ਲੱਗ ਰਿਹਾ ਸੀ ਜਿੱਦਾਂ ਸ਼ਹੀਦਾਂ ਦੇ ਖੂਨ ਦੀ ਮਿੱਠੀ ਮਿੱਠੀ ਖੁਸ਼ਬੋ ਛੱਡਦਾ ਤਿੰਨ ਦਹਾਕੇ ਪਹਿਲਾਂ ਵਾਲਾ ਉਹ ਮਾਹੌਲ ਆਲਾ ਦਵਾਲਾ ਧਰਤੀ ਕਿਸੇ ਨੇ ਸੋਨੇ ਦੀ ਮਹਿੰਗੀ ਚਾਦਰ ਪਾ ਕੇ ਢੱਕ ਦਿੱਤੀ ਹੋਵੇ..!

ਬਰਛਾ ਫੜੀ ਕੋਲ ਖਲੋਤਾ ਸਿੰਘ ਇੰਝ ਆਖਦਾ ਪ੍ਰਤੀਤ ਹੋਇਆ.."ਗੁਰਮੁਖਾ ਹੁਣ ਉਹ ਪੁਰਾਣਾ ਹਰਿਮੰਦਰ ਸਾਬ ਭੁੱਲ ਜਾ ਤੇ ਇਸ ਨਵੇਂ ਨੂੰ ਹੀ ਆਪਣੇ ਮਨ ਅੰਦਰ ਵਸਾ ਲੈ..!

ਪੁੱਛਿਆ ਏਨੀਆਂ ਗੋਲੀਆਂ ਵੱਜੀਆਂ..ਉਹ ਨਿਸ਼ਾਨ ਕਿੱਧਰ ਗਏ?

ਆਖਣ ਲੱਗਾ ਮਿਟਾ ਦਿੱਤੇ..ਥੋੜੇ ਬਹੁਤ ਰੱਖੇ ਨੇ..ਮੁਆਵਜੇ ਦਾ ਕੇਸ ਗਵਾਹੀ ਖਾਤਿਰ..ਪਰ ਓਧਰ ਜਾਣਾ ਮਣਾ ਏ..ਪ੍ਰਧਾਨ ਸਾਬ੍ਹ ਆਖਦਾ ਭਾਵਨਾਵਾਂ ਭੜਕਦੀਆਂ ਨੇ!

"ਤਾਂ ਫੇਰ ਕੋਲ ਹੀ ਜੱਲਿਆਂ ਵਾਲੇ ਬਾਗ ਅੰਦਰ ਵਾਲੇ ਵੀ ਮਿਟਾ ਦੇਣੇ ਸਨ"

ਅੱਗਿਓਂ ਚੁੱਪ ਰਿਹਾ..ਪਰ ਮੇਰੇ ਅੰਦਰੋਂ ਵਾਜ ਆਈ.."ਉਹ ਤੇ ਰੱਖੇ ਹੀ ਜਾਣਗੇ..ਸਦੀਵੀਂ..ਹਮੇਸ਼ਾਂ ਲਈ..ਪੱਗਾਂ ਵਾਲਿਆਂ ਨੂੰ ਬਾਡਰ ਤੇ ਗੋਲੀ ਅੱਗੇ ਛਾਤੀ ਡਾਹੁਣ ਘੱਲਣ ਵੇਲੇ ਵਿਖਾਉਣ ਲਈ..!

ਸ਼੍ਰੀ ਅਕਾਲ ਤਖ਼ਤ ਅੱਗੇ ਖਲੋਤੇ ਨੂੰ ਅਚਾਨਕ ਠਾਹ ਦੀ ਅਵਾਜ ਸੁਣੀ..ਸੁਰਤ ਕੰਬ ਗਈ..ਇੱਕ ਆਖਣ ਲੱਗਾ ਜੀ ਕਿਸੇ ਜਵਾਕ ਨੇ ਸ਼ਾਇਦ ਦੀਵਾਲੀ ਦਾ ਬਚਿਆ ਹੋਇਆ ਪਟਾਕਾ ਚਲਾ ਦਿੱਤਾ ਹੋਣਾ!

ਮੁੜਨ ਲੱਗਿਆਂ ਪੌੜੀਆਂ ਚੜਿਆ...ਘੰਟਾ ਘਰ ਦੀ ਗਰਿੱਲ ਦਿਸ ਪਈ..ਤੀਰ ਵਾਲੇ ਬਾਬੇ ਦਾ ਪੰਜ ਭੂਤਕ ਇਥੇ ਹੀ ਰਖਿਆ ਸੀ...ਰਹਿਗੁਜਰ ਕਰਤੇ ਵਕਤ ਇਸ ਜਗਾ ਕੋ ਭੀ ਸਿਜਦਾ ਕੀਆ ਕਰੋ..ਯੇ ਵੁਹੀ ਬਿਸਤਰ ਜਹਾਂ ਸਹਿਨਸ਼ਾਹ ਏ ਸ਼ਹਾਦਤ ਆਖਰੀ ਬਾਰ ਸੋਇਆ ਥਾ..."

ਅਚਾਨਕ ਕਿਸੇ ਪਾਸਿਓਂ ਵਾਜ ਆਈ.."ਪਰਤ ਆਇਆਂ ਗੁਰਮੁਖਾ..ਬੜੀ ਦੇਰ ਕਰ ਦਿੱਤੀ ਓ ਆਉਣ ਲੱਗਿਆਂ..ਕਦੇ ਦਾ ਉਡੀਕੀ ਜਾਨਾਂ ਸਾਂ.."

ਏਧਰ ਓਧਰ ਵੇਖਿਆ ਕੋਈ ਨਹੀਂ ਸੀ..ਸਿਰਫ ਨਿਹੰਗ ਬਾਣੇ ਵਿਚ ਵਡੇਰੀ ਉਮਰ ਦਾ ਇੱਕ ਸਿੰਘ ਮੇਰੇ ਵੱਲ ਤੱਕਦਾ ਹੋਇਆ ਹੱਸੀ ਜਾ ਰਿਹਾ ਸੀ!

ਜੋੜੇ ਘਰ ਤੋਂ ਜੁੱਤੀ ਲੈ ਵਾਪਿਸ ਗੱਡੀ ਵਿਚ ਆਣ ਵੜਿਆ..ਏਨੇ ਨੂੰ ਉਸਨੇ "ਕਿਤਾਬਾਂ ਵਾਲਾ ਰੱਖਣਾ" ਲਾ ਦਿੱਤਾ!

ਗੀਤ ਦੇ ਆਖਰੀ ਬੋਲ ਸਿਧੇ ਕਾਲਜੇ ਵਿਚ ਛੇਕ ਕਰ ਗਏ "ਭਟਕ ਗਏ ਨੇ ਅੱਜ ਗੱਭਰੂ..ਫੇਰ ਇੱਕ ਦਿਨ ਮੁੜ ਆਉਣਗੇ..ਮੁੱਖ ਹੋਣੇ ਨੰਦਪੁਰ ਵੱਲ ਨੂੰ..ਚੜ੍ਹਦੀ ਕਲਾ ਦੇ ਗੀਤ ਗਾਉਣਗੇ.."

ਪੁੱਛਣ ਲੱਗਾ..ਹੁਣ ਕਿੱਧਰ ਨੂੰ ਜਾਣਾ ਏ ਸਰਦਾਰ ਜੀ..?



ਅਤੀਤ ਦੇ ਸਮੁੰਦਰ ਵਿਚ ਡੁੱਬਾ ਹੋਇਆ ਮੈਂ ਆਪ ਮੁਹਾਰੇ ਬੋਲ ਉਠਿਆ..ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਪਾ ਲੈ!

ਹੈਰਾਨ ਹੋਇਆ ਪੁੱਛਣ ਲਗਾ..ਕੁਵੇਲਾ ਨੀ ਹੋ ਗਿਆ..ਅੱਪੜਦਿਆਂ ਰਾਤ ਪੈ ਜਾਣੀ?

ਆਖਿਆ..ਤੂੰ ਤੁਰਿਆ ਚੱਲ..ਓਥੇ ਕਦੇ ਦਿਨ ਨਹੀਂ ਢਲਿਆ!

ਹਰਪ੍ਰੀਤ ਸਿੰਘ ਜਵੰਦਾ

# ਕੈਂਬਰਿੱਜ ਸਲਾਨਾ ਖੇਡ ਮੇਲਾ 2 ਤੇ 3 ਅਗਸਤ ਨੂੰ ਰਿਵਰਸਾਈਡ ਸੌਕਰ ਫੀਲਡਜ਼ ਵਿਖੇ ਹੋਵੇਗਾ



ਸਟਾਰ ਨਿਊਜ਼:- ਲੰਘੇ ਐਤਵਾਰ 08 ਜੂਨ 2025 ਨੂੰ ਸ੍ਰੀ ਗੁਰੂ ਸਿੰਘ ਸਭਾ ਕੈਂਬਰਿੱਜ ਗੁਰਦੁਆਰਾ ਸਾਹਿਬ ਵਿਖੇ 15ਵੇਂ ਕੈਂਬਰਿੱਜ ਪੰਜਾਬੀ ਖੇਡ ਮੇਲੇ ਦੀਆਂ ਤਿਆਰੀਆਂ ਸਬੰਧੀ ਵਲੰਟੀਅਰਜ਼ ਦੀ ਇੱਕ ਮੀਟਿੰਗ ਹੋਈ ਇਹ ਮੇਲਾ ਇਸ ਸਾਲ 2 ਅਤੇ 3 ਅਗਸਤ ਨੂੰ ਰਿਵਰਸਾਈਡ ਪਾਰਕ ਦੀਆਂ ਸੌਕਰ ਫੀਲਡਜ਼ ਵਿਖੇ ਕਰਵਾਇਆ ਜਾ ਰਿਹਾ ਹੈ। ਮੀਟਿੰਗ ਵਿੱਚ ਮੌਜੂਦ ਵਲੰਟੀਅਰਜ਼ ਵਲੋਂ ਇਸ ਸਾਲ ਦੇ ਖੇਡ ਮੇਲੇ ਸਬੰਧੀ ਰੂਪ ਰੇਖਾ ਅਤੇ ਪਬ੍ਰੰਧ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਸਲਾਨਾ ਖੇਡ ਮੇਲਾ ਜਿਹੜਾ ਸ੍ਰੀ ਗੁਰੂ ਸਿੰਘ ਸਭਾ ਕੈਂਬਰਿੱਜ ਗੁਰਦੁਆਰਾ ਸਾਹਿਬ ਵਲੋਂ ਕਰਵਾਇਆ ਜਾਂਦਾ ਹੈ, ਇਸ ਦੋ ਰੋਜ਼ਾ ਖੇਡ ਮੇਲੇ ਵਿੱਚ ਸੌਕਰ, ਵਾਲੀਬਾਲ, ਰੱਸਾ ਕਸੀ ਦੇ ਮੁਕਾਬਲੇ ਕਰਵਾਏ ਜਾਂਦੇ ਹਨ, ਕਬੱਡੀ ਦੇ ਮੁਕਾਬਲੇ ਵੀ ਹੋਣਗੇ। ਬਜੁਰਗਾਂ ਅਤੇ ਬੱਚਿਆਂ ਦੀਆਂ ਦੌੜਾਂ, ਗਾਗਰ ਰੇਸ, ਮਿਊਜ਼ੀਕਲ ਚੇਅਰ, ਬੈਂਚ ਪ੍ਰੈਸ ਦੇ ਨਾਲ ਹੋਰ ਬਹੁਤ ਸਾਰੀਆਂ ਖੇਡਾਂ ਕਰਵਾਈਆਂ ਜਾਂਦੀਆਂ ਹਨ। ਮੀਟਿੰਗ ਵਿੱਚ ਪਹੁੰਚੇ ਵਲੰਟੀਅਰਜ਼ ਵਲੋਂ ਇਸ ਸਾਲ ਦੇ ਖੇਡ ਮੇਲੇ ਦੇ ਪ੍ਰਬੰਧਾਂ ਸਬੰਧੀ ਵਿਚਾਰ ਕੀਤੇ ਗਏ ਜਿਸ ਵਿੱਚ ਵੱਖ ਵੱਖ ਡਿਊਟੀਆਂ ਵੰਡੀਆਂ ਗਈਆਂ, ਪਿਛਲੇ ਲੰਬੇ ਸਮੇਂ ਤੋਂ ਕਰਵਾਏ ਜਾ ਰਹੇ ਇਸ ਖੇਡ ਮੇਲੇ ਵਿੱਚ ਹਰ ਸਾਲ ਦਰਸ਼ਕਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ, ਇਸ ਨੂੰ ਮੱਦੇਨਜ਼ਰ ਰੱਖਦੇ ਹੋਏ, ਇਸ ਸਾਲ ਦੇ ਪ੍ਰਬੰਧ ਲਈ ਲੋੜੀਂਦੇ ਸਮਾਨ ਦਾ ਵੀ ਮੁੜ ਜਾਇਜ਼ਾ ਲਿਆ ਗਿਆ।

ਇਸ ਮੇਲੇ ਵਿੱਚ ਹਿੱਸਾ ਲੈਣ ਲਈ ਚਾਹਵਾਨ ਖਿਡਾਰੀ ਅਤੇ ਕਲੱਬ ਸਮਾਂ ਰਹਿੰਦੇ ਆਪਣੀ ਟੀਮ ਰਜਿੱਸਟਰ ਕਰਵਾਉਣ ਲਈ ਵੀ ਬੇਨਤੀ ਕੀਤੀ ਜਾਂਦੀ ਹੈ, ਆਉਣ ਵਾਲੇ ਦਿਨਾਂ ਵਿੱਚ ਇਸ ਸਬੰਧੀ ਤਾਰੀਖਾਂ ਦਾ ਵੇਰਵਾ ਵੀ ਸਾਂਝਾ ਕੀਤਾ ਜਾਵੇਗਾ। ਦਰਸ਼ਕਾਂ ਦੀ ਸਹੂਲਤ ਲਈ ਇਸ ਸਾਲ ਕੁੱਝ ਬਦਲਾਅ ਵੀ ਕੀਤੇ ਜਾਣਗੇ। ਖੇਡ ਮੇਲਾ ਕਮੇਟੀ ਵਲੋਂ ਅੰਤ ਵਿੱਚ ਸਰਬਸੰਮਤੀ ਨਾਲ ਇਹ ਤਾਗੀਦ ਵੀ ਕੀਤੀ ਗਈ ਕਿ ਜਿਨ੍ਹਾਂ ਵਲੰਟੀਅਰਜ਼ ਨੇ ਆਪਣੇ ਨਾਂ ਦਰਜ ਕਰਵਾਏ ਹੋਏ ਹਨ, ਉਹ ਇਨ੍ਹਾਂ ਮੀਟਿੰਗਾਂ ਵਿੱਚ ਜ਼ਰੂਰ ਆਪਣੀ ਹਾਜ਼ਰੀ ਲਵਾਉਣ ਅਤੇ ਨਵੇਂ ਵਿਚਾਰ ਸਾਂਝੇ ਕਰਨ। ਆਉਣ ਵਾਲੇ ਹਫ਼ਤਿਆਂ ਵਿੱਚ ਕੈਂਬਰਿੱਜ ਪੰਜਾਬੀ ਖੇਡ ਮੇਲੇ ਸਬੰਧੀ ਹੋਰ ਜਾਣਾਰੀ ਵੀ ਸਾਂਝੀ ਕੀਤੀ ਜਾਵੇਗੀ।

# ਬਰੈਂਪਟਨ ਸੀਨੀਅਰਜ਼ ਕਲੱਬ ਵੱਲੋਂ ਬੱਸ ਟਰਿਪ



ਮਿਤੀ 7 ਜੂਨ ਨੂੰ ਕੁਲਦੀਪ ਗਰੇਵਾਲ ਪ੍ਰਧਾਨ, ਸਿੰਦਰਪਾਲ ਬਰਾੜ ਮੀਤ ਪ੍ਰਧਾਨ, ਇੰਦਰਜੀਤ ਢਿਲੋਂ ਸਕੱਤਰ, ਅਮਿਰਤ ਸੋਹੀ ਕੈਸ਼ੀਅਰ, ਗੁਰਮੀਤ ਰਾਏ, ਹਰਦੀਪ ਹਲਨ, ਅਵਤਾਰ ਰਾਏ, ਪਰਮਜੀਤ ਗਿੱਲ, ਪਰਮਜੀਤ ਬਾਜਵਾ, ਰਾਜ ਪਨੂੰ ਡਾਇਰੈਕਟਰਜ਼ ਦੀ ਅਗਵਾਈ ਹੇਠ ਵੂਮੈਨ ਦਾ ਕੈਰਿਆ ਪਾਰਕ, ਮਿਸੀਸਾਗਾ ਵਿਖੇ ਟਰਿਪ ਕਰਵਾਇਆ ਗਿਆ। ਸਾਰੀਆ ਬੀਬੀਆਂ ਵਲੋਂ ਖੂਬ ਮਨੋਰੰਜਨ ਕੀਤਾ ਗਿਆ,ਉਨ੍ਹਾਂ ਦਾ ਕਹਿਣਾ ਸੀ ਕਿ ਸਾਰਾ ਦਿਨ ਘਰ ਵਿੱਚ ਬੈਠੇ ਰਹਿਣ ਨਾਲੋਂ ਇਸ ਤਰ੍ਹਾਂ ਦੇ ਟਰਿਪਾਂ ਵਿੱਚ ਜਾਕੇ ਬਹੁਤ ਚੰਗਾ ਲੱਗਦਾ ਹੈ। ਕਲੱਬ ਵਲੋਂ ਸਨੈਕਸ ਵੀ ਵਰਤਾਏ ਗਏ। ਬੱਸ ਸਵੇਰੇ 9 ਵਜੇ ਚੱਲਕੇ ਸ਼ਾਮ 5 ਵਜੇ ਵਾਪਿਸ ਆਈ, ਸਭ ਨੇ ਟਰਿਪ ਦਾ ਬਹੁਤ ਆਨੰਦ ਮਾਣਿਆ।

# ਜ਼ਿਲ੍ਹਾ ਫਿਰੋਜ਼ਪੁਰ ਨਿਵਾਸੀਆਂ ਦੀ ਵੀਹਵੀਂ ਪਿਕਨਿਕ ਦੀ ਤਿਆਰੀ ਜ਼ੋਰ ਸ਼ੋਰ ਨਾਲ

(ਬਰੈਂਪਟਨ/ਬਾਸੀ ਹਰਚੰਦ): ਜ਼ਿਲਾ ਫਿਰੋਜ਼ਪੁਰ ਦੀ ਸਪੋਰਟਸ ਐਡ ਕਲਚਰਲ ਕਲੱਬ ਦੀ ਵਰਕਿੰਗ ਕਮੇਟੀ ਦੀ ਭਰਵੀਂ ਮੀਟਿੰਗ ਚਿੰਕਉਜੀ ਪਾਰਕ ਵਿਖੇ ਹੋਈ। ਬਹੁਤ ਕੁੱਝ ਵਿਚਾਰਨ ਪਿੱਛੋਂ ਫੈਸਲਾ ਹੋਇਆ ਕਿ ਵੀਹਵੀ ਪਿਕਨਿਕ 23 ਅਗਸਤ 2025 ਦਿਨ ਸਨਿੱਚਰ ਵਾਰ ਨੂੰ 9319 ਗੋਲਫ ਲਾਈਨ ਰੋਡ ਮਿਲਟਨ ਵਿਖੇ ਕਰਾਈ ਜਾਵੇ ਕਿਉਂਕਿ ਬਰੈਂਪਟਨ ਵਿੱਚ ਕੋਈ ਪਾਰਕ ਨਹੀਂ ਮਿਲ ਰਿਹਾ ਸੀ। ਯਾਦ ਰਹੇ ਪਿਛਲੇ ਸਾਲ ਵੀ ਇਸੇ ਜਗਾਹ ਤੇ ਪਿਕਨਿਕ ਹੋਈ ਸੀ। ਇਸ ਪਿਕਨਿਕ ਦੀ ਤਿਆਰੀ ਜ਼ੋਰ ਸ਼ੋਰ ਨਾਲ ਚੱਲ ਰਹੀ ਹੈ। ਸਭ ਪ੍ਰੀਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਰੌਣਕ ਵਾਲੇ ਦਿਨ ਨੂੰ ਮਨਾਂ ਦੀਆਂ ਡਾਇਰੀਆਂ ਵਿੱਚ ਲਿਖ ਲੈਣ ਅਤੇ ਆਪਣੇ ਹੋਰ ਸਾਥੀਆਂ ਨਾਲ ਸੁਨੇਹੇ ਸਾਂਝੇ ਕਰਨ ਤਾਂ ਕਿ ਸਾਰੇ ਜ਼ਿਲ੍ਹਾ ਫਿਰੋਜ਼ਪੁਰ ਨਿਵਾਸੀ ਪਿਕਨਿਕ ਵਿੱਚ ਸ਼ਾਮਲ ਹੋ ਸਕਣ। ਇਸ ਦੇ ਨਾਲ ਹੀ ਜ਼ਿਲਾ ਫਿਰੋਜ਼ਪੁਰ ਤੋਂ ਸਟੂਡੈਂਟ ਅਤੇ ਵਿਜਟਰਾਂ ਲਈ ਵੀ ਖੁੱਲਾ ਸੱਦਾ ਹੈ। ਹਰ ਮੈਂਬਰ ਇਸ ਨੂੰ ਆਪਣੀ ਜ਼ੁੰਮੇਵਾਰੀ ਸਮਝ ਕੇ ਸੁਨਹੇ ਲਾਉਣ ਦਾ ਕਾਰਜ ਕਰਨ । ਆਉ ਹਰ ਸਾਲ ਦੀ ਤਰ੍ਹਾਂ ਪ੍ਰੀਵਾਰ ਰਲ ਮਿਲ ਕੇ ਇਸ ਦਿਨ ਤੇ ਇਕੱਤਰ ਹੋਈਏ । ਸਵੀਟ ਮਹਿਲ ਦੇ ਸਵਾਦਲੇ ਪ੍ਰੀਤੀ ਭੋਜਨ ਦਾ ਸਵੇਰੇ ਤੋਂ ਸ਼ਾਮ ਤੱਕ ਖਾ ਕੇ ਅਨੰਦ ਮਾਣੀਏ। ਬੈਠਣ ਲਈ ਛਾਂ ਟੈਂਟ ਅਤੇ ਕੁਰਸੀਆਂ ਦਾ ਪ੍ਰਬੰਧ ਹੋਵੇਗਾ। ਬੀਬੀਆਂ ਬੱਚਿਆਂ ਪੁਰਸ਼ਾਂ ਦੀਆਂ ਖੇਡਾਂ ਦੇ ਮੁਕਾਬਲੇ ਵਿੱਚ ਭਾਗ ਲਈਏ ਅਤੇ ਇਨਾਮ ਜਿਤੀਏ। ਸ਼ਾਮ ਨੂੰ ਪੰਜਾਬ ਦਾ ਪ੍ਰਸਿੱਧ ਨਾਚ ਗਿੱਧਾ ਵੀ ਹੋਵੇਗਾ। ਭੁਪਿੰਦਰ ਸਿੰਘ ਖੋਸਾ 416-450-2434, ਸੁਖਜੀਤ ਸਿਘ ਕੰਗ 647-200-5264, ਬਲਰਾਜ ਸਿੰਘ ਗਿੱਲ 416-450-0566, ਸੁਖਦੇਵ ਸਿੰਘ ਕਾਹਲੋਂ 905 -673 -0040

# ਡਿਕਸੀ ਗੁਰੂ ਘਰ ਵਿਖੇ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਦਾ ਸਨਮਾਨ ਕੀਤਾ ਗਿਆ




ਕੈਨੇਡਾ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਓਂਟਾਰੀਓ ਖਾਲਸਾ ਦਰਬਾਰ ਵੱਲੋਂ ਵਿਸ਼ੇਸ਼ ਸੱਦੇ ਉੱਤੇ ਪੁੱਜੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਸਤਿਕਾਰਯੋਗ ਗ੍ਰੰਥੀ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ । ਜਿਕਰਯੋਗ ਹੈ ਕਿ ਸਿੰਘ ਸਾਹਿਬ ਨੇ 29 ਮਈ ਤੋਂ 3 ਜੂਨ ਤੱਕ ਡਿਕਸੀ ਗੁਰੂ ਘਰ ਵਿਖੇ ਕਥਾ ਵਿਚਾਰ ਦੀ ਹਾਜ਼ਰੀ ਭਰੀ ਅਤੇ ਸ਼ਾਮ ਦੇ ਸਮੇ ਰਹਿਰਾਸ ਦੀ ਬਾਣੀ ਦੇ ਜਾਪ ਵੀ ਸਰਵਣ ਕਰਵਾਏ । ਇਸ ਤੋਂ ਇਲਾਵਾ ਜੂਨ ਚੁਰਾਸੀ ਦੇ ਸਾਕੇ ਬਾਰੇ ਉਨ੍ਹਾਂ ਵਿਸ਼ੇਸ਼ ਹਾਜ਼ਰੀ ਭਰਦਿਆਂ ਸ਼ਹੀਦ ਸਿੰਘ ਸਿੰਘਣੀਆ ਨੂੰ ਸ਼ਰਧਾਂਜਲੀ ਭੇਟ ਕੀਤੀ । ਇਸ ਸਮੁੱਚੇ ਸਮੇ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਵਲੋਂ ਹਾਜ਼ਰੀ ਭਰ ਕੇ ਸਿੰਘ ਸਾਹਿਬ ਜੀ ਦੁਆਰਾ ਕਥਾ ਵਿਚਾਰ ਸਰਵਣ ਕਰਦਿਆਂ ਲਾਹਾ ਪ੍ਰਾਪਤ ਕੀਤਾ ਗਿਆ । ਸੰਗਤਾਂ ਵੱਲੋਂ ਡਿਕਸੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਭਵਿੱਖ ਵਿੱਚ ਵੀ ਇਸੇ ਤਰਾਂ ਸਿੱਖ ਪੰਥ ਦੀਆ ਮਾਣਯੋਗ ਸ਼ਖਸੀਅਤਾਂ ਨੂੰ ਗੁਰੂ ਘਰ ਦੀ ਸਟੇਜ ਤੋਂ ਸੰਗਤਾਂ ਦੇ ਰੂ ਬਰੂ ਕਰਵਾਉਂਦੇ ਰਹਿਣ ਦੀ ਆਸ ਪ੍ਰਗਟ ਕੀਤੀ ਗਈ । ਇਸ ਮੌਕੇ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਭਾਈ ਹਰਪਾਲ ਸਿੰਘ ਨੇ ਕਿਹਾ ਕਿ ਅਸੀ ਵੱਡੇ ਭਾਗਾਂ ਵਾਲੇ ਹਾਂ ਜੋ ਅਸੀ ਸ੍ਰੀ ਦਰਬਾਰ ਸਾਹਿਬ ਦੇ ਸਤਿਕਾਰਯੋਗ ਗ੍ਰੰਥੀ ਸਾਹਿਬਾਨ ਦੇ ਵਿਚਾਰ ਸਰਵਣ ਕੀਤੇ ਅਤੇ ਉਨਾ ਨੂੰ ਸਨਮਾਨਿਤ ਕਰਨ ਦੀ ਖੁਸ਼ੀ ਪ੍ਰਾਪਤ ਕੀਤੀ । ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਗੁਰੂ ਘਰ ਦੇ ਮੁੱਖ ਸਕੱਤਰ ਭਾਈ ਪਰਮਜੀਤ ਸਿੰਘ ਗਿੱਲ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੀਆਂ ਸੰਗਤਾਂ ਪੰਜਾਬ ਵਿਚਲੇ ਆਪਣੇ ਗੁਰਧਾਮਾਂ ਨਾਲ ਹਮੇਸ਼ਾ ਜੁੜੀਆਂ ਰਹਿਣਾ ਚਾਹੁੰਦੀਆਂ ਹਨ ਤੇ ਖ਼ਾਸ ਕਰ ਦਰਬਾਰ ਸਾਹਿਬ ਤੋਂ ਆਏ ਸਿੰਘ ਸਾਹਿਬਾਨ ਦੇ ਵਿਚਾਰ ਸਰਵਣ ਕਰਕੇ ਆਤਮਿਕ ਅਨੰਦ ਮਹਿਸੂਸ ਕਰਦੀਆਂ ਹਨ । ਉਹਨਾਂ ਨੇ ਸੰਗਤਾਂ ਨੂੰ ਵਿਸ਼ਵਾਸ ਦਿਵਾਉਂਦੇ ਕਿਹਾ ਕਿ ਭਵਿੱਖ ਵਿੱਚ ਵੀ ਪ੍ਰਬੰਧਕ ਕਮੇਟੀ ਵੱਲੋਂ ਅਜਿਹੇ ਉੱਦਮ ਜਾਰੀ ਰਹਿਣਗੇ । ਉਨ੍ਹਾਂ ਭਵਿੱਖ ਵਿੱਚ ਵੀ ਸੰਗਤ ਦੇ ਸਹਿਯੋਗ ਦੀ ਆਸ ਕਰਦਿਆਂ ਆਈਆਂ ਹੋਈਆ ਸੰਗਤਾਂ ਦਾ ਧੰਨਵਾਦ ਕੀਤਾ । ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਭੁਪਿੰਦਰ ਸਿੰਘ ਦੇ ਨਾਲ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਬਲਜੀਤ ਸਿੰਘ ਪੰਡੋਰੀ, ਮੀਤ ਪ੍ਰਧਾਨ ਗੁਰਿੰਦਰ ਸਿੰਘ ਭੁੱਲਰ, ਖਜ਼ਾਨਚੀ ਭੁਪਿੰਦਰ ਸਿੰਘ ਬਾਠ, ਸਹਾਇਕ ਖਜ਼ਾਨਚੀ ਨਵਜੀਤ ਸਿੰਘ, ਸਹਾਇਕ ਸਕੱਤਰ ਸਰਬਜੀਤ ਸਿੰਘ, ਡਾਇਰੈਕਟਰ ਸਰਦਾਰਾ ਸਿੰਘ, ਜਸਵਿੰਦਰ ਸਿੰਘ, ਦਵਿੰਦਰ ਸਿੰਘ ਧਾਲੀਵਾਲ, ਗੁਰਦੇਵ ਸਿੰਘ ਨਾਹਲ ਅਤੇ ਤਰਨਜੀਤ ਸਿੰਘ ਗਹੁਣੀਆ ਵੀ ਹਾਜ਼ਰ ਸਨ।

# ਪੁਰਖ਼ਿਆਂ ਦੇ ਦੇਸ (ਸਫ਼ਰਨਾਮਾ) ਦਾ ਰੀਵਿਊ



ਡਾ.ਮੋਹਨ ਬੇਗੋਵਾਲ

ਲੇਖਕ: ਡਾ.ਸੁਖਦੇਵ ਸਿੰਘ ਝੰਡ
ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
ਕੀਮਤ: 395 ਰੁਪਏ, ਪੰਨੇ: 163
ਰੀਵਿਊ ਕਰਤਾ: ਡਾ.ਮੋਹਨ ਬੇਗੋਵਾਲ, ਅੰਮ੍ਰਿਤਸਰ, ਪੰਜਾਬ।




ਸਫ਼ਰਨਾਮਾ ਪੰਜਾਬੀ ਸਾਹਿਤ ਦੀ ਇੱਕ ਬਹੁਤ ਹੀ ਘੱਟ ਲਿਖੀ ਜਾਣ ਵਾਲੀ ਸਾਹਿਤਕ ਵਿਧਾ ਹੈ। ਇਹ ਇੱਕ ਮਨੁੱਖੀ ਯਾਤਰਾ ਦਾ ਬਿਰਤਾਂਤ ਹੈ, ਲੇਖਕ ਕਿਸ ਭੂਗੋਲਿਕ ਸਥਾਨ 'ਤੇ ਗਿਆ ਹੈ, ਅਤੇ ਯਾਦਾਂ ਵਿੱਚੋਂ ਕਿਹੜੀਆਂ ਉਸ ਸਫ਼ਰਨਾਮੇ ਦਾ ਹਿੱਸਾ ਹਨ? ਸਫ਼ਰਨਾਮਾ ਵਿੱਚ 'ਸਫ਼ਰ' ਇੱਕ ਅਰਬੀ ਸ਼ਬਦ ਹੈ, ਅਤੇ 'ਨਾਮਾ' ਇੱਕ ਫ਼ਾਰਸੀ ਸ਼ਬਦ ਹੈ। ਸਿਰਜਣਾ ਲੇਖਕ ਦਾ ਹੁਨਰ ਹੈ। ਲੇਖਕ ਦਾ ਵਿਦਿਅਕ ਅਤੇ ਕਾਰਜ ਪਿਛੋਕੜ ਵੀ ਇਸ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ। ਝੰਡ ਸਾਹਿਬ ਨੇ ਇਸ ਯਾਤਰਾ ਵਿੱਚ ਇਸ ਪਹਿਲੂ ਨੂੰ ਚੰਗੀ ਤਰ੍ਹਾਂ ਨਿਭਾਇਆ ਹੈ। ਲੇਖਕ ਦੁਆਰਾ ਯੋਜਨਾਬੱਧ ਰੂਪਰੇਖਾ ਵਿੱਚ ਲਿਖੇ ਗਏ ਸਫ਼ਰਨਾਮਾ (ਯਾਤਰਾ ਬਿਰਤਾਂਤ) ਨੂੰ ਪੜ੍ਹ ਕੇ, ਪਾਠਕ ਇਸ ਯਾਤਰਾ ਬਿਰਤਾਂਤ ਦੇ ਲਿਖਣ ਦੇ ਉਦੇਸ਼ ਨੂੰ ਵੀ ਸਮਝਦਾ ਹੈ। ਲੇਖਕ ਦੇ ਇਸ ਯਾਤਰਾ ਬਿਰਤਾਂਤ ਨੂੰ ਆਮ ਭਾਸ਼ਾ ਦੇ ਸ਼ਬਦ 'ਯਾਤਰਾ' ਨਾਲ ਜੋੜਿਆ ਜਾ ਸਕਦਾ ਹੈ, ਕਿਉਂਕਿ ਲੇਖਕ ਦਾ ਮਕਸਦ ਪਾਕਿਸਤਾਨ ਵਿੱਚ ਰਹਿ ਗਏ ਗੁਰਧਾਮਾਂ ਦੀ ਯਾਤਰਾ ਕਰਨਾ ਮੁੱਖ ਉਦੇਸ਼ ਸੀ। ਇਹ ਉਸ ਭੂਗੋਲਿਕ ਖੇਤਰ ਦੀ ਯਾਤਰਾ ਦਾ ਬਿਰਤਾਂਤ ਹੈ, ਜੋ ਕਦੇ ਉਸਦੇ ਪੁਰਖ਼ਿਆਂ ਦੇ ਜਨਮ-ਭੋਇੰ ਦਾ ਭੂਗੋਲਿਕ ਖੇਤਰ ਸੀ। ਹਾਲਾਂਕਿ ਇੱਕ ਯਾਤਰਾ ਬਿਰਤਾਂਤ ਹਮੇਸ਼ਾ ਯੋਜਨਾ ਅਨੁਸਾਰ ਨਹੀਂ ਹੁੰਦਾ, ਇਸ ਵਿੱਚ ਕੁਝ ਬਦਲਾਅ ਆਉਣਾ ਸੁਭਾਵਿਕ ਹੈ। ਝੰਡ ਦਾ ਯਾਤਰਾ ਬਿਰਤਾਂਤ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਹ ਆਪਣੇ ਸਾਥੀਆਂ ਅਤੇ ਮੇਜ਼ਬਾਨਾਂ ਨਾਲ ਯਾਤਰਾ ਕਰਦਾ ਹੋਇਆ, ਹਰ ਪਲ ਇਸ ਦਾ ਆਨੰਦ ਮਾਣ ਰਿਹਾ ਹੋਵੇ, ਪਰ ਲਿਖਤ ਵਿੱਚ ਉਹ ਸਿਰਫ਼ ਉਨ੍ਹਾਂ ਪਲਾਂ ਨੂੰ ਲਿਆਉਂਦਾ ਹੈ ਜੋ ਤੱਥਾਂ 'ਤੇ ਆਧਾਰਿਤ ਹਨ। ਜਿਨ੍ਹਾਂ ਨੂੰ ਸਮਾਜਿਕਤਾ, ਇਤਿਹਾਸਕਤਾ ਅਤੇ ਧਾਰਮਿਕਤਾ ਦੇ ਭਾਵਨਾਤਮਕ ਪਲਾਂ ਨਾਲ ਜੋੜਿਆ ਜਾਂ ਸਾਬਤ ਕੀਤਾ ਜਾ ਸਕਦਾ ਹੈ।

ਲੇਖਕ ਦਾ ਇਹ ਯਾਤਰਾ ਬਿਰਤਾਂਤ ਇੱਕ ਡੂੰਘੀ ਇੱਛਾ ਤੋਂ ਉੱਭਰਿਆ ਹੈ, ਜਿਸ ਵਿੱਚ ਲੇਖਕ ਦੀ ਇੱਛਾ ਛੁਪੀ ਹੋਈ ਸੀ, ਕਿ ਲੇਖਕ ਉਨ੍ਹਾਂ ਸਭ ਗੁਰੂ ਧਾਮਾਂ ਦੀ ਯਾਤਰਾ ਕਰਦਾ ਹੈ, ਜਿਨ੍ਹਾਂ ਲਈ ਅਕਸਰ ਅਰਦਾਸਾਂ ਕੀਤੀਆਂ ਜਾਂਦੀਆਂ ਹਨ ਅਤੇ ਜਿੱਥੋਂ ਉਸਦੇ ਪੁਰਖ਼ੇ ਸਭ ਕੁਝ ਛੱਡ ਛਡਾ ਕੇ ਇੱਥੇ ਆਏ ਸਨ। ਇਸ ਤਰ੍ਹਾਂ ਲੇਖਕ ਅਜਿਹੇ ਦੇਸ਼ ਦੀ ਯਾਤਰਾ ਕਰਦਾ ਹੈ ਜਿਸ ਨਾਲ ਉਸਦਾ ਧਾਰਮਿਕ ਅਤੇ ਭਾਵਨਾਤਮਕ ਲਗਾਵ ਹੈ। ਇਸ ਯਾਤਰਾ ਵਿੱਚ ਲੇਖਕ ਵੱਲੋਂ ਉਸਦੇ ਮੇਜ਼ਬਾਨ ਦੁਆਰਾ ਨਿਭਾਈ ਗਈ ਭੂਮਿਕਾ ਨੂੰ ਇਸ ਸਫ਼ਲ ਯਾਤਰਾ ਦੀ ਪ੍ਰਾਪਤੀ ਵਜੋਂ ਮਾਨਤਾ ਦਿੱਤੀ ਗਈ ਹੈ। ਲੇਖਕ ਦੇ ਅਨੁਸਾਰ, ਇਹ ਸਫ਼ਲ ਯਾਤਰਾ ਕੈਨੇਡਾ ਵਿੱਚ ਰਹਿੰਦਿਆਂ ਉਸਦੇ ਇੱਕ ਸਾਹਿਤਕ ਦੋਸਤ ਕਾਰਨ ਹੀ ਸੰਭਵ ਹੋਈ ਜੋ ਇਸ ਟੀਮ ਲਈ ਇੱਕ ਸਫ਼ਲ ਮੇਜ਼ਬਾਨ ਟੀਮ ਲੀਡਰ ਬਣ ਕੇ ਲੇਖਕ ਤੇ ਉਸ ਦੇ ਸਾਥੀਆਂ ਨਾਲ ਰਿਹਾ। ਮੇਜ਼ਬਾਨ ਨੇ ਆਪਣੀ ਸਮੁੱਚੀ ਟੀਮ ਨਾਲ, ਲੇਖਕ 'ਤੇ ਉਸ ਦੇ ਸਾਥੀਆਂ ਦੇ ਰਹਿਣ ਦੇ ਨਾਲ ਨਾਲ ਉਨ੍ਹਾਂ ਦੀਆਂ ਹੋਰ ਜ਼ਰੂਰਤਾਂ ਦਾ ਵੀ ਪੂਰਾ ਧਿਆਨ ਰੱਖਿਆ।

ਇਸ ਯਾਤਰਾ ਦੇ ਪਹਿਲੇ ਦੋ ਲੇਖ ਪੰਜਾਬੀ ਸਾਹਿਤ ਦੇ ਉੱਘੇ ਲੇਖਕ ਵਰਿਆਮ ਸਿੰਘ ਸੰਧੂ ਅਤੇ ਪ੍ਰਿੰਸੀਪਲ ਸਰਵਣ ਸਿੰਘ ਦੁਆਰਾ ਲਿਖੇ ਗਏ ਹਨ, ਜਿਨ੍ਹਾਂ ਨੇ ਲੇਖਕ ਦੇ ਇਸ ਯਾਤਰਾ ਦੇ ਬਿਰਤਾਂਤ 'ਤੇ ਆਪਣੇ ਵਿਚਾਰ ਬਹੁਤ ਵਧੀਆ ਤਰੀਕੇ ਨਾਲ ਪੇਸ਼ ਕੀਤੇ ਹਨ। ਲੇਖਕ ਕਦੋਂ, ਕਿੱਥੇ ਅਤੇ ਕਿਵੇਂ ਗਿਆ; ਯਾਤਰਾ ਦੇ ਦਿਨਾਂ ਦੌਰਾਨ ਉਹ ਕਿਸ ਨੂੰ ਮਿਲਿਆ; ਅਤੇ ਕਿਹੜੇ ਘਰਾਂ ਵਿੱਚ
ਉਸਨੇ ਸੱਦੇ ਸਵੀਕਾਰ ਕੀਤੇ, ਉਸਨੇ ਕਿਹੜੇ ਕਵੀ-ਦਰਬਾਰ ਅਤੇ ਮਾਤ-ਭਾਸ਼ਾ ਨਾਲ ਸਬੰਧਤ ਸਮਾਗਮਾਂ ਵਿੱਚ ਹਿੱਸਾ ਲਿਆ, ਇਸ ਦੇ ਬਾਰੇ ਸਫ਼ਰਨਾਮੇ ਵਿੱਚ ਵਿਆਪਕ ਜਾਣਕਾਰੀ ਪੇਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ, ਲੇਖਕ ਦੀ ਟੀਮ ਦੇ ਮੈਂਬਰਾਂ ਨੇ ਟੀ.ਵੀ. ਚੈਨਲ ਲਈ ਪ੍ਰਸਿੱਧ ਸ਼ਖਸੀਅਤਾਂ ਦੀਆਂ ਇੰਟਰਵਿਊਆਂ ਵੀ ਰਿਕਾਰਡ ਕੀਤੀਆਂ। ਚੌਦਾਂ ਦਿਨਾਂ ਦੀ ਯਾਤਰਾ ਦੌਰਾਨ, ਲੇਖਕ ਨੇ ਲਾਹੌਰ, ਕਸੂਰ, ਫ਼ੈਸਲਾਬਾਦ, ਨਨਕਾਣਾ ਸਾਹਿਬ ਦੇ ਗੁਰਦੁਆਰਾ ਸਾਹਿਬਾਨ, ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਗੁਰਦੁਆਰਾ ਸੱਚਾ ਸੌਦਾ ਸਾਹਿਬ, ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਅਤੇ ਤਕਸ਼ਿਲਾ ਸ਼ਹਿਰ ਤੇ ਦੁਨੀਆ ਦੀ ਸੱਭ ਤੋਂ ਪੁਰਾਣੀ ਤਕਸ਼ਿਲਾ ਯੂਨੀਵਰਸਿਟੀ ਦੇ ਖੰਡਰਾਂ ਦੀ ਯਾਤਰਾ ਕੀਤੀ। ਲੇਖਕ ਦੇ ਅਨੁਸਾਰ, ਉਸਨੇ ਸ਼ਹਿਰਾਂ ਵਿੱਚ ਮਹੱਤਵਪੂਰਨ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੀ ਯਾਤਰਾ ਕੀਤੀ, ਜਿਸਦੀ ਪਿਛੋਕੜ ਜਾਣਕਾਰੀ ਵੀ ਪੇਸ਼ ਕੀਤੀ ਗਈ ਹੈ, ਜੋ ਕਿ ਤੱਥਾਂ ਦੇ ਅਧਾਰਿਤ ਹੈ, ਕਲਪਨਾ 'ਤੇ ਨਹੀਂ। ਲੇਖਕ ਆਪਣੇ ਜੱਦੀ ਪਿੰਡ ਗਿਆ। ਘਰ ਦੀ ਨਿਸ਼ਾਨਦੇਹੀ ਕਰਨ ਅਤੇ ਉੱਥੇ ਰਹਿਣ ਵਾਲੇ ਲੋਕਾਂ ਨਾਲ ਆਪਣੀਆਂ ਭਾਵਨਾਵਾਂ ਸਾਂਝੀਆਂ ਕਰਨ ਤੋਂ ਬਾਅਦ, ਉਹ ਆਪਣੇ ਪਿਤਾ ਦੇ ਸਕੂਲ ਵੀ ਗਿਆ, ਜਿੱਥੇ ਉਸਦਾ ਭਰਵਾਂ ਸਵਾਗਤ ਕੀਤਾ ਗਿਆ, ਅਤੇ ਲੇਖਕ ਨੇ ਆਪਣੇ ਪਿਤਾ ਜੀ ਦੀ ਯਾਦ ਵਿੱਚ ਉਨ੍ਹਾਂ ਦੀ ਟੀਮ ਨੇ ਕੁਝ ਵਿੱਤੀ ਦਾਨ ਵੀ ਦਿੱਤਾ। ਇਸ ਸਮੇਂ ਦੌਰਾਨ, ਲੇਖਕ ਪੰਜਵੇਂ ਗੁਰੂ ਸਾਹਿਬ ਦਾ ਸ਼ਹੀਦੀ ਸਥਾਨ ਅਤੇ ਲਾਹੌਰ ਵਿੱਚ ਸ਼ਾਹੀ ਕਿਲ੍ਹਾ ਵੀ ਵੇਖਣ ਗਿਆ। ਸ਼ਾਲੀਮਾਰ ਬਾਗ ਵੀ ਦੇਖਿਆ। ਸ਼ਫ਼ਰ ਦੇ ਇਨ੍ਹਾਂ ਦਿਨਾਂ ਦੌਰਾਨ, ਲੇਖਕ ਨੇ ਮਾਂ- ਬੋਲੀ ਦਿਵਸ, ਫੈਜ਼ ਅਹਿਮਦ ਫੈਜ਼ ਮੇਲਾ ਅਤੇ ਕੁਝ ਦੋਸਤਾਂ ਦੇ ਨਿੱਜੀ ਇਕੱਠਾਂ ਵਿੱਚ ਵੀ ਹਿੱਸਾ ਲਿਆ।

ਲੇਖਕ ਦੀ ਟੀਮ ਦੇ ਮੈਂਬਰ ਦੋ ਪੰਜਾਬੀ ਟੀ.ਵੀ. ਚੈਨਲ ਚਲਾ ਰਹੇ ਹਨ, ਇਸ ਲਈ ਉਹ ਨਾ ਸਿਰਫ਼ ਪੰਜਾਬੀ ਲੇਖਕਾਂ, ਕਾਮੇਡੀਅਨਾਂ ਤੇ ਕਈ ਹੋਰ ਅਹਿਮ ਸ਼ਖਸੀਅਤਾਂ ਨੂੰ ਹੀ ਮਿਲਿਆ, ਬਲਕਿ ਉਨ੍ਹਾਂ ਦੇ ਨਾਲ ਇੰਟਰਵਿਊ ਵੀ ਰਿਕਾਰਡ ਕੀਤੀਆਂ, ਜਿਨ੍ਹਾਂ ਵਿੱਚ ਬਾਬਾ ਨਜ਼ਮੀ, ਏਹਸਾਨ ਬਾਜਵਾ ਅਤੇ ਕਾਮੇਡੀਅਨ ਜੋੜੀ ਸਲੀਮ ਅਲਬੇਲਾ ਤੇ ਗੋਗੀ ਪਸਰੂਰੀ, ਆਦਿ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੇ ਅਗਾਂਹ-ਵਧੂ ਵਿਚਾਰਾਂ ਵਾਲੀ ਸਮਾਜ-ਸੇਵੀ ਔਰਤ ਦੀਪ ਸਈਦਾ ਤੇ ਇੱਕ ਹੋਰ ਧੜੱਲੇਦਾਰ ਵਿਚਾਰਾਂ ਵਾਲੀ ਬੀਬੀ ਗੁੱਲ ਸ਼ਹਿਨਾਜ਼ ਨਾਲ ਵੀ ਮੁਲਾਕਾਤ ਕੀਤੀ ਜਿਸ ਨੇ ਦੱਸਿਆ ਕਿ ਉਚੇਰੀ-ਸਿੱਖਿਆ ਪ੍ਰਾਪਤ ਕਰਨ ਵਾਲੀ ਉਹ ਆਪਣੇ ਛੋਟੇ ਜਿਹੇ ਕਬੀਲੇ ਵਿੱਚੋਂ ਪਹਿਲੀ ਔਰਤ ਹੈ।

ਲੇਖਕ ਨੇ ਲਾਹੌਰ ਵਿੱਚ ਸਾਈਂ ਮੀਆਂ ਮੀਰ ਜੀ ਦਰਗਾਹ 'ਤੇ ਆਪਣਾ ਸਿਰ ਝੁਕਾਇਆ। ਉਨ੍ਹਾਂ ਦੀ ਟੀਮਨੇ ਨੇ ਉੱਥੇ ਦੇ ਬਜ਼ਾਰਾਂ ਵਿੱਚ ਕੁਝ ਖਰੀਦਦਾਰੀ ਕੀਤੀ। ਇਸ ਸਮੇਂ ਦੌਰਾਨ, ਲੇਖਕ ਨੇ ਲਾਹੌਰ ਦੀਆਂ ਕਈ ਇਤਿਹਾਸਕ ਇਮਾਰਤਾਂ ਵੀ ਵੇਖੀਆਂ, ਜਿਵੇਂ ਕਿ ਸ਼ਾਲੀਮਾਰ ਬਾਗ਼, ਸ਼ਾਹੀ ਕਿਲ੍ਹਾ, ਮਹਾਰਾਜਾ ਰਣਜੀਤ ਸਿੰਘ ਦਾ ਸ਼ਾਹੀ ਮਹੱਲ, ਆਦਿ। ਸਫ਼ਰ ਦੇ ਆਖ਼ਰੀ ਦਿਨ ਵਾਪਸੀ ਯਾਤਰਾ ਦੌਰਾਨ ਸਟਾਫ ਦੇ ਵਿਵਹਾਰ ਬਾਰੇ ਵੀ ਲੇਖਕ ਨੇ ਬੜਾ ਰੌਚਕ ਲਿਖਿਆ ਹੈ। ਇਸ ਯਾਤਰਾ ਦੇ ਬਿਰਤਾਂਤ ਨੂੰ ਪੜ੍ਹਦੇ ਸਮੇਂ, ਇਸ ਯਾਤਰਾ ਵਿੱਚ ਕਈ ਇਤਿਹਾਸਕ ਸਥਾਨਾਂ ਦੇ ਪਿਛੋਕੜ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹ ਤਾਂ ਕੀਤਾ ਗਿਆ ਹੈ, ਤਾਂ ਕਿ ਇਸ ਰਾਹੀਂ ਪਾਠਕ ਉਨ੍ਹਾਂ ਦੇ ਇਤਿਹਾਸਕ ਤੱਤਾਂ ਬਾਰੇ ਜਾਣ ਸਕਣ।

ਇਸ ਯਾਤਰਾ ਦੇ ਬਿਰਤਾਂਤ ਨੂੰ ਪੜ੍ਹਦੇ ਸਮੇਂ, ਅਜਿਹਾ ਲੱਗਦਾ ਹੈ ਕਿ ਲੇਖਕ ਦਾ ਕੁਝ ਅਜਿਹਾ ਗੁੰਮ ਗਿਆ ਹੈ ਜੋ ਲੇਖਕ ਨੂੰ ਦਿਖਾਈ ਨਹੀਂ ਦਿੰਦਾ। ਮਹਿਸੂਸ ਹੁੰਦਾ ਹੈ, ਪਰ ਦਿਲ ਇਹ ਸਵੀਕਾਰ ਨਹੀਂ ਕਰਦਾ ਕਿ ਉਹ ਇਸ ਤੋਂ ਵੱਖ ਹੋ ਗਏ ਹਨ। ਯਾਤਰਾ ਦੇ ਇਸ ਬਿਰਤਾਂਤ ਵਿੱਚ, ਲੇਖਕ ਦੇ ਪੁਰਖਿਆਂ ਦੀ ਧਰਤੀ ਨਾਲ ਇੱਕ ਅਜਿਹਾ ਰਿਸ਼ਤਾ ਬਣਦਾ ਹੈ, ਜਿਸ ਦਾ ਦਰਦ ਛੁਪਾਇਆ ਨਹੀਂ ਜਾ ਸਕਦਾ। ਹਾਲਾਂਕਿ, ਲੇਖਕ ਆਪਣੇ ਹਾਸੋਹੀਣੇ ਅਤੇ ਭਾਵਨਾਤਮਕ ਪਲਾਂ ਵਿੱਚ ਅੱਖਾਂ ਵਿੱਚ ਹੰਝੂ ਲਿਆਉਂਦਾ ਹੈ। ਲੇਖਕ ਦੀ ਸ਼ਖਸੀਅਤ ਉਦੋਂ ਵੀ ਉਭਰਦੀ ਹੈ ਜਦੋਂ ਉਹ ਵੱਖ-ਵੱਖ ਸਥਿਤੀਆਂ ਵਿੱਚ ਆਪਣੇ ਵਿਚਾਰ ਪੇਸ਼ ਕਰਦਾ ਹੈ।

ਚੌਦਾਂ ਦਿਨਾਂ ਦਾ ਇਹ ਸਫ਼ਰ ਸਿਰਫ਼ ਪੁਸਤਕ ਦੇ ਇਨ੍ਹਾਂ ਕੁਝ ਕੁ ਅਧਿਆਇਆਂ ਵਿੱਚ ਸੰਖੇਪ ਵਿੱਚ ਦਰਜ ਕੀਤਾ ਗਿਆ ਹੈ। ਹਰ ਅਧਿਆਇ ਛੋਟੇ-ਛੋਟੇ ਪੈਰਿਆਂ ਵਿੱਚ ਇਸ ਤਰ੍ਹਾਂ ਲਿਖਿਆ ਗਿਆ ਹੈ ਕਿ ਇਸਨੂੰ ਪੜ੍ਹਦੇ ਸਮੇਂ, ਪਾਠਕ ਨੂੰ ਉਸ ਸਥਾਨ ਦੀ ਪੂਰੀ ਤਸਵੀਰ ਉਸ ਦੀਆਂ ਅੱਖਾਂ ਦੇ ਸਾਹਮਣੇ ਘੁੰਮ ਰਹੀ ਲੱਗਦੀ ਹੈ। ਅਜਿਹਾ ਲੱਗਦਾ ਹੈ ਜਿਵੇਂ ਪਾਠਕ ਵੀ ਲੇਖਕ ਦੇ ਨਾਲ-ਨਾਲ ਚੱਲ ਰਿਹਾ ਹੋਵੇ। ਲੇਖਕ ਜਦੋਂ ਵੀ ਇਤਿਹਾਸਕ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਦਾ ਹੈ, ਉਸ ਦੇ ਪਿਛੋਕੜ ਬਾਰੇ ਲਿਖਦਾ ਹੈ ਅਤੇ ਇਤਿਹਾਸਕ ਤੱਤਾਂ ਬਾਰੇ ਵੀ ਦੱਸਦਾ ਹੈ; ਅਜਿਹਾ ਕਰਨ ਨਾਲ, ਪਾਠਕ ਦੀ ਦਿਲਚਸਪੀ ਬਰਕਰਾਰ ਰਹਿੰਦੀ ਹੈ। ਇਸ ਵਿੱਚ ਜਾਣਕਾਰੀ ਦੀ ਵਿਸ਼ਾਲਤਾ ਦਿਖਾਈ ਦਿੰਦੀ ਹੈ। ਇਸ ਵਿੱਚ, ਲੇਖਕ ਨੇ ਯਾਦਾਂ ਨੂੰ ਦੁਬਾਰਾ ਸਿਰਜਿਆ ਹੈ। ਯਾਤਰਾ ਬਿਰਤਾਂਤ ਵਿੱਚ ਬਹੁਤ ਸਾਰੇ ਭਾਵਨਾਤਮਕ ਪਲ ਹਨ, ਜਿਨ੍ਹਾਂ ਵਿੱਚ ਲੇਖਕ ਨੇ ਆਪਣੇ ਸਫ਼ਰ ਨੂੰ ਬਹੁਤ ਦਿਲਚਸਪ ਬਣਾਇਆ ਹੈ। ਉਹ ਇਨ੍ਹਾਂ ਨੂੰ ਖ਼ੂਬਸੂਰਤ ਭਾਸ਼ਾ ਅਤੇ ਸ਼ੈਲੀ ਨਾਲ ਬਿਆਨ ਕਰਦਾ ਹੈ। ਇਸ ਯਾਤਰਾ ਬਿਰਤਾਂਤ ਵਿੱਚ, ਲੇਖਕ ਨੇ ਆਪਣੇ ਕੁਝ ਵਿਚਾਰ ਵੀ ਪੇਸ਼ ਕੀਤੇ ਹਨ ਅਤੇ ਕੁਝ ਮਹੱਤਵਪੂਰਨ ਨੁਕਤੇ ਵੀ ਉਠਾਏ ਹਨ ਤਾਂ ਜੋ ਅਸੀਂ ਜੋ ਕਹਿ ਰਹੇ ਹਾਂ, ਉਸ ਬਾਰੇ ਸਮਝ ਪੈਦਾ ਕੀਤੀ ਜਾ ਸਕੇ। ਯਾਤਰਾ ਬਿਰਤਾਂਤ ਵਿੱਚ, ਮੇਜ਼ਬਾਨਾਂ ਦੇ ਨਾਲ-ਨਾਲ ਆਮ ਨਾਗਰਿਕਾਂ ਦੇ ਵਿਵਹਾਰ ਨੂੰ ਸ਼ਲਾਘਾਯੋਗ ਦਿਖਾਇਆ ਗਿਆ ਹੈ। ਇਸ ਦੇ ਨਾਲ, ਬਹੁਤ ਸਾਰੀ ਜਾਣਕਾਰੀ ਹੈ, ਜੋ ਪਾਠਕ ਦੀ ਪੜ੍ਹਨ ਵਿੱਚ ਦਿਲਚਸਪੀ ਨੂੰ ਹੋਰ ਵਧਾਉਂਦੀ ਹੈ। ਲੇਖਕ ਨੇ ਕਈ ਥਾਵਾਂ 'ਤੇ ਦਿਖਾਇਆ ਹੈ ਕਿ ਕਿਵੇਂ ਬਾਜ਼ਾਰ ਵਿੱਚ ਲੋਕ ਉਨ੍ਹਾਂ ਦੀ ਟੀਮ ਦਾ ਪਿਆਰ ਨਾਲ ਸਵਾਗਤ ਕਰਦੇ ਹਨ। ਉਹ ਉਨ੍ਹਾਂ ਤੋਂ ਆਪਣੀਆਂ ਸੇਵਾਵਾਂ ਅਤੇ ਸਮਾਨ ਲਈ ਪੈਸੇ ਵੀ ਨਹੀਂ ਲੈਣਾ ਚਾਹੁੰਦੇ। ਪਰ ਝੂਠ ਦੀ ਗੱਲ ਵੀ ਨਾਲ ਨਾਲ ਚਲਦੀ ਹੈ। ਇਸ ਦੇ ਨਾਲ, ਲੇਖਕ ਉਨ੍ਹਾਂ ਕਾਮਿਆਂ ਦੁਆਰਾ ਦਿਖਾਏ ਗਏ ਪਿਆਰ ਤੋਂ ਵੀ ਪ੍ਰਭਾਵਿਤ ਹੁੰਦਾ ਹੈ। ਉਹ ਅਕਸਰ ਉਨ੍ਹਾਂ ਨੂੰ ਵਿੱਤੀ ਮਦਦ ਦਿੰਦਾ ਹੈ। ਲੇਖਕ ਨੇ ਬਹੁਤ ਸਾਰੀਆਂ ਥਾਵਾਂ ਅਤੇ ਘਟਨਾਵਾਂ ਨੂੰ ਇਸ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਪਾਠਕ ਉਨ੍ਹਾਂ ਨਾਲ ਭਾਵਨਾਤਮਕ ਤੌਰ 'ਤੇ ਜੁੜ ਜਾਂਦਾ ਹੈ। ਇੱਕ ਵਾਰ ਫਿਰ, ਅਸੀਂ, ਡਾ. ਸੁਖਦੇਵ ਸਿੰਘ ਝੰਡ ਦੇ ਇਸ ਸਫ਼ਰਨਾਮੇ (ਯਾਤਰਾ ਬਿਰਤਾਂਤ) ਨੂੰ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਲਈ ਧੰਨਵਾਦ ਅਤੇ 'ਜੀ ਆਇਆਂ' ਕਹਿੰਦੇ ਹਾਂ।











ਪੰਜਾਬ ਸਟਾਰ
www.punjabstar.com

# ਸਿਰਫ਼ 10 ਦਿਨਾਂ 'ਚ ਕੰਟਰੋਲ ਹੋ ਜਾਵੇਗਾ ਹਾਈ ਬਲੱਡ ਪ੍ਰੈਸ਼ਰ!





ਅੱਜਕੱਲ੍ਹ ਹਾਈ ਬਲੱਡ ਪ੍ਰੈਸ਼ਰ ਇਕ ਆਮ ਸਮੱਸਿਆ ਬਣ ਚੁੱਕੀ ਹੈ। ਇਹ ਸਿਰਫ਼ ਬੁਜ਼ੁਰਗਾਂ 'ਚ ਹੀ ਨਹੀਂ, ਸਗੋਂ ਨੌਜਵਾਨਾਂ 'ਚ ਵੀ ਦੇਖਣ ਨੂੰ ਮਿਲਦੀ ਹੈ। ਗਲਤ ਖਾਣ-ਪੀਣ, ਤਣਾਅ ਤੇ ਅਣਹੈਲਦੀ ਜੀਵਨਸ਼ੈਲੀ ਕਾਰਨ ਬੀਪੀ ਦੀ ਸਮੱਸਿਆ ਤੇਜ਼ੀ ਨਾਲ ਫੈਲ ਰਹੀ ਹੈ। ਪਰ ਚੰਗੀ ਗੱਲ ਇਹ ਹੈ ਕਿ ਇਸਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਸਿਹਤਮੰਦ ਜੀਵਨਸ਼ੈਲੀ ਅਤੇ ਡਾਈਟ ਦੀ ਮਦਦ ਨਾਲ ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ 'ਤੇ ਕਾਬੂ ਪਾਇਆ ਜਾ ਸਕਦਾ ਹੈ। ਕੁਝ ਫੂਡਜ਼ ਬੀਪੀ ਨੂੰ ਕੰਟਰੋਲ ਕਰਨ 'ਚ ਕਾਫੀ ਮਦਦਗਾਰ ਹੁੰਦੇ ਹਨ। ਡਾ. ਟੈਰੀ ਸ਼ਿੰਟਾਨੀ ਨੇ 10 ਅਜਿਹੇ ਫੂਡਜ਼ ਬਾਰੇ ਦੱਸਿਆ ਹੈ, ਜੋ 10 ਦਿਨਾਂ 'ਚ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਕਾਰਗਰ ਸਾਬਤ ਹੋ ਸਕਦੇ ਹਨ।

**ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਫੂਡਜ਼ :**

**ਬੀਟਰੂਟ (ਚੁਕੰਦਰ)**

ਚੁਕੰਦਰ 'ਚ ਨਾਈਟ੍ਰੇਟਸ ਭਰਪੂਰ ਮਾਤਰਾ 'ਚ ਹੁੰਦੇ ਹਨ, ਜੋ ਬਲੱਡ ਵੈਸਲਜ਼ ਨੂੰ ਰਿਲੈਕਸ ਕਰ ਕੇ ਪ੍ਰੈਸ਼ਰ ਘਟਾਉਂਦੇ ਹਨ। ਹਰ ਰੋਜ਼ ਇਕ ਗਿਲਾਸ ਚੁਕੰਦਰ ਦਾ ਜੂਸ ਪੀਣ ਜਾਂ ਸਲਾਦ 'ਚ ਇਸਨੂੰ ਕੱਟ ਕੇ ਖਾਣ ਨਾਲ ਕੁਝ ਹੀ ਦਿਨਾਂ 'ਚ ਬੀਪੀ ਕੰਟਰੋਲ ਕੀਤਾ ਜਾ ਸਕਦਾ ਹੈ।

**ਸੇਲੇਰੀ**

ਸੇਲੇਰੀ 'ਚ ਫਾਈਟੋਕੈਮਿਕਲਸ ਹੁੰਦੇ ਹਨ, ਜੋ ਬਲੱਡ ਵੈਸਲਜ਼ ਨੂੰ ਰਿਲੈਕਸ ਕਰਦੇ ਹਨ ਤੇ ਬਲੱਡ ਪ੍ਰੈਸ਼ਰ ਨੂੰ ਘਟਾਉਂਦੇ ਹਨ। ਇਸ ਵਿਚ ਪੋਟਾਸ਼ੀਅਮ ਵੀ ਹੁੰਦਾ ਹੈ ਜੋ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਕਾਫੀ ਮਦਦਗਾਰ ਹੈ। ਇਸ ਦੇ ਨਾਲ ਹੀ ਸੇਲੇਰੀ 'ਚ ਡਾਇਯੂਰੇਟਿਕ ਗੁਣ ਵੀ ਹੁੰਦੇ ਹਨ, ਜੋ ਬੀਪੀ ਨੂੰ ਕੰਟਰੋਲ ਕਰਨ 'ਚ ਮਦਦਗਾਰ ਹੁੰਦਾ ਹੈ।

**ਹਰੀਆਂ ਪੱਤੇਦਾਰ ਸਬਜ਼ੀਆਂ (ਪਾਲਕ, ਮੇਥੀ, ਸਰੋਂ ਦਾ ਸਾਗ)**

ਹਰੀਆਂ ਸਬਜ਼ੀਆਂ 'ਚ ਪੋਟਾਸ਼ੀਅਮ, ਮੈਗਨੀਸ਼ੀਅਮ ਤੇ ਫਾਈਬਰ ਹੁੰਦੇ ਹਨ, ਜੋ ਬੀਪੀ ਨੂੰ ਕੰਟਰੋਲ ਕਰਨ 'ਚ ਮਦਦ ਕਰਦੇ ਹਨ। ਇਨ੍ਹਾਂ ਸਬਜ਼ੀਆਂ 'ਚ ਨਾਈਟ੍ਰੇਟਸ ਵੀ ਹੁੰਦੇ ਹਨ, ਜੋ ਹਾਈ ਬਲੱਡ ਪ੍ਰੈਸ਼ਰ ਕੰਟਰੋਲ ਕਰਨ 'ਚ ਕਾਫੀ ਮਦਦਗਾਰ ਹੁੰਦੇ ਹਨ।

**ਗਾਜਰ**

ਗਾਜਰ 'ਚ ਬੀਟਾ-ਕੈਰੋਟੀਨ, ਫਾਈਬਰ ਤੇ ਪੋਟਾਸ਼ੀਅਮ ਹੁੰਦੇ ਹਨ, ਜੋ ਹਾਈ ਬਲੱਡ ਪ੍ਰੈਸ਼ਰ ਘਟਾਉਣ 'ਚ ਮਦਦਗਾਰ ਹੁੰਦੇ ਹਨ। ਇਸ ਲਈ ਹਰ ਰੋਜ਼ ਗਾਜਰ ਖਾਣ ਨਾਲ ਬਲੱਡ ਪ੍ਰੈਸ਼ਰ ਘਟਾਉਣ 'ਚ ਕਾਫੀ ਮਦਦ ਮਿਲਦੀ ਹੈ।

**ਬ੍ਰੋਕਲੀ**

ਬ੍ਰੋਕਲੀ 'ਚ ਸਲਫੋਰਾਫੇਨ ਕੰਪਾਉਂਡ ਹੁੰਦਾ ਹੈ, ਜੋ ਬਲੱਡ ਵੈਸਲਜ਼ ਨੂੰ ਸਿਹਤਮੰਦ ਰੱਖਦਾ ਹੈ। ਇਸ ਵਿਚ ਮੌਜੂਦ ਐਂਟੀ-ਆਕਸੀਡੈਂਟਸ ਵੀ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦੇ ਹਨ।

**ਖੱਟੇ ਫਲ (ਸੰਤਰਾ, ਮੌਸੰਬੀ, ਨਿੰਬੂ)**

ਖੱਟੇ ਫਲ ਵਿਟਾਮਿਨ-ਸੀ ਅਤੇ ਫਲੇਵੋਨੋਇਡਸ ਨਾਲ ਭਰਪੂਰ ਹੁੰਦੇ ਹਨ, ਜੋ ਬਲੱਡ ਪ੍ਰੈਸ਼ਰ ਨੂੰ ਘਟਾਉਂਦੇ ਹਨ। ਇਸ ਦੇ ਨਾਲ ਹੀ ਇਨ੍ਹਾਂ 'ਚ ਮੌਜੂਦ ਐਂਟੀ-ਆਕਸੀਡੈਂਟਸ ਬਲੱਡ ਵੈਸਲਜ਼ ਨੂੰ ਸਿਹਤਮੰਦ ਰੱਖਦੇ ਹਨ।

**ਬੈਰੀਜ਼ (ਸਟ੍ਰਾਬੇਰੀ, ਬਲੂਬੈਰੀ, ਰਸਭਰੀ)**

ਬੈਰੀਜ਼ 'ਚ ਐਂਟੀਓਕਸੀਡੈਂਟਸ ਹੁੰਦੇ ਹਨ, ਜੋ ਬਲੱਡ ਵੈਸਲਜ਼ ਨੂੰ ਲਚਕੀਲਾ ਬਣਾਉਂਦੇ ਹਨ ਤੇ ਬੀਪੀ ਨੂੰ ਘਟਾਉਂਦੇ ਹਨ। ਇਨ੍ਹਾਂ ਵਿਚ ਮੌਜੂਦ ਐਂਥੋਸਾਇਨਿਨ ਕੋਲੇਸਟਰੋਲ ਘਟਾਉਣ 'ਚ ਵੀ ਮਦਦ ਕਰਦਾ ਹੈ, ਜਿਸ ਨਾਲ ਬਲੱਡ ਪ੍ਰਸ਼ਰ ਕੰਟਰੋਲ ਹੁੰਦਾ ਹੈ।

**ਡਾਰਕ ਚਾਕਲੇਟ**

ਡਾਰਕ ਚਾਕਲੇਟ 'ਚ ਫਲੇਵੋਨੋਇਡਜ਼ ਹੁੰਦੇ ਹਨ, ਜੋ ਹਾਈ ਬਲੱਡ ਪ੍ਰੈਸ਼ਰ ਘਟਾਉਣ 'ਚ ਮਦਦ ਕਰਦੇ ਹਨ। 70% ਜਾਂ ਇਸ ਤੋਂ ਵੱਧ ਕੋਕੋਆ ਵਾਲੀ ਚਾਕਲੇਟ ਖਾਣ ਨਾਲ ਬਲੱਡ ਪ੍ਰੈਸ਼ਰ ਕੰਟਰੋਲ ਕਰਨ 'ਚ ਕਾਫੀ ਮਦਦ ਮਿਲਦੀ ਹੈ।

**ਏਰੂਗੁਲਾ**


ਏਰੂਗੁਲਾ 'ਚ ਨਾਈਟ੍ਰੇਟਸ ਹੁੰਦੇ ਹਨ, ਜੋ ਹਾਈ ਬਲੱਡ ਪ੍ਰੈਸ਼ਰ ਨੂੰ ਘਟਾਉਂਦੇ ਹਨ। ਇਹ ਬਲੱਡ ਵੈਸਲਜ਼ ਨੂੰ ਚੌੜਾ ਕਰ ਕੇ ਬਲੱਡ ਫਲੋਅ ਨੂੰ ਬਿਹਤਰ ਬਣਾਉਂਦਾ ਹੈ। ਇਸ ਨਾਲ ਬੀਪੀ ਕੰਟਰੋਲ ਹੁੰਦਾ ਹੈ।

**ਲਸਣ**

ਲਸਣ 'ਚ ਐਲਿਸਿਨ ਕੰਪਾਉਂਡ ਹੁੰਦਾ ਹੈ ਜੋ ਬਲੱਡ ਵਸਲਜ਼ ਨੂੰ ਫੈਲਾ ਕੇ ਬੀਪੀ ਨੂੰ ਘਟਾਉਂਦਾ ਹੈ। ਲਸਣ ਖਾਣ ਨਾਲ ਕੋਲੈਸਟ੍ਰੋਲ ਵੀ ਘਟਦਾ ਹੈ, ਜੋ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਲਈ ਜ਼ਰੂਰੀ ਹੈ।

# ਤਰਬੂਜ ਖਾਣ ਦਾ ਆ ਗਿਆ ਹੈ ਮੌਸਮ





**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

"ਕੜਾਕੇ ਦੀ ਗਰਮੀ 'ਚ ਠੰਢਕ, ਤਾਜ਼ਗੀ ਮਹਿਸੂਸ ਕਰਨ ਲਈ ਹਰ ਉਮਰ ਦੇ ਵਿਅਕਤੀ ਨੂੰ ਡੇਲੀ ਤਰਬੂਜ ਫੱਲ ਦਾ ਅਨੰਦ ਲੈਣਾ ਚਾਹੀਦਾ ਹੈ। ਵਿਆਹ ਤੋਂ ਬਾਅਦ ਬੱਚੇ ਦੇ ਚਾਹਵਾਨ ਰਸੀਲਾ ਫੱਲ ਤਰਬੂਜ਼ ਦਾ ਜੂਸ ਅਤੇ ਸਲਾਦ ਦੀ ਸ਼ਕਲ 'ਚ ਟੁਕੜੇ ਗਰਮੀ ਭਰ ਖਾ ਸਕਦੇ ਹਨ। ਪਰਾਣੀ ਬਿਮਾਰੀ ਦੀ ਹਾਲਤ 'ਚ ਸੇਵਨ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਜਰੂਰ ਲਵੋ"- ਅਨਿਲ ਧੀਰ, ਕਾਲਮਨਿਸਟ, ਥੈਰਾਪਿਸਟ, ਹੈਲਥ ਐਜੂਕੇਟਰ ਅਵਾਰਡ ਵਿਜੇਤਾ, ਸੋਸ਼ਲ ਐਕਟੀਵਿਸਟ

**ਹੈਲਥ ਮੀਡੀਆ ਕੈਨੇਡਾ:** ਗਰਮ ਮੌਸਮ ਵਿੱਚ ਸਰੀਰ-ਮਨ ਨੂੰ ਠੰਡਕ ਦੇਣ ਵਾਲਾ ਲਾਲ, ਰਸੀਲਾ ਅਤੇ ਮਿੱਠਾ ਫੱਲ ਤਰਬੂਜ ਹਰ ਪਾਸੇ ਦੇਖਣ ਨੂੰ ਮਿਲ ਰਿਹਾ ਹੈ। ਛੋਟੇ ਬੱਚੇ, ਨੌਜਵਾਨ, ਮੱਧ ਉਮਰ, ਬਜ਼ੁਰਗਾਂ ਦੇ ਨਾਲ-ਨਾਲ ਪਾਲਤੂ ਪੈਟਸ ਵੀ ਬੜੇ ਚਾਅ ਨਾਲ ਖਾਣਾ ਪਸੰਦ ਕਰਦੇ ਹਨ। ਹਰ ਹਿੱਸੇ 'ਚ ਇਸਨੂੰ ਵੱਖ-ਵੱਖ ਨਾਂ: ਹਦਵਾਣਾ, ਤਰਬੂਜ, ਮਤੀਰਾ, ਤੋਂ ਵੀ ਮਸ਼ਹੂਰ ਹੈ। ਤਰਬੂਜ ਦੇ 100 ਗ੍ਰਾਮ ਟੁਕੜੇ ਤੋਂ : ਅਨਰਜੀ-127 ਕੇਜੀ(30ਕੇਸੀਐਲ), ਕਾਰਬੋਹਾਈਡ੍ਰੇਟ-7.55 ਗ੍ਰਾਮ, ਸ਼ੂਗਰ-6.2 ਗ੍ਰਾਮ, ਫਾਈਬਰ-0.4 ਗ੍ਰਾਮ, ਚਰਬੀ-0.15 ਗ੍ਰਾਮ, ਪ੍ਰੋਟੀਨ-0.61 ਗ੍ਰਾਮ, 'ਤੇ ਵਿਟਾਮਿਨ ਮਾਤਰਾ- % ਡੀ.ਵੀ: ਵਿਟਾਮਿਨ-ਏ ਸਮਤੋਲ, ਬੀਟਾ-ਕੈਰੋਟੀਨ-3%, 28 ਯੂਜੀ, ਥਿਆਮੀਨ-3%, ਰਿਬੋਫਲੇਵਿਨ- ਬੀ2-2%, ਨਿਆਸੀਨ ਬੀ 3-1%, ਪੈਂਟੋਥੈਨਿਕ ਐਸਿਡ ਬੀ5-4%, ਵਿਟਾਮਿਨ ਬੀ6-3%, ਚੋਲੀਨ-1%, ਵਿਟਾਮਿਨ ਸੀ-9%, ਖਣਿਜ, ਮਾਤਰਾ, ਕੈਲਸ਼ੀਅਮ-1%, ਲੋਹਾ-1%, ਮੈਗਸ਼ੀਅਮ-2%, ਮੈਂਗਨੀਜ਼-2%, ਫਾਸਫੋਰਸ-1%, ਪੋਟਾਸ਼ੀਅਮ-4%, ਸੋਡੀਅਮ-0%, ਜ਼ਿੰਕ-1%, ਪਾਣੀ-91.5%, ਅਤੇ ਲਾਈਕੋਪੀਨ-4532 ਯੂਜੀ ਵਗੈਰਾ ਪੋਸ਼ਟਿਕ ਤੱਤ ਮਿਲ ਜਾਂਦੇ ਹਨ।

ਮੌਸਮ ਦੇ ਮੁਤਾਬਿਕ ਹੈਲਦੀ ਰਹਿਣ ਲਈ ਸਰੀਰ ਦਾ ਹਾਈਡਰੇਟਿਡ ਰਹਿਣਾ ਜ਼ਿਆਦਾ ਮਹੱਤਵਪੂਰਨ ਹੈ। ਸਰੀਰ ਦੇ ਤਾਪਮਾਨ ਦਾ ਨਿਯਮ, ਅੰਗਾਂ ਦਾ ਆਮ ਕੰਮ, ਸੈੱਲਾਂ ਨੂੰ ਪੋਸ਼ਟਿਕ ਤੱਤਾਂ ਦੀ ਸਪੁਰਦਗੀ, ਅਤੇ ਸੁਚੇਤਤਾ ਕੇਵਲ ਕੁੱਝ ਸਰੀਰਕ ਪ੍ਰਕਿਰਿਆਵਾਂ ਹਨ ਜੋ ਭਰੋਸੇਯੋਗ ਸਾਧਨ ਦੀ ਲੋੜੀਂਦੀ ਹਾਈਡਰੇਸ਼ਨ 'ਤੇ ਨਿਰਭਰ ਕਰਦੀਆਂ ਹਨ। ਉੱਚ ਪਾਣੀ ਦੀ ਸਮਗਰੀ ਵਾਲੇ ਭੋਜਨ ਖਾਣ ਨਾਲ ਤੁਹਾਡੇ ਸਰੀ ਨੂੰ ਸਹੀ ਢੰਗ ਨਾਲ ਕੰਮ ਕਰਨ ਲਈ ਲੋੜੀਂਦਾ ਪਾਣੀ ਦੇਣ 'ਚ ਮਦਦ ਮਿਲ ਸਕਦੀ ਹੈ। ਕਿਉਂਕਿ ਤਰਬੂਜ਼ ਜ਼ਿਆਦਾਤਰ ਪਾਣੀ ਭਰੋਸੇਮੰਦ ਸਾਧਨ ਹੈ, ਇਹ ਰੋਜ਼ਾਨਾਂ ਪਾਣੀ ਦੇ ਸੇਵਨ ਲਈ ਇੱਕ ਵਧੀਆ ਵਿਕਲਪ ਵੱਜੋਂ ਕੰਮ ਕਰ ਸਕਦਾ ਹੈ। ਪਾਣੀ ਦੀ ਸਮੱਗਰੀ ਦਾ ਇਹ ਮਤਲਬ ਹੈ ਕਿ ਇਸ ਤਰਬੂਜ਼ 'ਚ ਘੱਟ ਕੈਲੋਰੀ ਘਣਤਾ ਹੈਦੂਜੇ ਸ਼ਬਦਾਂ 'ਚ, ਇਸ ਦੇ ਕੁੱਲ ਭਾਰ ਲਈ ਬਹੁਤ ਘੱਟ ਕੈਲੋਰੀਆਂ ਹਨ। ਤਰਬੂਜ਼ ਵਰਗੇ ਘੱਟ ਕੈਲੋਰੀ ਘਣਤਾ ਵਾਲੇ ਭੋਜਨ ਖਾਣ ਨਾਲ ਤੁਹਾਨੂੰ ਜ਼ਿਆਦਾ ਦੇਰ ਤੱਕ ਭਰਿਆ ਮਹਿਸੂਸ ਕਰਦੇ ਹੋਏ ਭਾਰ ਪ੍ਰਬੰਧਨ 'ਚ ਹੈਲਪ ਮਿਲ ਸਕਦੀ ਹੈ।


**ਗੁਣਾਂ ਦੀ ਖਾਣ ਹੈ ਤਰਬੂਜ਼:**

- ਤਰਬੂਜ਼ ਅੰਦਰ ਮੌਜੂਦ ਸਿਰੂਟੀਨ 'ਤੇ ਇੱਕ ਅਮੀਨੋ ਐਸਿਡ ਜੋ ਵਰਕ-ਆਉਟ ਪ੍ਰਾਪਰ ਕਰਨ 'ਚ ਮਦਦ ਕਰ ਸਕਦਾ ਹੈ। ਐਮੀਨੋ-ਐਸਿਡ ਸਰੀਰ ਅੰਦਰ ਨਾਈਟ੍ਰਿਕ ਆਕਸਾਈਡ ਦੇ ਪੱਧਰ ਨੂੰ ਵਧਾ ਸਕਦਾ ਹੈ ਅਤੇ ਬਲੱਡ-ਪ੍ਰੈਸ਼ਰ ਘੱਟ ਕਰਨ ਲਈ ਖੂਨ ਦੀਆਂ ਨਾੜੀਆਂ ਨੂੰ ਫੈਲਾਉਣ 'ਚ ਮਦਦ ਕਰਦਾ ਹੈ।
- ਤੰਦਰੁਸਤ ਸਰੀਰ 'ਤੇ ਮਨ ਲਈ ਵਿਟਾਮਿਨ-ਸੀ, ਕੈਰੋਟੀਨੋਇਡਜ਼, ਲਾਈਕੋਪੀਨ, ਅਤੇ ਕੁਕਰਵਿਟਾਸਿਨ-ਈ ਸਮੇਤ ਐਂਟੀਆਕਸੀਡੈਂਟ, ਦਾ ਮਿਸ਼ਰਨ ਭਰੋਸੇਮੰਦ ਸਰੋਤ ਮੁਕਤ ਰੈਡੀਕਲਜ਼ ਦਾ ਮੁਕਾਬਲਾ ਕਰਨ 'ਚ ਮਦਦ ਕਰਦੇ ਹਨ, ਜੋ ਅਸਥਿਰ ਅਣੂ ਹਨ ਜੋ ਤੁਹਾਡੇ ਸੈੱਲਾਂ ਨੂੰ ਨੁਕਸਾਨ ਵੀ ਪਹੁੰਚਾ ਸਕਦੇ ਹਨ। ਜੇਕਰ ਉਹ ਤੁਹਾਡੇ ਸਰੀਰ ਅੰਦਰ ਇੱਕਠੇ ਹੁੰਦੇ ਹਨ। ਸਮੇਂ ਦੇ ਨਾਲਨਾਲ ਇਹ ਨੁਕਸਾਨ ਸ਼ੂਗਰ, ਦਿਲ ਦੀ ਬਿਮਾਰੀ 'ਤੇ ਕੈਂਸਰ ਵਰਗੇ ਹਾਲਾਤ ਵੀ ਬਣ ਸਕਦੇ ਹਨ।
- ਲਾਈਕੋਪੀਨ ਸਰੀਰ ਅੰਦਰ ਜਾਣ ਨਾਲ ਪ੍ਰੋਸਟੇਟ ਟਰੱਸਟਡ ਸੋਰਸ ਅਤੇ ਕੋਲੋਰੈਕਟਲ ਟਰੱਸਟਡ ਸੋਰਸ ਕੈਂਸਰ ਦਾ ਖਤਰਾ ਕੁੱਝ ਹੱਦ ਤੱਕ ਘੱਟ ਸਕਦਾ ਹੈ।
- ਮੰਨਿਆ ਜਾ ਰਿਹਾ ਹੈ ਕਿ ਲਾਈਕੋਪੀਨ ਇਨਸੁਲਿਨ ਵਰਗੇ ਗਰੋਥ ਫੈਕਟਰ ਦੇ ਭਰੋਸੇਮੰਦ ਸਰੋਤ ਖੂਨ ਦੇ ਪੱਧਰਾਂ ਨੂੰ ਘਟਾ ਕੇ ਕੰਮ ਕਰਦੀ ਹੈ। ਇੱਕ ਹਾਰਮੋਨ ਜੋ ਸੈੱਲ ਡਿਵੀਜ਼ਨ ਨੂੰ ਉਤਸ਼ਾਹਿਤ ਕਰਦਾ ਹੈ। ਖਾਸ ਤੌਰ 'ਤੇ ਕੈਂਸਰ ਉਦੋਂ ਬਣਦਾ ਹੈ ਜਦੋਂ ਸੈੱਲ ਡਿਵੀਜ਼ਨ ਬੇਕਾਬੂ ਹੋ ਜਾਂਦਾ ਹੈ। ਇਸ ਤੋਂ : ਇਲਾਵਾਕੁਕੁਰਬਿਟਾਸਿਨ-ਈ ਕੈਂਸਰ ਸੈੱਲਾਂ ਨੂੰ ਖਤਮ ਕਰਨ ਅਤੇ ਹਟਾਉਣ ਦੀ ਸਰੀਰਕ ਪ੍ਰਕਿਰਿਆ ਨੂੰ ਵਧਾਵਾ ਦੇ ਕੇ ਭਰੋਸੇਯੋਗ ਸਰੋਤ ਟਿਊਮਰ ਦੇ ਵਿਕਾਸ ਨੂੰ ਰੋਕਣ 'ਚ ਹੈਲਪ ਕਰ ਸਕਦਾ ਹੈ।
- ਤਰਬੂਜ਼ ਅੰਦਰ ਮੌਜੂਦ ਤੱਤ ਅਲਜ਼ਾਈਮਰ ਰੋਗ ਦੀ ਸ਼ੁਰੂਆਤ ਨੂੰ ਡਿਲੇ ਕਰ ਸਕਦਾ ਹੈ। ਉਮਰ ਦੇ ਮੁਤਾਬਿਕ ਵਿਅਕਤੀ ਜ਼ਿਆਦਾ ਦੇਰ ਤੱਕ ਗੱਲਾਂ ਨੂੰ ਯਾਦ ਰੱਖ ਸਕਦਾ ਹੈ।
- ਵਾਟਰਮੈਲਨ ਗਰਮ ਮੌਸਮ 'ਚ ਡੇਲੀ ਇਸਤੇਮਾਲ ਕਰਨ ਨਾਲ ਸਟ੍ਰੈਸ ਅਤੇ ਮਾਨਸਿਕ ਕਮਜੋਰੀ ਤੋਂ ਬਚਿਆ ਜਾ ਸਕਦਾ ਹੈ। ਹਮੇਸ਼ਾ ਨਮਕ-ਕਾਲੀ ਮਿਰਚ ਛਿੜਕ ਕੇ ਖਾਣਾ ਚਾਹੀਦਾ ਹੈ। ਇਸ ਨਾਲ ਹਾਜ਼ਮਾ ਠੀਕ ਰਹਿੰਦਾ ਹੈ। ਛੇਤੀ ਗੁੱਸਾ ਨਹੀਂ ਆਉਂਦਾ।
- ਐਂਟੀਆਕਸੀਡੈਂਟ ਤੱਤ ਸਰੀਰ ਅੰਦਰ ਲਗਾਤਾਰ ਰਹਿਣ ਵਾਲੀ ਸੋਜ਼ਸ਼ ਵੀ ਘੱਟ ਜਾਂਦੀ ਹੈ। ਬੀਟਾ-ਕ੍ਰਿਪਟੋਕਸੈਂਥਿਨ ਨਾਮਕ ਇੱਕ ਕੁਦਰਤੀ ਪਿਗਮੈਂਟ ਹੁੰਦਾ ਹੈ, ਜੋ ਜੋੜਾਂ ਨੂੰ ਸੋਜ਼ ਤੋਂ ਬਚਾ ਸਕਦਾ ਹੈ। ਘੱਟ ਸੋਜਸ਼ ਗਠੀਆ ਅਤੇ ਹੱਡੀਆਂ ਨੂੰ ਕਮਜ਼ੋਰ ਹੋਣ ਤੋਂ ਬਚਾਉਂਦਾ ਹੈ।
- ਇਸ ਦਾ ਸੇਵਨ ਕਰਨ ਨਾਲ ਮੈਕੁਲਰ ਡੀਜਨਰੇਸ਼ਨ ਨੂੰ ਰੋਕਣ 'ਚ ਮਦਦ ਮਿਲਦੀ ਹੈ। ਉਮਰ ਨਾਲ ਜੁੜੀ ਮੈਕੂਲਰ ਡੀਜਨਰੇਸ਼ਨ ਇੱਕ ਅੱਖਾਂ ਦੀ ਆਮ ਸਮਮੱਸਿਆ ਹੈ, ਜੋ ਬਜ਼ੁਰਗਾਂ 'ਤੇ ਬਾਲਗਾਂ 'ਚ ਅੰਨੇਪਨ ਦਾ ਕਾਰਨ ਬਣ ਸਕਦੀ ਹੈ।
- ਹੈਲਦੀ ਚਮੜੀ ਲਈ ਡੇਲੀ ਸਵੇਰੇ ਖਾਲੀ ਪੇਟ 1 ਕਟੋਰੀ ਤਰਬੂਜ਼ ਫੱਲ ਦੇ ਟੁਕੜੇ ਬਰਫ ਮਿਕਸ਼ੀ 'ਚ ਘੁਮਾਓ 'ਤੇ ਪੀਓ। ਫੱਲ ਅੰਦਰ ਮੌਜੂਦ ਵਿਟਾਮਿਨ-ਸੀ ਸਰੀਰ ਨੂੰ ਕੋਲੋਜਨ ਬਣਾਉਣ 'ਚ ਮਦਦ ਕਰਦਾ ਹੈ। ਇੱਕ ਪ੍ਰੋਟੀਨ ਜੋ ਚਮੜੀ ਨੂੰ ਮੁਲਾਇਮ ਅਤੇ ਵਾਲਾਂ ਨੂੰ ਮਜ਼ਬੂਤ ਬਣਾਉਂਦਾ ਹੈ। ਚਮੜੀ ਦੇ ਸੈੱਲਾਂ ਨੂੰ ਬਣਾਉਣ 'ਚ ਅਤੇ ਮੁਰੰਮਤ ਕਰਨ 'ਚ ਮਦਦ ਮਿਲਦੀ ਹੈ।
- ਕਬਜ਼ ਦੀ ਹਾਲਤ 'ਚ ਰੋਜ਼ਾਨਾਂ 1-1 ਕਟੋਰੀ 2-3 ਬਾਰ ਫੱਲ ਦੇ ਟੁਕੜੇ 'ਤੇ ਬਰਫ ਮਿਲਾ ਕੇ ਮਿਕਸੀ ਵਾਲਾ ਜੂਸ ਪੂਰੀ ਸਮਰ ਇਸਤੇਮਾਲ ਕਰੋ। ਤਰਬੂਜ਼ ਅੰਦਰ ਮੌਜੂਦ ਕਾਫੀ ਮਾਤਰਾ ਵਿੱਚ ਪਾਣੀ, 'ਤੇ ਫਾਈਬਰ ਅੰਤੜੀਆਂ ਨੂੰ ਹਮੇਸ਼ਾ ਐਕਟਿਵ ਰੱਖਦਾ ਹੈ। ਪਾਣੀ ਵਧੇਰੇ ਕੁਸ਼ਲਤਾ ਨਾਲ ਪਾਚਨ ਟ੍ਰੈਕਟ 'ਚ ਰਹਿੰਦ-ਖੂਹੰਦ ਨੂੰ ਭੇਜਨ 'ਚ ਹੈਲਪ ਕਰਦਾ ਹੈ।
- ਵਿਆਹ ਤੋਂ ਬਾਅਦ ਬੱਚੇ ਦੀ ਪਲੈਨਿੰਗ ਕਰਨ ਵਾਲੇ ਤਰਬੂਜ਼ ਜੂਸ ਜਾਂ ਸਲਾਦ ਦੀ ਸ਼ਕਲ 'ਚ ਫੱਲ ਦੇ ਟੁੱਕੜੇ ਗਰਮ ਮੌਸਮ 'ਚ ਇਸਤੇਮਾਲ ਕਰ ਸਕਦੇ ਹਨ।

**ਨੋਟ:** ਡਾਇਬਟੀਜ਼ ਦੇ ਰੋਗੀ, ਪੁਰਾਣੀ ਖੰਘ, ਗਰਭਵਤੀ ਔਰਤਾਂ ਜਾਂ ਕਿਸੇ ਚਲ ਰਹੇ ਰੋਗ ਦੀ ਹਾਲਤ 'ਚ ਆਪਣੇ ਡਾਕਟਰ ਦੀ ਸਲਾਹ ਜਰੂਰ ਲਵੋ।














# ਰਾਸ਼ੀਫਲ

**ਮੇਖ :** ਨਫ਼ਰਤ ਦੀ ਭਾਵਨਾ ਮਹਿੰਗੀ ਪੈ ਸਕਦੀ ਹੈ ਇਹ ਨਾ ਕੇਵਲ ਤੁਹਾਡੀ ਸਹਿਣ ਸ਼ਕਤੀ ਨੂੰ ਘਟਾਉਂਦੀ ਹੈ ਬਲਕਿ ਤੁਹਾਡੇ ਗਿਆਨ ਨੂੰ ਜ਼ਰ ਲਗਾ ਦੇਂਦੀ ਹੈ ਅਤੇ ਰਿਸ਼ਤਿਆਂ ਵਿਚ ਹਮੇਸ਼ਾ ਲਈ ਦਰਾਰ ਪਾ ਦਿੰਦੀ ਹੈ। ਅੱਜ ਤੁਹਾਡੇ ਭੈਣ ਭਰਾ ਤੁਹਾਡੇ ਤੋਂ ਆਰਥਿਕ ਮਦਦ ਮੰਗ ਸਕਦੇ ਹਨ ਪਰ ਮਦਦ ਕਰਕੇ ਤੁਸੀ ਆਰਧਿਕ ਦਬਾਅ ਵਿਚ ਆ ਸਕਦੇ ਹੋ ਹਾਲਾਂ ਕਿ ਜਲਦ ਹੀ ਸਥਿਤੀ ਵਿਚ ਸੁਧਾਰ ਹੋਵੇਗਾ। ਆਪਣੇ ਘਰ ਦੇ ਵਾਤਾਵਰਣ ਵਿਚ ਬਦਲਾਅ ਕਰਨ ਤੋਂ ਪਹਿਲਾਂ ਤੁਹਾਨੂੰ ਸਾਰਿਆਂ ਦੀ ਸਲਾਹ ਜਾਨਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਵਾਦ ਵਿਵਾਦਤ ਮੁੱਦਿਆਂ ਨੂੰ ਉਠਾਉਣ ਤੋਂ ਬਚੋ ਕੀ ਹੋਇਆ ਜੇਕਰ ਤੁਸੀ ਅੱਜ ਡੇਟ ਤੇ ਜਾ ਰਹੇ ਹੋ। ਦਫਤਰ ਵਿਚ ਅੱਜ ਤੁਹਾਨੂੰ ਸਥਿਤੀ ਨੂੰ ਸਮਝਦੇ ਹੋਏ ਹੀ ਵਿਵਹਾਰ ਕਰਨਾ ਚਾਹੀਦਾ ਹੈ ਜੇਕਰ ਤੁਹਾਡਾ ਬੋਲਣਾ ਜਰੂਰੀ ਨਹੀਂ ਹੈ ਤਾਂ ਚੁੱਪ ਰਹੋ ਕੋਈ ਵੀ ਗੱਲ ਜ਼ਬਰਦਸਤੀ ਬੋਲ ਕੇ ਤੁਸੀ ਖੁਦ ਨੂੰ ਪਰੇਸ਼ਾਨੀ ਵਿਚ ਪਾ ਸਕਦੇ ਹੋ। ਦੂਸਰਿਆਂ ਨੂੰ ਇਹ ਦੱਸਣ ਉਤਸਕ ਨਾ ਹੋਵੋ ਕਿ ਤੁਸੀ ਅੱਜ ਕਿਵੇਂ ਮਹਿਸੂਸ ਕਰ ਰਹੇ ਹੋ। ਬਿਨ ਬੁਲਾਏ ਰਿਸ਼ਤੇਦਾਰ ਦੀ ਵਜਾਹ ਨਾਲ ਤੁਹਾਡੀ ਯੋਜਨਾ ਵਿਚ ਗੜਬੜ ਹੋ ਸਕਦੀ ਹੈ ਪਰੰਤੂ ਤੁਹਾਡਾ ਦਿਨ ਖੁਸ਼ਨੁਮਾ ਬਣ ਜਾਵੇਗਾ।

**ਬ੍ਰਿਸ਼ਭ:** ਅੱਜ ਦਾ ਦਿਨ ਉਹਨਾਂ ਦਿਨਾਂ ਦੀ ਤਰਾਂ ਨਹੀਂ ਹੈ ਜਦੋਂ ਤੁਸੀ ਕਿਸਮਤ ਵਾਲੇ ਸਾਬਿਤ ਹੁੰਦੇ ਹੋ ਇਸ ਲਈ ਅੱਜ ਜੋ ਕੁਝ ਵੀ ਬੋਲੋ ਸੋਚ ਸਮਝ ਕੇ ਬੋਲੋ ਕਿਉਂ ਕਿ ਥੋੜੀ ਜਿਹੀ ਬਾਤਚੀਤ ਦਿਨਭਰ ਖਿੱਚ ਕੇ ਵੱਡੇ ਵਿਵਾਦ ਦਾ ਰੂਪ ਲੈ ਸਕਦੀ ਹੈ ਅਤੇ ਤੁਹਾਨੂੰ ਤਨਾਵ ਦੇ ਪਲ ਵੀ ਦੇ ਸਕਦੀ ਹੈ। ਤੁਸੀ ਉਨਾਂ ਯੋਜਨਾਵਾਂ ਵਿਚ ਨਿਵੇਸ਼ ਕਰਨ ਤੋਂ ਪਹਿਲਾਂ ਦੋ ਵਾਰ ਸੋਚੋ ਜੋ ਅੱਜ ਤੁਹਾਡੇ ਸਾਹਮਣੇ ਆਈਆਂ ਹਨ। ਜੀਵਨ ਅਤੇ ਕੰਮ ਕਾਰ ਵਿਚ ਦੂਜਿਆਂ ਦੇ ਲਈ ਇਕ ਆਦਰਸ਼ ਬਣੋ ਗਰਮਜੋਸ਼ੀ ਅਤੇ ਦੂਸਰਿਆਂ ਦੀ ਮਦਦ ਦੀ ਇੱਛਾ ਦੇ ਨਾਲ ਵਿਅਕਤਿਤਵ ਦੇ ਮੁਲਾਂ ਨੂੰ ਖੁਦ ਵਿਚ ਸੰਜੋਨਾ ਤੁਹਾਨੂੰ ਪਹਿਚਾਣ ਦਿਲਾਉਗਾ ਇਸ ਨਾਲ ਤੁਹਾਡੇ ਜੀਵਨ ਵਿਚ ਚੰਗਾ ਤਾਲਮੇਲ ਪੈਦਾ ਹੋਵੇਗਾ। ਜੋ ਆਪਣੇ ਪਿਆਰ ਦੇ ਨਾਲ ਛੁਟੀਆਂ ਬਿਤਾ ਰਹੇ ਹਨ ਇਹ ਉਨਾਂ ਦੀ ਜ਼ਿੰਦਗੀ ਵਿਚ ਸਭ ਤੋਂ ਯਾਦਗਾਰ ਪਲ ਹੋਣਗੇ। ਕੰਮ ਕਾਰ ਵਿਚ ਥੋੜੀ ਮੁਸ਼ਕਿਲ ਦੇ ਬਾਅਦ ਤੁਹਾਨੂੰ ਦਿਨ ਵਿਚ ਤੋਹਫਾ ਤੇ ਵਧੀਆ ਦੇਖਣ ਨੂੰ ਮਿਲ ਸਕਦਾ ਹੈ। ਤੁਹਾਡਾ ਵਿਅਕਤਿਤਵ ਹੋਰਾਂ ਤੋਂ ਅਲੱਗ ਹਾਂ ਤੁਸੀ ਇਕੱਲੇ ਸਮਾਂ ਬਿਤਾਉਣਾ ਪਸੰਦ ਕਰਦੇ ਹੋ ਅੱਜ ਤੁਹਾਨੂੰ ਆਪਣੇ ਆਪ ਲਈ ਸਮਾਂ ਤਾਂ ਮਿਲੇਗਾ ਪਰੰਤੂ ਦਫਤਰ ਦੇ ਕੰਮ ਕਾਰ ਦੀ ਸਮੱਸਿਆ ਸਤਾਉਂਦੀ ਰਹੇਗੀ। ਇਹ ਤੁਹਾਡੀ ਵਿਵਾਹਿਕ ਜ਼ਿੰਦਗੀ ਦਾ ਸਭ ਤੋਂ ਖਾਸ ਦਿਨ ਰਹਿਣ ਵਾਲਾ ਹੈ ਤੁਸੀ ਪਿਆਰ ਦੀ ਗਹਿਰਾਈ ਦਾ ਅਨੁਭਵ ਕਰੋਂਗੇ।

**ਮਿਥੁਨ :** ਜੇਕਰ ਤੁਸੀ ਬਹੁਤ ਜ਼ਿਆਦਾਂ ਤਣਾਅ ਮਹਿਸੂਸ ਕਰ ਰਹੇ ਹੋ ਤਾਂ ਬੱਚਿਆਂ ਦੇ ਨਾਲ ਜਿਆਦਾ ਸਮਾਂ ਬਿਤਾਉ। ਉਹਨਾਂ ਦੇ ਪਿਆਰ ਭਰੇ ਅਲਿਗਨ ਅਤੇ ਮਾਸੂਮ ਮੁਸਕਰਾਹਟ ਤੁਹਾਡੀ ਸਾਰੀਆਂ ਪਰੇਸ਼ਾਨੀਆਂ ਨੂੰ ਖਤਮ ਕਰ ਦੇਵੇਗੀ। ਅੱਜ ਤੁਹਾਡੇ ਮਾਤਾ ਪਿਤਾ ਵਿਚੋਂ ਕੋਈ ਤੁਹਾਨੂੰ ਧੰਨ ਦੀ ਬਚਤ ਕਰਨ ਦੇ ਲਈ ਲੈਕਚਰ ਦੇ ਸਕਦਾ ਹੈ ਤੁਹਾਡੀ ਉਨਾਂ ਗੱਲਾਂ ਨੂੰ ਬਹੁਤ ਧਿਆਨ ਸੁਣਨ ਦੀ ਲੋੜ ਹੈ ਨਹੀਂ ਤਾ ਆਉਣ ਵਾਲੇ ਸਮੇਂ ਵਿਚ ਮੁਸ਼ਕਿਲ ਨਾਲ ਤੁਹਾਨੂੰ ਨਜਿੱਠਣਾ ਪੈ ਸਕਦਾ ਹੈ। ਬੱਚੇ ਭਲੇ ਹੀ ਤੁਹਾਡਾ ਧਿਆਨ ਆਪਣੇ ਵੱਲ ਕਰਨਾ ਚਾਹੁੰਦੇ ਹਣ ਨਾਲ ਹੀ ਖੁਸ਼ੀਆਂ ਦੀ ਵਜਾਹ ਵੀ ਸਾਬਿਤ ਹੁੰਦੇ ਹਨ। ਕੁਝ ਲੋਕਾਂ ਦੇ ਲਈ ਜਲਦ ਹੀ ਵਿਆਹ ਦੀ ਘੰਟੀ ਵੱਜ ਸਕਦੀ ਹੈ ਜਦ ਕਿ ਦੂਸਰੇ ਜੀਵਨ ਵਿਚ ਨਵੇਂ ਰੋਮਾਂਸ ਦਾ ਅਨੁਭਵ ਕਰੋਂਗੇ। ਇਸ ਰਾਸ਼ੀ ਦੇ ਵਪਾਰੀ ਅੱਜ ਕਿਸੇ ਨੇੜਲੇ ਦੋਸਤ ਦੁਆਰਾ ਦਿੱਤੀ ਗਈ ਗਲਤ ਸਲਾਹ ਦੇ ਕਾਰਨ ਮੁਸ਼ਕਿਲ ਵਿਚ ਪੈ ਸਕਦੇ ਹਨ ਅੱਜ ਕੰਮ ਕਰਨ ਵਾਲੇ ਵਸਨੀਕਾਂ ਨੂੰ ਕੰਮ ਕਰਨ ਵਾਲੀ ਥਾਂ ਤੇ ਸਾਵਧਾਨ ਰਹਿਣ ਦੀ ਲੋੜ ਹੈ। ਅੱਜ ਦਾ ਦਿਨ ਲਾਭਦਾਇਕ ਸਾਬਿਤ ਹੋਵੇਗਾ ਕਿਉਂ ਕਿ ਕੁਝ ਚੀਜਾਂ ਤੁਹਾਡੇ ਪੱਖ ਵਿਚ ਜਾਣਗੀਆਂ ਅਤੇ ਤੁਸੀ ਵਿਸ਼ਵ ਦੇ ਸਿਖਰ ਤੇ ਹੋਵੋਂਗੇ। ਅੱਜ ਤੁਹਾਨੂੰ ਮਹਿਸੂਸ ਹੋਵੇਗਾ ਕਿ ਤੁਹਾਡਾ ਜੀਵਨਸਾਥੀ ਇਸ ਤੋਂ ਪਹਿਲਾਂ ਖ਼ੂਬਸੂਰਤ ਕਦੇ ਨਹੀਂ ਹੋਇਆ।

**ਕਰਕ :** ਕੁਝ ਅਜਿਹੀਆਂ ਘਟਨਾਵਾਂ ਤੁਹਾਡੀ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ ਜਿਨਾਂ ਨੂੰ ਟਾਲਣਾ ਸੰਭਵ ਨਹੀਂ ਪਰੰਤੂ ਆਪਣੇ ਆਪ ਨੂੰ ਸ਼ਾਤ ਬਣਾਉ ਅਤੇ ਹਾਲਾਤ ਨਾਲ ਨਜਿੱਠਣ ਲਈ ਤੁਰੰਤ ਪ੍ਰਕਿਰਿਆ ਨਾ ਕਰੋ। ਤੁਸੀ ਖੁਦ ਨੂੰ ਨਵੇਂ ਰੁਮਾਂਚਕ ਹਾਲਾਤ ਵਿਚ ਪਾਵੋਂਗੇ ਜੋ ਤੁਹਾਨੂੰ ਆਰਥਿਕ ਲਾਭ ਦੇਵੇਗਾ। ਜੇਕਰ ਤੁਸੀ ਆਪਣੇ ਸਾਥੀ ਦੇ ਨਜ਼ਰੀਏ ਨੂੰ ਨਜ਼ਰਅੰਦਾਜ਼ ਕਰੋਂਗੇ ਤਾਂ ਉਹ ਅਪਣਾ ਆਪਾ ਖੋ ਸਕਦਾ ਸਕਦੀ ਹੈ। ਆਪਣੇ ਪਿਆਰ ਨੂੰ ਕੁਝ ਸਖਤ ਕਹਿਣ ਦੀ ਕੋਸ਼ਿਸ਼ ਨਾ ਕਰੋ ਨਹੀਂ ਤਾਂ ਤੁਹਾਨੂੰ ਬਾਅਦ ਵਿਚ ਪਛਤਾਉਣਾ ਪੈ ਸਕਦਾ ਹੈ। ਤੁਸੀ ਆਪਣੀ ਮਿਹਨਤ ਤੋਂ ਨਾ ਖੁਸ਼ ਹੋ ਸਕਦੇ ਹੋ ਕਿਉਂ ਕਿ ਤੁਸੀ ਇੱਛਾ ਦੇ ਅਨੁਸਾਰ ਕੰਮ ਨਹੀਂ ਕਰ ਰਹੇ। ਤੁਹਾਡੇ ਪਰਿਵਾਰਿਕ ਮੈਂਬਰ ਅੱਜ ਤੁਹਾਡੇ ਨਾਲ ਕਈਂ ਮੁਸ਼ਕਿਲਾਂ ਸਾਂਝਾ ਕਰਨਗੇ ਪਰੰਤੂ ਤੁਸੀ ਆਪਣੀ ਹੀ ਧੁੰਨ ਵਿਚ ਵਿਅਸਤ ਰਹੋਂਗੇ ਅਤੇ ਖਾਲੀ ਸਮੇਂ ਵਿਚ ਕੁਝ ਅਜਿਹਾ ਕਰੋਂਗੇ ਜੋ ਤੁਹਾਨੂੰ ਕਰਨਾ ਪਸੰਦ ਹੈ। ਤੁਹਾਡੇ ਜੀਵਨ ਸਾਥੀ ਦੇ ਕਿਸੇ ਕੰਮ ਦੀ ਵਜਾਹ ਕਰਕੇ ਤੁਸੀ ਕੁਝ ਸ਼ਰਮਿੰਦਾ ਮਹਿਸੂਸ ਕਰ ਸਕਦੇ ਹੋ ਪਰੰਤੂ ਬਾਅਦ ਵਿਚ ਤੁਹਾਨੂੰ ਅਹਿਸਾਸ ਹੋਵੇਗਾ ਕਿ ਜੋ ਹੋਇਆ ਚੰਗਾ ਹੋਇਆ।

**ਸਿੰਘ:** ਹਾਸੇ ਭਰੀ ਜ਼ਿੰਦਗੀ ਦੇ ਲਈ ਆਪਣਾ ਜ਼ਿੱਦੀ ਅਤੇ ਅੜਿਅਲ ਰਵੱਈਆ ਦਰਕਿਨਾਰ ਕਰੋ ਕਿਉਂ ਕਿ ਇਸ ਨਾਲ ਸਿਰਫ ਸਮੇਂ ਦੀ ਬਰਬਾਦੀ ਹੁੰਦੀ ਹੈ। ਆਰਥਿਕ ਦ੍ਰਿਸ਼ਟੀ ਤੋਂ ਅੱਜ ਦਾ ਦਿਨ ਮਿਲਿਆ ਜੁਲਿਆ ਹੈ ਅੱਜ ਤੁਹਾਨੂੰ ਧੰਨ ਲਾਭ ਹੋ ਸਕਦਾ ਹੈ ਪਰੰਤੂ ਇਸ ਦੇ ਲਈ ਤੁਹਾਨੂੰ ਸਖਤ ਮਿਹਨਤ ਦੀ ਲੋੜ ਹੈ। ਸ਼ਾਮ ਦੀ ਜ਼ਿਆਦਾਤਰ ਸਮਾਂ ਰਿਸ਼ਤੇਦਾਰਾਂ ਦੇ ਨਾਲ ਗੁਜ਼ਰੇਗਾ। ਜੇਕਰ ਤੁਸੀ ਸ਼ਾਮ ਨੂੰ ਦੋਸਤਾਂ ਨਾਲ ਘੁੰਮਣ ਜਾਂਦੇ ਹੋ ਤਾਂ ਰੁਮਾਂਸ ਤੁਰੰਤ ਤੁਹਾਡੇ ਰਾਹ ਵਿਚ ਆ ਸਕਦਾ ਹੈ। ਮਨ ਬਹਿਲਾਉਣ ਅਤੇ ਮਨੋਰੰਜਨ ਦੇ ਲਈ ਵਧੀਆ ਦਿਨ ਹੈ ਪਰੰਤੂ ਜੇਕਰ ਤੁਸੀ ਕੰਮ ਕਰ ਰਹੇ ਹੋ ਤਾਂ ਕਾਰੋਬਾਰ ਲੈਣ ਦੇਣ ਵਿਚ ਸਾਵਧਾਨੀ ਵਰਤਣ ਦੀ ਲੋੜ ਹੈ। ਦਿਨ ਭਰ ਵਿਅਸਤ ਰਹਿਣ ਦੇ ਬਾਵਜੂਦ ਅੱਜ ਤੁਸੀ ਆਪਣੇ ਲਈ ਸਮਾਂ ਕੱਢ ਲਵੋਗੇ ਅੱਜ ਤੁਸੀ ਖਾਲੀ ਸਮੇਂ ਵਿਚ ਕੁਝ ਰਚਨਾਤਮਕ ਕਰ ਸਕਦੇ ਹੋ। ਤੁਹਾਡੇ ਜੀਵਨਸਾਥੀ ਦੇ ਚਲਦੇ ਤੁਸੀ ਮਹਿਸੂਸ ਕਰੋਂਗੇ ਕਿ ਸਵਰਗ ਧਰਤੀ ਤੇ ਹੀ ਹੈ।

**ਕੰਨਿਆ:** ਜੇਕਰ ਤੁਸੀ ਬਹੁਤ ਜ਼ਿਆਦਾਂ ਤਣਾਅ ਮਹਿਸੂਸ ਕਰ ਰਹੇ ਹੋ ਤਾਂ ਬੱਚਿਆਂ ਦੇ ਨਾਲ ਜਿਆਦਾ ਸਮਾਂ ਬਿਤਾਉ। ਉਹਨਾਂ ਦੇ ਪਿਆਰ ਭਰੇ ਅਲਿਗਨ ਅਤੇ ਮਾਸੂਮ ਮੁਸਕਰਾਹਟ ਤੁਹਾਡੀ ਸਾਰੀਆਂ ਪਰੇਸ਼ਾਨੀਆਂ ਨੂੰ ਖਤਮ ਕਰ ਦੇਵੇਗੀ। ਅੱਜ ਇਸ ਰਾਸ਼ੀ ਨਾਲ ਕੁਝ ਲੋਕਾਂ ਨਾਲ ਬੇਰੋਜ਼ਗਾਰ ਲੋਕਾਂ ਨੂੰ ਨੌਕਰੀ ਮਿਲ ਸਕਦੀ ਹੈ ਜਿਸ ਨਾਲ ਉਨਾਂ ਦੀ ਆਰਥਿਕ ਸਥਿਤੀ ਵਿਚ ਸੁਧਾਰ ਹੋਵੇਗਾ। ਜਿਸ ਤੇ ਤੁਸੀ ਯਕੀਨ ਕਰਦੇ ਹੋ ਸੰਭਵ ਹੈ ਕਿ ਉਹ ਤੁਹਾਡਾ ਪੂਰਾ ਸੱਚ ਨਾ ਦੱਸ ਰਿਹ ਹੋਵੇ ਤੁਹਾਡੀ ਦੂਜਿਆਂ ਨੂੰ ਸਮਝਾਉਣ ਦੀ ਸਮਰਥਾ

ਆਉਣ ਵਾਲੀ ਮੁਸ਼ਕਿਲ ਨੂੰ ਹੱਲ ਕਰਨ ਵਿਚ ਮਦਦਗਾਰ ਸਾਬਿਤ ਹੋਵੇਗੀ। ਤੁਹਾਡੀ ਪਿਆਰੀ ਰਾਤ ਵਿਚ ਬਹੁਤ ਛੋਟੇ ਮੁੱਦਿਆਂ ਤੇ ਸੰਬੰਧ ਤਣਾਅਪੂਰਨ ਹੋ ਸਕਦੇ ਹਨ। ਕਾਰੋਬਰੀ ਪਾਰਟਨਰ ਤੁਹਾਡੇ ਵਿਵਹਾਰ ਨੂੰ ਸਹਿਯੋਗ ਕਰੇਗਾ ਅਤੇ ਤੁਸੀ ਮਿਲ ਕੇ ਟਲਦੇ ਆ ਰਹੇ ਕੰਮਾਂ ਨੂੰ ਪੂਰਾ ਕਰ ਸਕਦੇ ਹੋ। ਅੱਜ ਤੁਸੀ ਬਿਨਾਂ ਦੱਸੇ ਇਕੱਲੇ ਹੀ ਸਮਾਂ ਬਿਤਾਉਣ ਲਈ ਘਰ ਤੋਂ ਬਾਹਰ ਜਾ ਸਕਦੇ ਹੋ ਭਾਂਵੇ ਤੁਸੀ ਇਕੱਲੇ ਹੋਵੋਂਗੇ ਉੱਥੇ ਲੱਖਾ ਚੀਜ਼ਾਂ ਤੁਹਾਡੇ ਦਿਮਾਗ ਵਿਚੋਂ ਜਾ ਰਹੀਆਂ ਹੋਣਗੀਆਂ। ਸੰਭਵ ਹੈ ਕਿ ਵਿਆਹੁਤ ਜੀਵਨ ਵਿਚ ਠਹਿਰਾਅ ਤੋਂ ਤੰਗ ਆ ਕੇ ਤੁਹਾਡਾ ਜੀਵਨ ਸਾਥੀ ਤੁਹਾਡੇ ਤੇ ਟੁੱਟ ਪਵੇ।

**ਤੁਲਾ:** ਤੁਸੀ ਮਹਿਸੂਸ ਕਰੋਂਗੇ ਕਿ ਆਸ ਪਾਸ ਦੇ ਲੋਕ ਬਹੁਤ ਜ਼ਿਆਦਾ ਮੰਗ ਕਰਨੇ ਵਾਲੇ ਹਨ ਪਰੰਤੂ ਜਿੰਨਾਂ ਤੁਸੀ ਕਰ ਸਕਦੇ ਹੋ ਉਸ ਤੋਂ ਜਿਆਦਾ ਕਰਨ ਦਾ ਵਾਧਾ ਨਾ ਕਰੋ ਅਤੇ ਕੇਵਲ ਦੂਜਿਆਂ ਨੂੰ ਖੁਸ਼ ਕਰਨ ਲਈ ਖੁਦ ਨੂੰ ਤਣਾਅ ਤੋਂ ਨਾ ਥਕਾਉ। ਆਪਣੇ ਜ਼ਿਆਦਾ ਪੈਸੇ ਨੂੰ ਸੁਰੱਖਿਅਤ ਜਗ੍ਹਾਂ ਤੇ ਰੱਖੋ ਜੋ ਆਉਣ ਸਮੇਂ ਵਿਚ ਤੁਸੀ ਫਿਰ ਪਾ ਸਕੋ। ਤਣਾਵ ਦਾ ਦੋਰ ਲਗਾਤਾਰ ਰਹੇਗਾ ਪਰੰਤੂ ਪਰਿਵਾਰਿਕ ਸਹਿਯੋਗ ਮਦਦ ਕਰੇਗਾ। ਤੁਹਾਡੀ ਮੁਸਕਰਾਹਟ ਦਾ ਕੋਈ ਅਰਥ ਨਹੀਂ ਹਾਸੇ ਵਿਚ ਕੋਈ ਧੁਨ ਦਿਲ ਨੂੰ ਨਹੀਂ ਭੁੱਲਦੀ ਕਿਉਂ ਕਿ ਤੁਸੀ ਕੰਪਨੀ ਨੂੰ ਯਾਦ ਕਰਦੇ ਹੋ। ਅੱਜ ਤੁਹਾਡਾ ਕੋਈ ਲੁਕਿਆ ਵਿਰੋਧੀ ਤੁਹਾਡੇ ਪਿਆਰ ਨੂੰ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕਰੇਗਾ। ਤੁਸੀ ਦਿਨ ਨੂੰ ਵਧੀਆ ਤਰੀਕੇ ਰਾਹੀਂ ਭਾਵ ਰੋਚਕ ਮੈਗਜ਼ੀਨ ਜਾਂ ਨਾਵਲ ਪੜ੍ਹ ਕੇ ਬਤੀਤ ਕਰ ਸਕਦੇ ਹੋ। ਵਿਵਾਹਕ ਜੀਵਨ ਵਿਚੋਂ ਮੁਸ਼ਕਿਲ ਦੋਰ ਵਿਚੋਂ ਗੁਜ਼ਰਨ ਦੇ ਬਾਅਦ ਤੁਹਾਨੂੰ ਸਭ ਕੁਝ ਤੋਂ ਰਾਹਤ ਦਾ ਅਹਿਸਾਸ ਹੋ ਸਕਦਾ ਹੈ।

**ਬ੍ਰਿਸ਼ਚਕ:** ਜ਼ਿੰਦਗੀ ਦੇ ਪ੍ਰਤੀ ਉਦਾਸ ਨਜ਼ਰੀਆ ਰੱਖਣ ਤੋਂ ਬਚੋ। ਅੱਜ ਤੁਹਾਡੇ ਕੋਲ ਕਾਫੀ ਧੰਨ ਹੋਵੇਗਾ ਅਤੇ ਇਸ ਨਾਲ ਮਨ ਵਿਚ ਸ਼ਾਤੀ ਰਹੇਗੀ। ਆਪਣਾ ਆਪਾ ਦੋਸਤਾਂ ਅਤੇ ਰਿਸ਼ਤੇਦਾਰਾਂ ਤੇ ਥੋਪਣ ਦੀ ਕੋਸ਼ਿਸ਼ ਨਾ ਕਰੋ ਕਿਉਂ ਕਿ ਇਹ ਨਾ ਤੁਹਾਡੇ ਲਈ ਲਾਭਦਾਇਕ ਸਾਬਿਤ ਹੋਵੇਗਾ ਬਲ ਕਿ ਅਜਿਹਾ ਕਰਨਾ ਉਨਾਂ ਨੂੰ ਨਾਰਾਜ਼ ਵੀ ਕਰ ਸਕਦਾ ਹੈ। ਤੁਹਾਡਾ ਪਿਆਰ ਤੁਹਾਨੂੰ ਖੁਸ਼ ਰੱਖਣ ਦੇ ਲਈ ਕੁਝ ਖਾਸ ਕਰੇਗਾ। ਪੇਸ਼ੇਵਰ ਤੌਰ ਤੇ ਆਪਣੇ ਚੰਗੇ ਕੰਮ ਦੀ ਪਹਿਚਾਣ ਤੁਹਾਨੂੰ ਮਿਲ ਸਕਦੀ ਹੈ। ਮੁਸ਼ਕਿਲਾਂ ਦਾ ਤੇਜੀ ਨਾਲ ਮੁਕਾਬਲਾ ਕਰਦੇ ਸਮੇਂ ਤੁਹਾਡੀ ਸ਼ਮਤਾ ਤੁਹਾਨੂੰ ਖਾਸ ਪਹਿਚਾਣ ਦੇਵੇਗੀ। ਤੁਸੀ ਪੁਰਾਣੇ ਰੋਮਾਂਟਿਕ ਦਿਨਾਂ ਨੂੰ ਅੱਜ ਫਿਰ ਆਪਣੇ ਜੀਵਨਸਾਥੀ ਨਾਲ ਫਿਰ ਦੁਹਰਾਉਂਗੇ।

**ਧਨੂੰ:** ਜ਼ੋਸ਼ ਅਤੇ ਘੱਟ ਉਰਜਾ ਸਤਰ ਤੁਹਾਡੇ ਸਰੀਰ ਦੇ ਲਈ ਜ਼ਹਿਰ ਦਾ ਕੰਮ ਕਰੇਗੀ ਕਿਸੇ ਸਿਰਜਨਾਤਮਕ ਕੰਮ ਵਿਚ ਖੁਦ ਨੂੰ ਵਿਅਸਤ ਰੱਖਣਾ ਬਿਹਤਰ ਰਹੇਗਾ। ਨਾਲ ਹੀ ਬਿਮਾਰੀ ਨਾਲ ਲੜਨ ਦੇ ਲਈ ਖੁਦ ਨੂੰ ਉਤਸ਼ਾਹਿਤ ਕਰਦੇ ਰਹੋ। ਤੁਹਾਡਾ ਆਰਥਿਕ ਪੱਖ ਮਜ਼ਬੂਤ ਹੋਣ ਦੀ ਪੂਰੀ ਸੰਭਾਵਨਾ ਹੈ ਜੇਕਰ ਤੁਸੀ ਕਿਸੇ ਵਿਅਕਤੀ ਨੂੰ ਪੈਸਾ ਉਧਾਰ ਦਿੱਤਾ ਸੀ ਤਾਂ ਅੱਜ ਤੁਹਾਨੂੰ ਪੈਸਾ ਮਿਲਣ ਦੀ ਉਮੀਦ ਹੈ। ਪਰਿਵਾਰਿਕ ਤਣਾਅ ਕਾਰਨ ਆਪਣਾ ਧਿਆਨ ਨਾ ਠੱਪ ਕਰੋ। ਖਰਾਬ ਦੌਰ ਸਾਨੂੰ ਬਹੁਤ ਕੁਝ ਸਿਖਾ ਦਿੰਦਾ ਹੈ। ਪਿਆਰ ਇਕ ਅਜਿਹਾ ਜਜਬਾ ਹੈ ਜਿਸ ਨੂੰ ਨਾ ਸਿਰਫ ਮਹਿਸੂਸ ਕੀਤਾ ਜਾ ਸਕਦਾ ਹੈ ਬਲ ਕਿ ਆਪਣੇ ਪਿਆਰ ਨਾਲ ਵੰਡਣਾ ਵੀ ਚਾਹੀਦਾ ਹੈ। ਕੰਮਕਾਰ ਦੇ ਸਥਾਨ ਤੇ ਤੁਹਾਡੇ ਸਾਹਮਣੇ ਕਈਂ ਚਣੌਤੀਆਂ ਆਉਣਗੀਆਂ ਖਾਸ ਤੋਰ ਤੇ ਜੇਕਰ ਤੁਸੀ ਕੁਟਨੀਤਿਕ ਤਰੀਕੇ ਨਾਲ ਚੀਜਾਂ ਦਾ ਇਸਤੇਮਾਲ ਨਹੀਂ ਕਰੋਂਗੇ। ਅੱਜ ਤੁਹਾਡੇ ਘਰ ਕੁਝ ਦੋਸਤ ਆ ਸਕਦੇ ਹਨ ਤੁਹਾਡੇ ਨਾਲ ਸਮਾਂ ਬਿਤਾ ਸਕਦੇ ਹਨ ਹਾਲਾਂ ਕਿ ਇਸ ਸਮੇਂ ਤੁਹਾਡੇ ਲਈ ਸ਼ਰਾਬ, ਸਿਗਰੇਟ ਆਦਿ ਦੀ ਵਰਤੋ ਕਰਨਾ ਚੰਗਾ ਨਹੀਂ ਹੈ। ਅੱਜ ਦਾ ਦਿਨ ਦਿਵਾਨਗੀ ਵਿਚ ਗਿਰ ਜਾਣ ਦਾ ਹੈ ਤੁਸੀ ਆਪਣੇ ਜੀਵਨਸਾਥੀ ਨਾਲ ਪਿਆਰ ਅਤੇ ਰੋਮਾਂਸ ਦੀ ਚਰਮਾਈ ਤੱਕ ਪਹੁੰਚੋਗੇ।

**ਮਕਰ:** ਕੁਝ ਅਜਿਹੀਆਂ ਘਟਨਾਵਾਂ ਤੁਹਾਡੀ ਪਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ ਜਿਨਾਂ ਨੂੰ ਟਾਲਣਾ ਸੰਭਵ ਨਹੀਂ ਪਰੰਤੂ ਆਪਣੇ ਆਪ ਨੂੰ ਸ਼ਾਤ ਬਣਾਉ ਅਤੇ ਹਾਲਾਤ ਨਾਲ ਨਜਿੱਠਣ ਲਈ ਤੁਰੰਤ ਪ੍ਰਕਿਰਿਆ ਨਾ ਕਰੋ। ਕਿਸੇ ਕਰੀਬੀ ਦੋਸਤ ਦੀ ਮਦਦ ਨਾਲ ਅੱਜ ਕੁਝ ਕਾਰੋਬਾਰੀਆਂ ਨੂੰ ਚੰਗਾ ਖਾਸਾ ਧੰਨ ਲਾਭ ਹੋ ਸਕਦਾ ਹੈ ਇਹ ਪੈਸਾ ਤੁਹਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰ ਸਕਦਾ ਹੈ। ਦਿਨ ਦੇ ਦੂਜੇ ਹਿੱਸੇ ਵਿਚ ਕੁਝ ਦਿਲਚਸਪ ਅਤੇ ਰੋਮਾਂਚਕ ਕੰਮ ਕਰਨ ਦੇ ਲਈ ਵਧੀਆ ਸਮਾਂ ਹੈ। ਤੁਸੀ ਦੇਖਭਾਲ ਕਰਨ ਵਾਲੇ ਅਤੇ ਸਮਝਣ ਵਾਲੇ ਦੋਸਤ ਨੂੰ ਮਿਲੋਗੇ। ਥੋੜੀਆਂ ਹੇਰਾਫੇਰੀਆਂ ਅਤੇ ਗੱਲਬਾਤ ਅਚਾਨਕ ਲਾਭ ਲਿਆਏਗੀ। ਅੱਜ ਤੁਸੀ ਸਾਰਾ ਦਿਨ ਨਵੇਂ ਵਿਚਾਰਾਂ ਨਾਲ ਭਰਪੂਰ ਰਹੋਂਗੇ ਤੁਸੀ ਜਿਨਾਂ ਕੰਮਾਂ ਨੂੰ ਕਰਨ ਦੇ ਲਈ ਚੁਣੋਗੇ ਉਹ ਤੁਹਾਡੀ ਉਮੀਦ ਤੋਂ ਜ਼ਿਆਦਾ ਲਾਭ ਦੇਣਗੇ। ਅੱਜ ਤੁਹਾਨੂੰ ਆਪਣੇ ਜੀਵਨਸਾਥੀ ਨਾਲ ਫਿਰ ਦੁਬਾਰਾ ਪਿਆਰ ਹੋ ਜਾਵੇਗਾ।

**ਕੁੰਭ:** ਕਠਿਨਾਈਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਹਿੰਮਤ ਨਾ ਹਾਰੋ ਅਤੇ ਇੱਛਚ ਫਲ ਪਾਉਣ ਦੇ ਲਈ ਸਖਤ ਮਿਹਨਤ ਕਰੋ। ਇਨਾਂ ਨਾਕਮੀਆਂ ਨੂੰ ਤਰੱਕੀ ਦਾ ਆਧਾਰ ਬਣਾਉ। ਮੁਸ਼ਕਿਲ ਘੜੀ ਵਿਚ ਰਿਸ਼ਤੇਦਾਰ ਵੀ ਕੰਮ ਆਉਣਗੇ। ਇਸ ਰਾਸ਼ੀ ਦੇ ਵਿਵਾਹੁਤ ਜਾਤਕਾਂ ਨੂੰ ਅੱਜ ਸੌਰਿਆਂ ਤੋਂ ਲਾਭ ਹੋਣ ਦੀ ਸੰਭਾਵਨਾ ਹੈ। ਪਰਿਵਾਰਿਕ ਤਣਾਵਾਂ ਨੂੰ ਆਪਣੀ ਇਕਗਰਤਾ ਨਾ ਠੱਪ ਕਰਨ ਦਿਉ ਮਾੜਾ ਸਮਾਂ ਕਾਫੀ ਕੁਝ ਸਿਖਾਉਂਦਾ ਹੈ ਸਵੈ ਤਰਸ ਵਿਚ ਉਲਝੇ ਪਲ ਨੂੰ ਬਰਬਾਦ ਨਾ ਕਰੋ ਪਰ ਕੋਸ਼ਿਸ਼ ਕਰੋ ਕਿ ਜ਼ਿੰਦਗੀ ਦੇ ਸਬਕ ਨੂੰ ਜਾਣੋ। ਤੁਹਾਡੇ ਪ੍ਰੇਮੀ ਦਾ ਚਿੜਚਿੜਾ ਵਿਵਹਾਰ ਤੁਹਾਡੇ ਮੂਡ ਨੂੰ ਖਰਾਬ ਕਰ ਸਕਦਾ ਹੈ । ਵੱਡੇ ਕਾਰੋਬਾਰੀ ਸੋਦੇ ਕਰਦੇ ਸਮੇਂ ਆਪਣੀਆਂ ਭਾਵਨਾਵਾਂ ਤੇ ਕਾਬੂ ਰੱਖੋ। ਅੱਜ ਤੁਸੀ ਆਪਣੇ ਵਿਅਸਤ ਸ਼ੈਡਯੂਲ ਵਿਚੋਂ ਆਪਣੇ ਆਪ ਲਈ ਸਮਾਂ ਕੱਢ ਸਕੋਗੇ ਪਰੰਤੂ ਦਫਤਰ ਦੇ ਜ਼ਰੂਰੀ ਕੰਮ ਕਰਕੇ ਤੁਹਾਡੀ ਯੋਜਨਾ ਵਿਚ ਖਲਲ ਪੈ ਸਕਦਾ ਹੈ। ਜੀਵਨਸਾਥੀ ਦੀ ਥਕਾਵਟ ਅਤੇ ਬਿਮਾਰੀ ਤੁਹਾਨੂੰ ਪਰੇਸ਼ਾਨ ਕਰ ਸਕਦੀ ਹੈ।

**ਮੀਨ:** ਆਪਣੇ ਸਰੀਰ ਦੀ ਥਕਾਵਟ ਅਤੇ ਉਰਜਾ ਸਤਰ ਨੂੰ ਵਧਾਉਣ ਲਈ ਤੁਹਾਨੂੰ ਪੂਰੇ ਆਰਾਮ ਦੀ ਜ਼ਰੂਰਤ ਹੈ ਨਹੀਂ ਤਾਂ ਸਰੀਰ ਦੀ ਥਕਾਵਟ ਤੁਹਾਡੇ ਮਨ ਵਿਚ ਨਿਰਾਸ਼ਾਵਾਦ ਨੂੰ ਜਨਮ ਦੇ ਸਕਦੀ ਹੈ। ਅੱਜ ਤੁਹਾਨੂੰ ਖੇਤੀ, ਰਿਅਲ ਅਸਟੇਟ ਜਾਂ ਸਭਿਆਚਾਰਕ ਪਰਿਯੋਜਨਾਵਾਂ ਉੱਪਰ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਬੱਚਿਆਂ ਤੋਂ ਮਿਲੀ ਅਚਾਨਕ ਖੁਸ਼ਖਬਰੀ ਦਿਨ ਦੇ ਖੁਸ਼ਨੁਮਾ ਬਣਾ ਦੇਵੇਗੀ। ਰੋਮਾਂਸ ਭੁਲਣ ਅਤੇ ਤੁਹਾਡੇ ਕੀਮਤੀ ਤੋਹਫੇ ਵੀ ਅੱਜ ਜਾਦੂ ਚਲਾਉਣ ਵਿਚ ਸਫਲ ਨਹੀਂ ਹੋਣਗੇ। ਸਾਂਝੀਦਾਰੀ ਨਾਲ ਲੰਬਾ ਕਾਇਮ ਕਰਨ ਬਹੁਤ ਸਮਝ ਸਿੱਧ ਹੋਵੇਗਾ। ਵਕੀਲ ਦੇ ਕੋਲ ਜਾ ਕੇ ਕਾਨੂੰਨੀ ਸਲਾਹ ਲੈਣ ਦੇ ਲਈ ਚੰਗਾ ਦਿਨ ਹੈ। ਤੁਹਾਡੇ ਜੀਵਨ ਸਾਥੀ ਦੀ ਸੁਸਤੀ ਤੁਹਾਡੇ ਕਈ ਕੰਮਾਂ ਤੇ ਪਾਣੀ ਫੇਰ ਸਕਦੀ ਹੈ।

# ਅਸਾਂ ਨੂੰ ਸਹੁੰ ਲੱਗੇ... !



ਚਰਨਜੀਤ ਭੁੱਲਰ

ਚੰਡੀਗੜ੍ਹ : ਵੈਲ ਤਾਂ ਚਾਹ ਦਾ ਵੀ ਮਾੜੈ। ਦੌਲਤ ਦਾ ਨਸ਼ਾ ਤੌਬਾ ਕਰਵਾ ਦਿੰਦੈ। ਸੱਤਾ ਦਾ ਨਸ਼ਾ ਕਿਸੇ ਪਾਸੇ ਦਾ ਨੀ ਛੱਡਦਾ। ਇਸ਼ਕੇ ਦਾ ਨਸ਼ਾ 'ਦੇਵਦਾਸ' ਬਣਾ ਦਿੰਦੈ। ਅਕਲ ਦਾ ਨਸ਼ਾ ਸਿਰ ਚੜ੍ਹ ਜਾਏ, ਬੰਦਾ ਖਾਂਸੀ ਤੱਕ ਦੀ ਪ੍ਰਵਾਹ ਨੀ ਕਰਦਾ। ਏਦਾਂ ਦੇ ਸੱਜਣਾਂ ਨੂੰ ਕੁਤਬ ਮੀਨਾਰ ਤੱਕ ਨੀ ਦੀਂਹਦੀ, ਪੰਜਾਬ ਦੀ ਕੰਧ 'ਤੇ ਲਿਖਿਆ, ਭਲਾ ਉਹ ਕਿਥੋਂ ਪੜ੍ਹਨਗੇ। ਸਰਦਾਰ ਪੰਛੀ ਸੱਚ ਆਖਦੇ, 'ਜੋ ਭੀ ਨਸ਼ੇ ਮੇ ਚੂਰ ਹੋਤਾ ਹੈ, ਰੂਹ ਆਪਣੀ ਸੇ ਦੂਰ ਹੋਤਾ ਹੈ।' ਪੰਜਾਬ 'ਚੋਂ ਗੂੰਜ ਪਈ, ਆਹ ਚੁੱਕੋ ਬਰੈਂਡ ਨਿਊ ਗਾਰੰਟੀ, 'ਪੂਰੀ ਪੰਜਾਬ ਕੈਬਨਿਟ ਸੋਫ਼ੀ ਹੈ, ਮਜ਼ਾਲ ਐ ਕੋਈ ਦਾਰੂ ਨੂੰ ਹੱਥ ਲਾ'ਜੇ।'

ਸਰਦੂਲ ਸਿਕੰਦਰ ਕੰਨ 'ਤੇ ਹੱਥ ਰੱਖ ਹੇਕ ਲਾ ਰਿਹੈ, 'ਜੇ ਉਂਜ ਗਿਰਦੀ ਤਾਂ ਚੁੱਕ ਲੈਂਦੇ, ਨਜ਼ਰਾਂ ਚੋਂ ਗਿਰ ਗਈ, ਕੀ ਕਰੀਏ..। ਉਹ ਵੇਲੇ ਭਲੇ ਸਨ, ਜਦ ਬੰਦੇ ਨੇਕ ਸਨ, ਵਚਨਾਂ 'ਤੇ ਉਮਰਾਂ ਪੁਗਾ ਜਾਂਦੇ। 'ਜਾਨ ਜਾਏ ਪਰ ਵਚਨ ਨਾ ਜਾਏ'। ਮਾਮਲਾ ਚੋਰੀ ਦਾ ਹੁੰਦਾ ਜਾਂ ਕੋਈ ਘਰਾਂ ਦਾ ਰੌਲਾ ਰੱਪਾ। ਕੋਈ ਪਿੱਪਲ ਦਾ ਪੱਤਾ ਤੋੜ ਸਹੁੰ ਖਾਂਦਾ, ਕੋਈ ਗਊ ਦੀ ਪੂਛ ਫੜ੍ਹ। ਪਾਣੀ ਸਿਰੋਂ ਲੰਘ ਜਾਂਦਾ ਤਾਂ ਗੁਰੂ ਘਰ ਵੱਲ ਹੱਥ ਕਰਾਏ ਜਾਂਦੇ। ਗੱਲ ਸਹੁੰ ਨਾਲ ਨਿੱਬੜ ਜਾਂਦੀ। ਸੱਚ ਜਾਣਿਓਂ, ਸਹੁੰ ਦੀ ਪਿਉਂਦ ਤਾਂ ਵੈਦਿਕ ਕਾਲ ਤੋਂ ਚੜ੍ਹੀ ਹੋਈ ਹੈ।

ਸ਼ਰਾਬੀ ਬੰਦਾ, ਸਭ ਤੋਂ ਵੱਧ ਕੁੱਤੇ-ਖਾਣੀ ਸਹੁੰ ਨਾਲ ਕਰਦੈ। ਸਪੀਕਰਾਂ 'ਚ ਗਾਣਾ ਵੱਜਦਾ ਹੁੰਦਾ ਸੀ, 'ਕਦੇ ਬੰਦੇ ਦੀ ਮਾੜਕਾ ਆਦਤ ਨਾ ਜਾਵੇ।' ਫੈਮਿਲੀ ਪਲੈਨਿੰਗ ਦੇ ਯੁੱਗ 'ਚ ਨੇਤਾ ਚਾਹੇ ਪੰਜ ਪੰਜ ਵਾਰ ਮੁੱਖ ਮੰਤਰੀ ਸਜ ਜਾਣ, ਸੱਤਾ ਦਾ ਲੋਭ ਘਟਦਾ ਨਹੀਂ। ਲੋਭ ਖ਼ਾਤਰ ਤਾਂ ਅਮਰਿੰਦਰ ਨੇ ਹੱਥ 'ਚ ਗੁਟਕਾ ਸਾਹਿਬ ਫੜ ਸਹੁੰ ਖਾ ਲਈ ਸੀ। ਸੱਤਾ ਦਾ ਪਟਿਆਲਾ ਪੈੱਗ ਲਾ ਮਹਾਰਾਜਾ ਪੌਣੇ ਪੰਜ ਸਾਲ ਗਲਾਸੀਕਲ ਗਾਣ 'ਚ ਡੁੱਬੇ ਰਹੇ। ਮਗਰੋਂ ਬੀਬੀਆਂ ਗਾਉਣੋਂ ਨਾ ਹਟਣ, 'ਵੱਸ ਨੀ ਰਾਜਿਆ ਤੇਰੇ, ਸਹੁੰਆਂ ਖਾ ਕੇ ਮੁੱਕਰ ਗਿਆ।'

ਸੱਤਾ ਦਾ ਨਸ਼ਾ ਅਫ਼ੀਮ ਤੋਂ ਭੈੜਾ। ਤਾਹੀਂ ਚੋਣਾਂ 'ਚ ਸਭ ਜਾਇਜ਼ ਹੁੰਦੈ। ਨੇਤਾ ਜੀ ਨੇ ਅਮਲੀ ਅੱਗੇ ਝੁਕਦਿਆਂ ਹੱਥ ਜੋੜੇ, ਬਾਬਿਓ! ਵੋਟ ਜ਼ਰੂਰ ਪਾਇਓ। ਬਿਨਾਂ ਅੱਖ ਖੋਲ੍ਹੇ ਅਮਲੀ ਨੇ ਬੁੱਲ੍ਹ ਹਿਲਾਏ, 'ਪਹਿਲਾਂ ਵੋਟ ਪਾਉਣ ਜੋਗਾ ਕਰ ਤਾਂ ਦਿਓ।' ਕੁਰਸੀ 'ਤੇ ਸਜਣ ਮਗਰੋਂ ਹਰ ਨੇਤਾ ਆਖਦੈ, 'ਸੁੱਖ ਦੇਣੀ ਨੀ, ਖਜੂਰ 'ਤੇ ਚੜ੍ਹਨਾ ਨੀ', ਪੰਜਾਬ ਜ਼ਰੂਰ ਟਿੰਡੀਂ ਦੇ ਬੀਅ 'ਤੇ ਚੜਿਆ। ਇੱਕ ਲੰਮ ਸਲੰਮਾ ਗੱਭਰੂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਪਿੰਡ ਦੀ ਮਿੱਟੀ ਸਹੁੰ ਖਾ ਆਇਆ ਸੀ। ਯੋਗਰਾਜ ਦਾ ਡਾਇਲਾਗ ਹੈ, 'ਤਾਕਤ ਤੇ ਸਿਆਸਤ ਦਾ ਨਸ਼ਾ ਅਫ਼ੀਮ ਵਰਗਾ ਹੁੰਦਾ ਹੈ।'

'ਇਨਕਲਾਬ' ਅਤੇ 'ਬਦਲਾਅ' ਦੋਵੇਂ ਜੌੜੇ ਭਰਾ ਨੇ, ਜਿਹੜੇ ਬੋਹੜ ਥੱਲੇ ਵਰ੍ਹਿਆਂ ਤੋਂ ਘੂਕ ਸੁੱਤੇ ਪਏ ਨੇ, ਜਦੋਂ ਚੋਣਾਂ ਆਉਂਦੀਆਂ ਹਨ, ਨੇਤਾ ਲੋਕ ਇਨ੍ਹਾਂ ਨੂੰ ਹੁੱਝਾਂ ਮਾਰਨੋਂ ਨੀ ਹਟਦੇ। ਜਿਵੇਂ ਬੇਬੀ ਨੂੰ ਬੇਸ ਪਸੰਦ ਐ, ਉਵੇਂ ਦਿੱਲੀ ਆਲੇ ਸੱਜਣਾਂ ਨੂੰ ਪੰਜਾਬ ਪਸੰਦ ਐ। ਮੰਤਰੀ ਜਣ ਭੋਲੂ ਪ੍ਰਸ਼ਾਦ ਬਣੇ ਨੇ, ਜਿਨ੍ਹਾਂ ਪੱਲੇ ਇਕੱਲੀ ਝੰਡੀ ਵਾਲੀ ਕਾਰ ਐ ਜਾਂ ਦੋ ਚਾਰ ਕਿੱਲੋ ਬਦਨਾਮੀ ਦੀਆਂ ਮੀਂਗਣਾਂ। ਵਿਧਾਤਾ ਸਿੰਘ ਤੀਰ ਸੱਚ ਸੁਣਾ ਰਿਹੈ, 'ਮੈਂ ਗੂੰਗਾ, ਮੇਰੀ ਦੁਨੀਆ ਗੂੰਗੀ, ਤਾਹੀਓਂ ਗਾਏ ਗੂੰਗੇ ਗੀਤ।' ਵਜ਼ੀਰਾਂ ਦੀ ਦੁਖਦੀ ਰਗ 'ਤੇ ਹੱਥ ਰੱਖੋਗੇ, ਅੱਗਿਓਂ ਮਰਫੀ ਦੇ ਰੇਡੀਓ ਵਾਂਗੂ ਟੁਣਕਦੇ ਨੇ, 'ਦੁੱਖ ਬੋਲ ਕੇ ਜੇ ਦੱਸਿਆ ਤਾਂ ਕੀ ਦੱਸਿਆ..।'

ਵੈਸੇ ਵਜ਼ੀਰਾਂ ਦੀ ਦਾਦ ਦੇਣੀ ਬਣਦੀ ਹੈ। ਏਨੇ ਸਾਊ ਪੁੱਤ ਕਿਤੇ ਲੱਭਦੇ ਨੇ। ਮੰਤਰੀ ਜਣ ਧੁੱਪਾਂ 'ਚ ਕਬਾੜੀਆਂ ਵਾਂਗੂ ਪਿੰਡੋਂ ਪਿੰਡ ਘੁੰਮਦੇ ਪਏ ਨੇ, ਸਹੁੰਆਂ ਚੁਕਾ ਰਹੇ ਨੇ। 'ਜਿਹੜੇ ਸੱਚ ਦੀ ਸਲੀਬ ਚੁੱਕਦੇ ਨੇ, ਉਨ੍ਹਾਂ ਨੂੰ ਸਹੁੰ ਚੁੱਕਣ ਦੀ ਲੋੜ ਨਹੀਂਓ ਰਹਿੰਦੀ।' ਇੱਕ ਪਿੰਡ ਦਾ ਕਿੱਸਾ ਅਰਜ਼ ਹੈ। ਮੰਤਰੀ ਜੀ ਜਦ ਰਾਤ ਦੇ ਸੱਤ ਵਜੇ ਤੱਕ ਸਹੁੰ ਚੁਕਾਉਣ ਲਈ ਤਸ਼ਰੀਫ਼ ਨਾ ਲਿਆਏ ਤਾਂ ਪਿੰਡ ਦੇ ਅੱਕੇ ਹੋਏ ਸਰਪੰਚ ਨੇ ਮੰਤਰੀ ਨੂੰ ਫ਼ੋਨ ਖੜਕਾ ਦਿੱਤਾ, ਜਨਾਬ! ਆਉਣਾ ਹੈ ਤਾਂ ਦਸ ਮਿੰਟ 'ਚ ਆਜੋ, ਨਹੀਂ ਫਿਰ ਇੱਥੇ ਕੋਈ ਸਹੁੰ ਚੁੱਕਣ ਜੋਗਾ ਨੀ ਰਹਿਣਾ। ਗੱਲ ਸੌ ਫ਼ੀਸਦੀ ਸੱਚੀ ਹੈ, ਤਸਦੀਕ ਹਰਭਜਨ ਮਾਨ ਕਰ ਰਿਹੈ..'ਆਥਣ ਵੇਲੇ ਸਾਰਾ ਪਿੰਡ ਸ਼ਰਾਬੀ ਹੁੰਦਾ ਏ..।'

ਜਿਵੇਂ ਪੰਜਾਬੀ ਅੱਜ ਕੱਲ੍ਹ ਥੋਕ 'ਚ ਸਹੁੰਆਂ ਚੁੱਕ ਰਹੇ ਨੇ, ਉਸ ਲਿਹਾਜ਼ ਨਾਲ ਤਾਂ ਰੱਬ ਨੂੰ ਵੀ ਆਪਣੀ ਲੇਖਾ ਬਰਾਂਚ 'ਚ ਹਜ਼ਾਰਾਂ ਮੁਨਸ਼ੀ ਭਰਤੀ ਕਰਨੇ ਪੈਣਗੇ। ਭਮੱਕੜ ਦਾਸੋ! ਮੁਨਸ਼ੀ ਲੱਗਣੈ ਤਾਂ ਦੱਸੋ, ਫਿਰ ਨਾ ਉਲਾਂਭਾ ਦੇਣਾ ਕਿ ਰੱਬ ਨੇ ਗੈਰ ਪੰਜਾਬੀ ਭਰਤੀ ਕਰ ਲਏ। ਸਿਆਣੇ ਆਖਦੇ ਨੇ,'ਜਿਹੜੀ ਸਰਕਾਰ ਪਰਜਾ ਨੂੰ ਜੁਆਬ ਦੇਣਾ, ਹਿਸਾਬ ਦੇਣਾ ਮੁਨਾਸਬ ਨਾ ਸਮਝੇ, ਉਹ ਸਭ ਤੋਂ ਭੈੜੀ ਹੁੰਦੀ ਹੈ।' ਸੱਤਾ ਦਾ ਨਸ਼ਾ ਪਹਿਲੇ ਤੋੜ ਦੀ ਦਾਰੂ ਵਰਗਾ ਹੁੰਦੈ। ਕਿਤੇ ਨੇਤਾ ਦੇ ਦੋ ਹਾੜੇ ਲੱਗੇ ਹੋਣ, ਉੱਪਰੋਂ ਮੱਛਰ ਲੜ ਜਾਏ ਤਾਂ ਮੱਛਰ ਵੀ ਟੱਲੀ ਹੋ ਜਾਂਦੈ, ਉਹੀ ਮੱਛਰ ਫਿਰ ਮੁੜ ਘਿੜ ਕੁਰਸੀ 'ਤੇ ਬੈਠਣ ਲੱਗਦੈ।

ਅਮਰਿੰਦਰੀ ਹਕੂਮਤ ਵੇਲੇ ਸੱਤਾ ਦੇ ਨਸ਼ੇ 'ਚ ਟੁੰਨ ਭੂਸ਼ਣ ਲੁਧਿਆਣਵੀ ਇੱਕ ਡੀਐੱਸਪੀ 'ਤੇ ਇੰਜ ਗੱਜੇ ਸਨ, 'ਮਿੱਧ ਕੇ ਰੱਖ ਦਿਆਂਗੇ'। ਅਮਰਿੰਦਰ ਦਾ ਦਵਿੰਦਰ ਵੀ ਥਾਣੇਦਾਰ ਬੀਬੀ ਨੂੰ ਪੈ ਨਿੱਕਲਿਆ ਸੀ, 'ਆਪਣਾ ਜੁੱਲੀ ਬਿਸਤਰਾ ਬੰਨ੍ਹ ਲਓ।' ਅਸਲ 'ਚ ਧਰਤੀ ਗੋਲ ਹੈ, ਲੋਕ ਜਲਦ ਬਿਸਤਰਾ ਬੰਨ੍ਹ ਦਿੰਦੇ ਨੇ। ਪੰਝੀ ਸਾਲ ਰਾਜ ਦਾ ਨਾਅਰਾ ਦੇਣ ਵਾਲੇ ਹੁਣ ਸਹੁੰ ਚੁੱਕਣ ਨੂੰ ਤਰਸੇ ਪਏ ਨੇ। ਅਖਾਣ ਐਵੇਂ ਨੀ ਬਣਦੇ, 'ਅੰਨ੍ਹੇ ਨੂੰ ਨਜ਼ਰ ਨੀ ਆਉਂਦਾ, ਹੰਕਾਰੀ ਵੇਖਣਾ ਨੀ ਚਾਹੁੰਦਾ।'

ਪੰਜਾਬ ਤਾਂ ਚਾਹੁੰਦੈ ਕਿ ਸੁੱਖ ਦਾ ਸਾਹ ਆਵੇ ਜਿਨ੍ਹਾਂ ਦੀ ਸੰਦੂਕੜੀ ਭਰ ਕੇ ਸੰਵਿਧਾਨ ਦੀ ਸਹੁੰ ਚੁਕਾਈ, ਹੁਣ ਉਹੀ ਮੁੜ ਲੋਕਾਂ ਨੂੰ ਸਹੁੰਆਂ ਪਰੋਸ ਰਹੇ ਨੇ। ਪੰਜਾਬ ਤਾਂ ਬੋਦੇ ਕੱਪੜੇ ਵਰਗਾ ਹੋਇਐ। 'ਬਦਲਾਅ' ਦੇ ਟਰੇਲਰ 'ਚੋਂ ਸਵਰਗ ਦਿਖਿਆ, ਅੰਦਰ ਦੀਦਾਰ-ਏ-ਨਰਕ ਹੋਇਆ। ਘਰ ਬਾਰ ਛੱਡ, ਦਿੱਲੀ ਦੇ ਜਾਏ, ਪੰਜਾਬ ਦੀ ਸੇਵਾ 'ਚ ਆਏ। ਵਿਰੋਧ ਮੱਲ ਨਿਮਾਣਾ ਤੋਂ 'ਰੰਗਲਾ ਪੰਜਾਬ' ਝੱਲ ਨਹੀਂ ਹੋ ਰਿਹੈ। ਤਾਹੀਂ ਤੂੰਬੀ 'ਤੇ ਗਾਉਂਦਾ ਪਿਐ, 'ਤੇਰੀ ਫੀਏਟ 'ਤੇ ਜੇਠ ਨਜ਼ਾਰੇ ਲੈਂਦਾ।' ਪ੍ਰਤਾਪ ਸਿੰਘ ਕੈਰੋਂ ਆਖਦਾ ਹੁੰਦਾ ਸੀ, 'ਜੱਟ ਤਾਂ ਸੁਹਾਗੇ 'ਤੇ ਚੜਿਆ ਮਾਣ ਨੀ ਹੁੰਦਾ।'

ਧੰਨੇ ਭਗਤ ਨੇ ਸਹੁੰ ਖਾਧੀ, ਪੱਥਰਾਂ 'ਚੋਂ ਰੱਬ ਪਾਇਆ। ਪਿੰਡਾਂ ਵਾਲੇ ਸਹੁੰ ਚੁੱਕੀਏ ਵੀ ਥੋੜ੍ਹਾ ਧੀਰਜ ਰੱਖਣ। ਜ਼ਮਾਨਾ ਕੇਹਾ ਹੈ, ਦਾਨਸ਼ਮੰਦ ਲੱਭਦੇ ਨਹੀਂ ਪਏ, ਕਾਲੇ ਕੱਛੇ ਆਲਿਆਂ ਵਾਂਗੂ ਲੀਡਰ ਹਰ ਮੋੜ 'ਤੇ ਖੜ੍ਹੇ ਨੇ। ਆਖਦੇ ਨੇ ..'ਦਿਲ ਮਾਂਗੇ ਮੋਰ', ਸੱਤਾ ਦੇ ਨਸ਼ੇ ਦਾ ਰੋਗ ਭੈੜਾ। ਵੋਟਰ ਪਾਤਸ਼ਾਹ ਵੀ ਖ਼ਾਨਦਾਨੀ ਵੈਦਾਂ ਤੋਂ ਘੱਟ ਨੀ ਹੁੰਦੇ, ਇੱਕੋ ਦਿਨ 'ਚ ਪੀੜਤਾਂ ਦਾ ਕੁਰਸੀ ਰੋਗ ਕੱਟ ਦਿੰਦੇ ਨੇ। ਕਿਸੇ ਭਲੇ ਪੁਰਸ਼ ਨੇ ਠੀਕ ਕਿਹੈ, ਰਿਟਾਇਰੀ ਬੰਦੇ ਆਲਾ ਮਿਜ਼ਾਜ ਰੱਖਣ ਵਾਲੇ ਨੇਤਾ ਕਦੇ ਰਿਟਾਇਰ ਨਹੀਂ ਹੁੰਦੇ। ਜਿਵੇਂ ਜਯੋਤੀ ਬਾਸੂ ਆਖਦੇ ਹੁੰਦੇ ਸਨ ਕਿ ਕਾਮਰੇਡ ਕਦੇ ਰਿਟਾਇਰ ਨੀਂ ਹੁੰਦਾ।

ਨੈਲਸਨ ਮੰਡੇਲਾ ਨੂੰ ਜਦੋਂ ਲੋਕਾਂ ਨੇ ਦੁਬਾਰਾ ਗੱਦੀ ਦੇਣੀ ਚਾਹੀ, ਉਸ ਨੇ ਨਾਂਹ ਕਰਤੀ। ਕਾਮਰਾਜ ਤਾਮਿਲਨਾਡੂ 'ਚ ਮੁੱਖ ਮੰਤਰੀ ਦੀ ਟਰਮ ਪੂਰੀ ਕਰਕੇ ਸਿੱਧਾ ਨਹਿਰੂ ਕੋਲ ਗਿਆ, 'ਜੋ ਕਰਨਾ ਸੀ, ਉਹ ਪੰਜ ਸਾਲ 'ਚ ਕਰ'ਤਾ, ਦੁਬਾਰਾ ਮੁੱਖ ਮੰਤਰੀ ਨੀ ਬਣਨਾ।' 'ਤੈਨੂੰ ਰੋਗ ਦਾ ਪਤਾ ਨਾ ਕੋਈ, ਵੈਦਾ ਮੇਰੀ ਬਾਂਹ ਛੱਡ ਦੇ', ਹੁਣ ਇਨਕਲਾਬ ਪੰਜਾਬ ਦੀ ਬਾਂਹ ਨਹੀਂ ਛੱਡ ਰਿਹਾ। 'ਧੇਲਾ ਨਹੀਂ ਪੱਲੇ, ਸੈਰ ਬਾਗ਼ ਦੀ ਚੱਲੇ।'

ਸ਼ਾਇਦ ਗੱਲ ਸਹੁੰ ਤੋਂ ਤੁਰੀ ਸੀ। ਗਵਾਹੀ ਦੇਣ ਆਏ ਅਮਲੀ ਨੂੰ ਜੱਜ ਸਾਹਿਬ ਨੇ ਪੁੱਛਿਆ, ਕੀ ਸਹੁੰ ਖਾਉਗੇ। ਨਿਮਰਤਾ ਦੇ ਮੁਜੱਸਮੇ ਅਮਲੀ ਸਿੰਘ ਨੇ ਕਿਹਾ ਕਿ,' ਜਨਾਬ ! ਤੁਸੀਂ ਕਹਿੰਦੇ ਹੋ ਤਾਂ ਛਕ ਲਵਾਂਗੇ।' ਹੂਟਰਾਂ ਆਲੇ ਵਜ਼ੀਰ ਥੋਕ ਦੇ ਭਾਅ ਸਹੁੰਆਂ ਛਕਾ ਰਹੇ ਨੇ। 'ਰੰਗਲਾ ਪੰਜਾਬ' ਬਣਾਉਣ ਲਈ ਦਿੱਲੀ ਦੇ ਮਸ਼ਹੂਰ ਪੇਂਟਰ ਲੱਗੇ ਹੋਏ ਨੇ। ਬਾਕੀ ਲੱਛੀ ਦੇ ਭਾਗ। ਪੁਰਾਣੇ ਦਾਗ਼ ਹੌਲੀ ਹੌਲੀ ਲਹਿਣਗੇ। ਪੰਜਾਬ ਦੋਖੀ ਨਿੰਦਣੋਂ ਨੀ ਹਟ ਰਹੇ। ਪੰਜਾਬੀਓ! ਸੰਤ ਕਬੀਰ ਨੂੰ ਧਿਆਓ, ..ਨਦੀ ਨਾ ਘੱਟਿਓਂ ਨੀਰ। ਪੁਰਾਣੀ ਰੀਤ ਐ, ਬਾਦਸ਼ਾਹ ਹੁਕਮ ਦਿੰਦੈ, ਵਜ਼ੀਰ ਸੱਤ ਵਚਨ ਆਖਦੇ ਨੇ। ਤੁਸੀਂ ਆਖਦੇ ਪਏ ਹੋ..'ਬੁਲੇਟ ਤਾਂ ਰੱਖਿਐ ਪਟਾਕੇ ਪਾਉਣ ਨੂੰ।'

ਅਖੀਰ 'ਚ ਵਾਇਆ ਵਰਿਆਮ ਸੰਧੂ ਪੁੱਜੀ ਗੱਲ, ਕੇਰਾਂ ਪ੍ਰੋ. ਮੋਹਨ ਸਿੰਘ ਟੱਲੀ ਹੋਏ ਘਰ ਪਰਤੇ, ਬੀਵੀ ਨੇ ਪੁੱਛਿਆ, ਮੀਆਂ ਜੀ ਇਹ ਕੀ? ਪ੍ਰੋਫੈਸਰ ਸਾਹਿਬ ਦੇ ਅੱਖਾਂ 'ਚ ਅੱਥਰੂ, ਭਰੇ ਮਨ ਨਾਲ ਆਖਣ ਲੱਗੇ, 'ਬੱਸ ਅੱਜ ਬੈਡ ਕੰਪਨੀ ਨੇ ਮਰਵਾ'ਤਾ।' ਉਹ ਕਿਵੇਂ? ਪ੍ਰੋ. ਮੋਹਨ ਸਿੰਘ ਦਾ ਜੁਆਬ ਸੁਣੋ, 'ਅੱਜ ਦੋ ਦੋਸਤ ਤਸ਼ਰੀਫ਼ ਲਿਆਏ, ਦਾਸ ਸੇਵਾ-ਪਾਣੀ ਲਈ ਬੋਤਲ ਲੈ ਆਇਆ, ਅੱਗਿਓਂ ਉਹ ਦੋਵੇਂ ਸੋਢੀ ਨਿਕਲੇ, ਬੱਸ ਕਸ਼ਟ 'ਕੱਲੇ ਨੂੰ ਝੱਲਣਾ ਪਿਆ।'




# ਖਰੀਆਂ ਖਰੀਆਂ



ਰਿਸ਼ਤਿਆਂ ਦੇ ਵਿੱਚ ਸਾਡੀ ਸੋਚ ਕਿਵੇਂ ਸਾਡੀ ਸਹੂਲਤ ਦੇ ਮੁਤਾਬਿਕ ਬਦਲਦੀ ਹੈ ਇਸ ਦਾ ਛੋਟਾ ਜਿਹਾ ਉਦਾਹਰਨ ਇੱਕ ਘਟਨਾ ਵਿੱਚ ਦੇਖੋ। ਇੱਕ ਬਜ਼ੁਰਗ ਆਪਣੇ ਮਿੱਤਰ ਨੂੰ ਮਿਲਣ ਗਿਆ। ਦੋ ਮੈਂ ਬੈਠ ਕੇ ਗੱਲਬਾਤ ਕਰ ਰਹੇ ਸੀ। ਦੋਸਤ ਨੇ ਪੁੱਛਿਆ ਕਿ ਹੋਰ ਸਭ ਕਿਵੇਂ ਚੱਲ ਰਿਹਾ ਹੈ। ਬਜ਼ੁਰਗ ਮਿੱਤਰ ਨੇ ਜਵਾਬ ਦਿੱਤਾ ਬਸ ਟਾਈਮ ਕੱਢ ਰਹੇ ਹਾਂ। ਦੋਸਤ ਨੇ ਫਿਰ ਪੁੱਛਿਆ ਤੇਰਾ ਮੁੰਡਾ ਤੇ ਬਹੂ ਤੇਰਾ ਧਿਆਨ ਰੱਖਦੇ ਹਨ? ਅੱਗੋਂ ਤਲਖ ਜਿਹਾ ਜਵਾਬ ਮਿਲਿਆ, ਮੁੰਡਾ ਤਾਂ ਬਹੂ ਦੇ ਮਗਰ ਲੱਗਿਆ ਫਿਰਦਾ। ਉਸ ਦੀ ਖਿਦਮਤ ਤੋਂ ਫੁਰਸਤ ਮਿਲੇ ਤਾਂ ਮੇਰਾ ਖਿਆਲ ਰੱਖੇ। ਸ਼ਨੀਵਾਰ ਐਤਵਾਰ ਬਹੂ ਨਾਲ ਸਹੁਰੀ ਚਲਾ ਜਾਂਦਾ। ਉਸ ਤੋਂ ਪੁੱਛੇ ਬਿਨਾਂ ਕੋਈ ਕੰਮ ਨਹੀਂ ਕਰਦਾ ਮੇਰਾ ਖਿਆਲ ਕੀ ਰੱਖਣਾ। ਦੋਸਤ ਨੇ ਸੋਚਿਆ ਮਿਲਣ ਆਇਆ ਹਾਂ ਕੁਝ ਪਲ ਮਨ ਦੀ ਖੁਸ਼ੀ ਲਈ ਕੀ ਉਦਾਸ ਜਿਹੀ ਗੱਲ ਸ਼ੁਰੂ ਕਰ ਲਈ। ਉਸ ਨੇ ਪੁੱਛਿਆ ਚੱਲ ਹੋਰ ਸੁਣਾ ਤੇਰੀ ਧੀ ਤੇ ਜਵਾਈ ਦਾ ਕੀ ਹਾਲ ਹੈ। ਬਸ ਬਜ਼ੁਰਗ ਖਿੜ ਗਿਆ। ਕਹਿੰਦਾ ਮੇਰਾ ਜਵਾਈ ਬਹੁਤ ਚੰਗਾ ਹੈ। ਮੇਰੀ ਧੀ ਦੀ ਹਰ ਗੱਲ ਮੰਨਦਾ। ਉਸਨੂੰ ਚਾਹ ਤੱਕ ਆਪ ਬਣਾ ਕੇ ਪਿਆਉਂਦਾ। ਸ਼ਨੀਵਾਰ ਐਤਵਾਰ ਦੋਵੇਂ ਇਧਰ ਹੀ ਆ ਜਾਂਦੇ। ਆਹ ਜਿਹੜਾ ਮੇਰਾ ਗਾਰਡਨ ਇਨਾ ਸੋਹਣਾ ਹੈ ਇਹ ਉਸੇ ਨੇ ਬਣਾਇਆ ਹੈ। ਮੈਂ ਤਾਂ ਅਜਿਹਾ ਜਵਾਈ ਪਾ ਕੇ ਧੰਨ ਹੋ ਗਿਆ।

ਮੈਨੂੰ ਲੱਗਦਾ ਹੈ ਕਿ ਇਸ ਬਾਰੇ ਕੋਈ ਤਪਸਰਾ ਕਰਨ ਦੀ ਮੈਨੂੰ ਜਰੂਰਤ ਨਹੀਂ। ਤੁਸੀਂ ਸਮਝ ਹੀ ਗਏ ਹੋਵੋਗੇ। ਨੂੰਹ ਤੋਂ ਉਮੀਦਾਂ ਹੋਰ ਹਨ ਧੀ ਲਈ ਆਸਾਂ ਹੋਰ ਹਨ।

ਜੇ ਮੁੰਡੇ ਦਾ ਵਿਆਹ ਕਰੀਏ ਤਾਂ ਸਾਡੀ ਖੂਬ ਸੇਵਾ ਖਾਤਰਦਾਰੀ ਹੋਣੀ ਚਾਹੀਦੀ। ਦਾਜ ਵੀ ਚੰਗਾ ਮਿਲਣਾ ਚਾਹੀਦਾ। ਜਦੋਂ ਕੁੜੀ ਦੇ ਵਿਆਹ ਦੀ ਗੱਲ ਹੋਵੇ ਤਾਂ ਸਹੁਰੇ ਲਾਲਚੀ ਨਾ ਹੋਣ। ਜਿਹਨੇ ਕੁੜੀ ਦੇ ਦਿੱਤੀ ਉਹਦੇ ਕੋਲ ਹੋਰ ਕੀ ਬਚਿਆ।

ਨੋਂ ਦੇ ਪੇਕੇ ਚ ਤਕੜੇ ਹੋਣ ਤੇ ਵਰਤਦੇ ਵੀ ਬਹੁਤ ਹੋਣ ਤਾਂ ਵੀ ਕਹਿਣਗੇ ਫਿਰ ਕੀ ਹਜੇ ਥੋੜਾ ਬਹੁਤ ਆਪਣੀ ਕੁੜੀ ਨੂੰ ਦੇ ਦਿੰਦੇ ਨੇ ਇਹਦਾ ਤਾਂ ਜਮੀਨ ਵਿੱਚ ਹਿੱਸਾ ਹੀ ਕਰੋੜਾਂ ਦਾ। ਆਪਣੀ ਕੁੜੀ ਵਾਰੀ ਕਹਿਣਗੇ ਦੱਸੋ ਭੈਣਾਂ ਨੂੰ ਤਾਂ ਪਿਆਰ ਹੀ ਬਹੁਤ ਹੁੰਦਾ। ਭਰਾ ਪਿਆਰ ਕਰਦੇ ਹਨ ਇਸ ਤੋਂ ਵੱਧ ਹੋਰ ਕੀ ਚਾਹੀਦਾ।

ਇਹ ਬਿਲਕੁਲ ਸੱਚ ਹੈ। ਸਾਡੇ ਸਮਾਜ ਦਾ ਕੌੜਾ ਸੱਚ। ਸਾਡੀਆਂ ਬੁੜੀਆਂ ਨੇ ਤਾਂ ਬਿਲਕੁਲ ਕਮਾਲ ਕੀਤੀ ਹੋਈ। ਨੂੰਹ ਨੌਕਰੀ ਤੋਂ ਆ ਕੇ ਸਾਰਾ ਕੰਮ ਕਰੇ। ਧੀ ਸਹੁਰਿਆਂ ਵਿੱਚ ਜੇ ਨੌਕਰੀ ਕਰਕੇ ਆਵੇ ਤਾਂ ਉਸਨੂੰ ਸੱਸ ਹੀ ਪਕਾ ਕੇ ਖਲਾਵੇ ਉਹ ਭਲਾ ਸਾਰਾ ਦਿਨ ਵਿਹਲੀ ਬੈਠੀ ਕੀ ਕਰਦੀ ਹੈ।

ਹੁਣ ਭਾਈ ਕਿਸੇ ਦੇ ਗੋਡੇ ਲੱਗਣ ਜਾਂ ਗਿੱਟੇ ਆਪਾਂ ਤਾਂ ਸੱਚੀ ਗੱਲ ਕਰ ਦਿੱਤੀ।

ਬਾਕੀ ਫੇਰ ਸਹੀ।



ਹਰਪ੍ਰੀਤ ਕੌਰ ਸੰਧੂ

# ਆਵਾਜ਼ਾਂ



ਬਲਵਿੰਦਰ ਸੰਧੂ

ਹਵਾ ਆਖਦੀ
ਆਵਾਰਾ ਹੋ ਜਾ
ਤੋੜ ਵਲਗਣਾਂ ਕੰਧਾਂ ਕੜੀਆਂ
ਸਰਹੱਦਾਂ ਤੋਂ ਬਾਹਰਾ ਹੋ ਜਾ....
ਧੁੱਪ ਆਖਦੀ
ਨੰਗਾ ਹੋ ਜਾ
ਲਾਹ ਸ਼ਰਮਾਂ ਦੇ ਕਾਲੇ ਕੰਬਲ
ਮੇਰੇ ਰੰਗ ਨਿਸ਼ੰਗਾ ਹੋ ਜਾ....
ਨਦੀ ਆਖਦੀ
ਨਿਰਮਲ ਹੋ ਜਾ
ਹਿਮ ਪਰਬਤ ਤੋਂ ਸਾਗਰ ਤੀਕਣ
ਕਲਕਲ ਕਲਕਲ ਕਲਕਲ ਹੋ ਜਾ....
ਅਗਨ ਆਖਦੀ
ਯੰਤਰ ਹੋ ਜਾ
ਆਪਣੀ ਦੇਹ ਨੂੰ ਤੀਲ੍ਹੀ ਲਾ ਕੇ
ਮੇਰੇ ਵਾਂਗ ਬੈਸੰਤਰ ਹੋ ਜਾ ....
ਧਰਤ ਆਖਦੀ
ਮੈਲ਼ਾ ਹੋ ਜਾ
ਸੂਰਜ ਸ਼ੌਹਰ ਖਾਤਰ ਅੜਿਆ
ਕਾਲ ਕਲੂਟੀ ਲੈਲਾ ਹੋ ਜਾ ....
ਹਵਾ ਧਰਤ ਤੇ ਨਦੀਆ ਸਾਰੇ
ਧੁੱਪ ਅਗਨ ਤੇ ਹੋਰ ਵੀ ਸੱਭੇ
ਆਪਣੀ ਆਪਣੀ ਬੋਲੀ ਬੋਲਣ
ਮਨ ਮਸਤਕ ਵਿਚ 'ਵਾਜ਼ਾਂ ਘੋਲਣ....!!

# ਪੈੜਾਂ

ਅਸੀਂ ਜੰਮੇ ਜਾਏ ਝੀਰਾਂ ਦੇ
ਉਹ ਸਾਹਬ ਕਿਸੇ ਤਲਵੰਡੀ ਦਾ ।
ਅਸੀਂ ਘਰ ਦੇ ਜੋਗੀ ਜੋਗ ਨਹੀਂ
ਅਸੀਂ ਆਪੇ ਆਪਾ ਭੰਡੀਦਾ ।
ਕੁਝ ਹੌਲ਼ੇ ਭਾਗਾਂ ਦੇ ਕਰਕੇ
ਅਸੀਂ ਬਣੇ ਤਮਾਸ਼ਾ ਮੰਡੀ ਦਾ ।
ਜੋ ਪੈੜਾਂ ਛਪੀਆਂ ਛਪ ਚੁੱਕੀਆਂ
ਸਾਡਾ ਦਿਲ ਨਹੀਂ ਕੋਠਾ ਰੰਡੀ ਦਾ ।
ਤੇਰਾ ਇਸ਼ਕ ਰਹਿ ਗਿਆ ਸਾਡੇ ਲਈ
ਬਸ ਬਣਕੇ ਸੂਤਰ ਘੰਡੀ ਦਾ ।
ਗੋਰਖ ਨੂੰ ਆਖੋ ! ਜੋਗ ਦਵੇ
ਸਾਥੋਂ ਨਹੀਂ ਰਾਂਝਾ ਵੰਡੀਦਾ ।



ਰਿੱਤੂ ਵਾਸੂਦੇਵ

# ਸਿਰੀਂ ਸਲਾਮਤ...



ਗੁਰਵਿੰਦਰ ਚਾਕ

ਚੁੱਲ੍ਹਿਆਂ ਦੇ ਵਿੱਚ ਬਲ਼ਦੀਆਂ ਅੱਗਾਂ ਰਹਿਣ ਸਦਾ
ਸਿਰੀਂ ਸਲਾਮਤ ਸਭ ਦੇ ਪੱਗਾਂ ਰਹਿਣ ਸਦਾ
ਦੂਰ-ਦੂਰ ਤੱਕ ਮਹਿਕਾਂ ਜਾਣ ਗੁਲਾਬ ਦੀਆਂ
ਸ਼ਾਲਾ ! ਸ਼ਾਨਾਂ ਉੱਚੀਆਂ ਰਹਿਣ ਪੰਜਾਬ ਦੀਆਂ
ਰਾਵੀ ਘੁੱਟ ਗਲਵਕੜੀਆਂ ਪਾਵੇ ਸਤਲੁਜ ਨੂੰ
ਜਿਹਲਮ 'ਵਾਜਾਂ ਮਾਰ ਬੁਲਾਵੇ ਸਤਲੁਜ ਨੂੰ
ਨਾਲ਼ ਠਾਠ ਦੇ ਠਾਠਾਂ ਵੱਜਣ ਚਨਾਬ ਦੀਆਂ
ਸ਼ਾਲਾ ! ਸ਼ਾਨਾਂ ਉੱਚੀਆਂ ਰਹਿਣ ਪੰਜਾਬ ਦੀਆਂ
ਵਾਰਿਸ, ਬਾਹੂ, ਬੁੱਲ੍ਹੇ ਜੰਮਣ ਮੁੜ-ਮੁੜ ਕੇ
ਭਗਤ, ਸਰਾਭੇ, ਦੁੱਲ੍ਹੇ ਜੰਮਣ ਮੁੜ-ਮੁੜ ਕੇ
ਸਹਿਣ ਨਾ ਜਿਹੜੇ ਤੜੀਆਂ ਕਿਸੇ ਨਵਾਬ ਦੀਆਂ
ਸ਼ਾਲਾ ! ਸ਼ਾਨਾਂ ਉੱਚੀਆਂ ਰਹਿਣ ਪੰਜਾਬ ਦੀਆਂ
ਅੰਮ੍ਰਿਤ ਵੇਲ਼ੇ ਗੂੰਜੇ ਬਾਣੀ ਨਾਨਕ ਦੀ
ਸਭ ਦੇ ਹੰਝੂ ਪੂੰਝੇ ਬਾਣੀ ਨਾਨਕ ਦੀ
ਕੰਨਾਂ ਵਿੱਚ ਰਸ ਘੋਲਣ ਸੁਰਾਂ ਰਬਾਬ ਦੀਆਂ
ਸ਼ਾਲਾ ! ਸ਼ਾਨਾਂ ਉੱਚੀਆਂ ਰਹਿਣ ਪੰਜਾਬ ਦੀਆਂ
ਕਰੀਏ ਸਿਰ ਤੋਂ ਦੂਰ ਬਲ਼ਾਵਾਂ ਰਲ਼ਮਿਲ਼ ਕੇ
ਆਓ ਸਾਰੇ ਕਰੋ ਦੁਆਵਾਂ ਰਲ਼ਮਿਲ਼ ਕੇ
ਕਿ ਜਾਣ ਉਡਾਣਾਂ ਅੰਬਰਾਂ ਤਾਈਂ ਉਕਾਬ ਦੀਆਂ
ਸ਼ਾਲਾ ! ਸ਼ਾਨਾਂ ਉੱਚੀਆਂ ਰਹਿਣ ਪੰਜਾਬ ਦੀਆਂ।


# ਗ਼ਜ਼ਲ-ਮਹਿੰਦਰ ਸਾਥੀ

ਕਿੱਥੇ ਵਸੇਂਗਾ ਤੂੰ ਭਲਾ ਸਾਨੂੰ ਉਜਾੜ ਕੇ
ਪਾਏਂਗਾ ਕਿੱਥੇ ਆਲ੍ਹਣਾ ਸ਼ਾਖ਼ਾਂ ਨੂੰ ਝਾੜ ਕੇ
ਰੱਬਾ ! ਬਚਾਈਂ ਉਸ ਨੂੰ, ਉਹ ਉਨ੍ਹਾਂ ਨੂੰ ਮਿਲ ਰਿਹੈ
ਮਿਲਦੇ ਨੇ ਸੌ-ਸੌ ਚਿਹਰਾ ਜੋ ਚਿਹਰੇ 'ਤੇ ਚਾੜ੍ਹ ਕੇ
ਕੈਸਾ ਇਹ ਵਿਸ਼ਵੀਕਰਨ ਹੈ, ਜਿਸ ਨੇ ਕਿ ਆਦਮੀ
ਕੱਟ ਕੇ ਸਮੂਹ ਤੋਂ ਰੱਖ 'ਤਾਂ ਨਿਜ ਵਿੱਚ ਹੀ ਤਾੜ ਕੇ
ਚੁੱਲ੍ਹੇ, ਚਿਰਾਗ਼ ਬਾਲ ਦੇ ਜੇਕਰ ਤੂੰ ਅਗਨ ਹੈਂ
ਜਿੱਥੇ ਕਿਤੇ ਵੀ 'ਨੇਰ੍ਹ ਹੈ ਰੱਖ ਦੇ ਤੂੰ ਸਾੜ ਕੇ
ਹੋਊ ਹਵਸ ਜੋ ਰੁਕ ਗਈ ਚਾਂਦੀ ਦੀ ਕੰਧ ਤੋਂ
ਹੁੰਦਾ ਜੇ ਇਸ਼ਕ ਲੰਘਦਾ ਪਰਬਤ ਵੀ ਪਾੜ ਕੇ
ਸੂਹਾ ਸੁਹਾਣਾ ਰੁੱਖ ਉਹ ਕਿੱਥੇ ਸੀ ਉਖੜਨਾ
ਖ਼ੁਦਗ਼ਰਜ਼ੀਆਂ ਦਾ ਲੈ ਗਿਆ ਝੱਖੜ ਉਖਾੜ ਕੇ
ਭੈੜੀ ਇਹ ਕੋਕ ਜੋਕ ਕਿਵੇਂ ਤੈਨੂੰ ਭਾਅ ਗਈ
ਅੱਧਰਿੜਕਿਆ ਤੇ ਪੀਂਦਾ ਸੀ ਦੁੱਧ ਤੂੰ ਤਾਂ ਕਾੜ੍ਹ ਕੇ
ਮੁਜਰੇ ਤੋਂ ਥੱਕੀ ਹਾਰੀ ਮੈਂ ਲਿਆਇਆ ਮੁਹਾਜ਼ 'ਤੇ
ਉਸਤਾਦ ਕਹਿੰਦੇ ਤੂੰ ਗ਼ਜ਼ਲ ਰੱਖ 'ਤੀ ਵਿਗਾੜ ਕੇ
ਈਮਾਨ ਦਾ ਯੁਗ ਲੰਘ ਗਿਆ ਲਗਦਾ ਹੈ 'ਸਾਥੀਆ'
ਸ਼ਾਤਰ ਅਗਾਹਾਂ ਲੰਘ ਗਏ ਤੈਨੂੰ ਪਛਾੜ ਕੇ।






# 'ਠੋਕੋ ਬਈ ਠੋਕੋ...' ਇਕ ਵਾਰ ਫ਼ਿਰ ਹਾਸਿਆਂ ਦੇ ਠਹਾਕੇ ਲਗਾਉਣ ਕਪਿਲ ਦੇ ਸ਼ੋਅ 'ਚ ਆ ਰਹੇ ਨੇ 'ਸਿੱਧੂ ਭਾਜੀ'




ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ' ਦੇ ਨਿਰਮਾਤਾਵਾਂ ਨੇ 'ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ' ਦੇ ਸੀਜ਼ਨ 3 'ਚ ਨਵਜੋਤ ਸਿੰਘ ਸਿੱਧੂ ਦੀ ਵਾਪਸੀ ਦਾ ਐਲਾਨ ਕੀਤਾ ਹੈ। ਸਾਬਕਾ ਕ੍ਰਿਕਟਰ ਦਾ ਕਹਿਣਾ ਹੈ ਕਿ ਅਜਿਹਾ ਲੱਗਦਾ ਹੈ ਕਿ ਉਹ ਦੁਬਾਰਾ ਘਰ ਆ ਰਿਹਾ ਹੈ। ਪ੍ਰਸ਼ੰਸਕ ਉਸਦੀ ਵਾਪਸੀ ਦੀ ਖ਼ਬਰ ਸੁਣ ਕੇ ਬਹੁਤ ਖੁਸ਼ ਹੋਏ। ਹੁਣ ਸਵਾਲ ਇਹ ਹੈ ਕਿ ਅਰਚਨਾ ਪੂਰਨ ਸਿੰਘ ਦਾ ਕੀ ਹੋਵੇਗਾ?

ਸ਼ੋਅ 'ਚ ਵਾਪਸੀ ਬਾਰੇ ਗੱਲ ਕਰਦੇ ਹੋਏ ਨਵਜੋਤ ਨੇ ਸਾਂਝਾ ਕੀਤਾ- "ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ 'ਚ ਆਉਣਾ ਅਜਿਹਾ ਮਹਿਸੂਸ ਹੁੰਦਾ ਹੈ ਜਿਵੇਂ ਮੈਂ ਦੁਬਾਰਾ ਘਰ ਆ ਰਿਹਾ ਹਾਂ। ਇਹ ਮੇਰੇ ਲਈ ਇੱਕ ਘਰ ਦੀ ਦੌੜ ਹੈ। ਅਸੀਂ ਲੋਕਾਂ ਦੀ ਆਵਾਜ਼ ਸੁਣੀ, ਬਹੁਤ ਸਾਰੇ ਪ੍ਰਸ਼ੰਸਕਾਂ ਅਤੇ ਸ਼ੁਭਚਿੰਤਕਾਂ ਨੂੰ ਜਿਨ੍ਹਾਂ ਨੂੰ ਸਾਡੀ ਗੱਲਬਾਤ ਪਸੰਦ ਆਈ ਅਤੇ ਹੋਰ ਦੇਖਣਾ ਚਾਹੁੰਦੇ ਸਨ। ਮੈਨੂੰ ਖੁਸ਼ੀ ਹੈ ਕਿ ਨੈੱਟਫਲਿਕਸ ਸੁੰਦਰ ਲੋਕਾਂ ਦੇ ਇਸ ਗੁਲਦਸਤੇ ਨੂੰ ਇਕੱਠੇ ਲਿਆਉਣ ਵਿੱਚ ਕਾਮਯਾਬ ਰਿਹਾ ਹੈ ਅਤੇ ਅਸੀਂ ਇਸ ਸੀਜ਼ਨ ਵਿੱਚ ਦੁਨੀਆ ਭਰ ਦੇ ਦਰਸ਼ਕਾਂ ਲਈ ਖਿੜਾਂਗੇ।" ਉਸਨੇ ਅੱਗੇ ਕਿਹਾ, "ਇੱਕ ਮੁਸਕਰਾਹਟ ਲਈ ਤੁਹਾਨੂੰ ਇੱਕ ਪੈਸਾ ਨਹੀਂ ਲੱਗਦਾ ਪਰ ਇਹ ਲੱਖਾਂ ਡਾਲਰਾਂ ਦੀ ਕੀਮਤ ਹੈ ਅਤੇ ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ ਮਨੁੱਖਤਾ ਲਈ ਖੁਸ਼ਹਾਲੀ ਲਿਆਉਣ ਲਈ ਪ੍ਰਮਾਤਮਾ ਦੀ ਸਦਭਾਵਨਾ ਦਾ ਇੱਕ ਸਾਧਨ ਹੈ - ਇਸਦਾ ਦੁਬਾਰਾ ਹਿੱਸਾ ਬਣਨ ਲਈ ਮੈਂ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ।" ਨਵਜੋਤ ਦੀ ਵਾਪਸੀ ਬਾਰੇ ਗੱਲ ਕਰਦੇ ਹੋਏ ਕਪਿਲ ਨੇ ਕਿਹਾ- "ਅਸੀਂ ਵਾਅਦਾ ਕੀਤਾ ਸੀ ਕਿ ਹਰ ਫਨੀਵਾਰ (ਮਜ਼ੇਦਾਰ ਐਤਵਾਰ) ਨੂੰ ਸਾਡਾ ਪਰਿਵਾਰ ਚੁਟਕਲੇ, ਸ਼ਾਇਰੀ ਤੇ ਮਸਤੀ ਨਾਲ ਦਰਸ਼ਨ ਦਾ ਮਨੋਰੰਜਨ ਕਰਾਂਗੇ। ਇਸ ਲਈ ਜੁੜੇ ਰਹੋ ਕਿਉਂਕਿ ਇਸ ਸੀਜ਼ਨ ਵਿੱਚ ਚੁਟਕਲੇ ਅਤੇ ਹਾਸਾ ਦੋਵੇਂ ਤਿੰਨ ਗੁਣਾ ਹੋ ਗਏ ਹਨ!" (ਅਸੀਂ ਵਾਅਦਾ ਕੀਤਾ ਸੀ ਕਿ ਸਾਡਾ ਪਰਿਵਾਰ ਹਰ ਫਨੀਵਾਰ (ਮਜ਼ੇਦਾਰ ਐਤਵਾਰ) ਨੂੰ ਵਧਾਏਗਾ, ਅਤੇ ਮੈਂ ਸਿੱਧੂ ਭਾਜੀ ਨੂੰ ਅਰਚਨਾ ਜੀ ਨਾਲ ਪਰਿਵਾਰ ਦਾ ਹਿੱਸਾ ਬਣਾ ਕੇ ਸਾਰੇ ਚੁਟਕਲੇ, ਸ਼ਾਇਰੀ ਅਤੇ ਮਸਤੀ ਦਾ ਆਨੰਦ ਲੈਣ ਲਈ ਬਹੁਤ ਉਤਸ਼ਾਹਿਤ ਹਾਂ। ਸ਼ੋਅ 'ਚ ਸੁਨੀਲ ਗਰੋਵਰ, ਕ੍ਰਿਸ਼ਨਾ ਅਭਿਸ਼ੇਕ ਅਤੇ ਕੀਕੂ ਸ਼ਾਰਦਾ ਵੀ ਸ਼ਾਮਲ ਹੋਣਗੇ। "ਦਿ ਗ੍ਰੇਟ ਇੰਡੀਅਨ ਕਪਿਲ ਸ਼ੋਅ" ਸੀਜ਼ਨ-3 21 ਜੂਨ ਨੂੰ ਨੈੱਟਫਲਿਕਸ 'ਤੇ ਪ੍ਰੀਮੀਅਰ ਹੋਣ ਲਈ ਤਿਆਰ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਸਾਬਕਾ ਕ੍ਰਿਕਟਰ ਅਤੇ ਸਿਆਸਤਦਾਨ ਨਵਜੋਤ ਸਿੰਘ ਸਿੱਧੂ ਪਹਿਲਾਂ ਕਪਿਲ ਸ਼ਰਮਾ ਦੇ ਸ਼ੋਅ ਦਾ ਹਿੱਸਾ ਸਨ। ਉਹ ਕੁਰਸੀ 'ਤੇ ਬੈਠ ਕੇ ਕਾਫ਼ੀ ਦੇਰ ਤੱਕ ਹੱਸਦੇ ਰਹੇ। ਉਨ੍ਹਾਂ ਨੇ ਕਹਾਣੀਆਂ ਅਤੇ ਦੋਹੇ ਸੁਣਾਏ। ਉਹ ਆਪਣੇ ਕੈਚਫ੍ਰੇਜ਼ 'ਠੋਕੋ ਤਾਲੀ' ਨਾਲ ਲੋਕਾਂ ਵਿੱਚ ਬਹੁਤ ਮਸ਼ਹੂਰ ਹੋ ਗਏ। ਪਰ ਫਿਰ ਉਹ ਇਸ ਤੋਂ ਗਾਇਬ ਹੋ ਗਏ ਅਤੇ ਉਨ੍ਹਾਂ ਦੀ ਜਗ੍ਹਾ ਅਰਚਨਾ ਪੂਰਨ ਸਿੰਘ ਨੇ ਲੈ ਲਈ।

# ਮਾਲਦੀਵ ਦੀ ਗਲੋਬਲ ਬ੍ਰਾਂਡ ਅੰਬੈਸਡਰ ਬਣੀ ਕੈਟਰੀਨਾ ਕੈਫ



ਬਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਕੈਟਰੀਨਾ ਕੈਫ ਨੇ ਇੱਕ ਵੱਡੀ ਉਪਲਬਧੀ ਹਾਸਲ ਕੀਤੀ ਹੈ। ਹਾਲ ਹੀ ਵਿੱਚ ਮਾਲਦੀਵ ਨੇ ਅਦਾਕਾਰਾ ਨੂੰ ਆਪਣਾ ਨਵਾਂ ਗਲੋਬਲ ਬ੍ਰਾਂਡ ਅੰਬੈਸਡਰ ਨਿਯੁਕਤ ਕੀਤਾ ਹੈ। ਮਾਲਦੀਵ ਨੇ ਆਪਣੀ ਸੈਰ-ਸਪਾਟਾ ਅਪੀਲ ਵਧਾਉਣ ਲਈ ਕੈਟਰੀਨਾ ਨੂੰ ਅੰਬੈਸਡਰ ਨਿਯੁਕਤ ਕੀਤਾ ਹੈ। ਇਹ ਐਲਾਨ ਮੰਗਲਵਾਰ ਨੂੰ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਕੀਤਾ ਗਿਆ। ਮਾਲਦੀਵ ਦੇ ਸਨੀ ਸਾਈਡ ਆਫ਼ ਲਾਈਫ਼ ਦਾ ਗਲੋਬਲ ਬ੍ਰਾਂਡ ਅੰਬੈਸਡਰ ਬਣਾਏ ਜਾਣ 'ਤੇ ਕੈਟਰੀਨਾ ਕੈਫ ਨੇ ਕਿਹਾ, "ਮਾਲਦੀਵ ਲਗਜ਼ਰੀ ਅਤੇ ਕੁਦਰਤੀ ਸੁੰਦਰਤਾ ਦਾ ਪ੍ਰਤੀਕ ਹੈ, ਜਿੱਥੇ ਸ਼ਾਨਦਾਰ ਸ਼ੈਲੀ ਸ਼ਾਂਤੀ ਨਾਲ ਮਿਲਦੀ ਹੈ। ਮੈਨੂੰ ਇਸਦਾ ਬ੍ਰਾਂਡ ਅੰਬੈਸਡਰ ਹੋਣ 'ਤੇ ਮਾਣ ਹੈ। ਇਹ ਸਹਿਯੋਗ ਦੁਨੀਆ ਭਰ ਦੇ ਲੋਕਾਂ ਲਈ ਸ਼ਾਨਦਾਰ ਯਾਤਰਾ ਅਨੁਭਵ ਲਿਆਉਣ ਲਈ ਹੈ ਅਤੇ ਮੈਂ ਉਤਸ਼ਾਹਿਤ ਹਾਂ ਕਿ ਮੈਂ ਮਾਲਦੀਵ ਦੇ ਵਿਲੱਖਣ ਸੁਹਜ ਅਤੇ ਵਿਸ਼ਵ ਪੱਧਰੀ ਅਨੁਭਵਾਂ ਨੂੰ ਹਰ ਕਿਸੇ ਤੱਕ ਪਹੁੰਚਾ ਸਕਦੀ ਹਾਂ।" ਇਸ ਦੌਰਾਨ ਮਾਲਦੀਵਜ਼ ਮਾਰਕੀਟਿੰਗ ਅਤੇ ਪਬਲਿਕ ਰਿਲੇਸ਼ਨਜ਼ ਕਾਰਪੋਰੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਥੌਇਬ ਮੁਹੰਮਦ ਨੇ ਕਿਹਾ, "ਸਾਡੇ ਲਈ ਕੈਟਰੀਨਾ ਕੈਫ ਨੂੰ ਸਾਡੀ ਗਲੋਬਲ ਬ੍ਰਾਂਡ ਅੰਬੈਸਡਰ ਵਜੋਂ ਰੱਖਣਾ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਦੀ ਪ੍ਰਸਿੱਧੀ ਦੇ ਨਾਲ-ਨਾਲ ਗਲੋਬਲ ਮਨੋਰੰਜਨ ਉਦਯੋਗ ਵਿੱਚ ਉਨ੍ਹਾਂ ਦੇ ਪ੍ਰਭਾਵ ਸਾਨੂੰ ਦੁਨੀਆ ਭਰ ਦੇ ਖਾਸ ਕਰਕੇ ਭਾਰਤ ਤੋਂ ਹੋਰ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਵਿੱਚ ਜ਼ਰੂਰ ਮਦਦ ਕਰੇਗਾ।"

ਤੁਹਾਨੂੰ ਦੱਸ ਦੇਈਏ ਕਿ ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮਾਲਦੀਵ ਦੌਰੇ ਤੋਂ ਇੱਕ ਮਹੀਨਾ ਪਹਿਲਾਂ ਲਿਆ ਗਿਆ ਹੈ। ਇਸਦਾ ਮੁੱਖ ਉਦੇਸ਼ ਪਿਛਲੇ ਸਾਲ ਦੀ ਸ਼ੁਰੂਆਤ ਵਿੱਚ ਭਾਰਤ ਅਤੇ ਮਾਲਦੀਵ ਦੇ ਸਬੰਧ ਵਿਗੜਨ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਨੂੰ ਫਿਰ ਤੋਂ ਮਧੁਰ ਬਣਾਉਣਾ ਹੈ।

# ਮੁੰਬਈ ਛੱਡ ਪਿੰਡ ਜਾ ਵਸੇ ਮਸ਼ਹੂਰ ਅਦਾਕਾਰ

ਹਿੰਦੀ ਸਿਨੇਮਾ ਦੇ ਦਿੱਗਜ ਅਦਾਕਾਰ ਨਾਨਾ ਪਾਟੇਕਰ ਨੂੰ ਅੱਜ ਕਿਸੇ ਜਾਣ-ਪਛਾਣ ਦੀ ਲੋੜ ਨਹੀਂ ਹੈ। ਹਾਲ ਹੀ ਵਿੱਚ ਇਹ ਅਦਾਕਾਰ ਮੈਗਾਸਟਾਰ ਅਮਿਤਾਭ ਬੱਚਨ ਦੇ ਕੁਇਜ਼-ਅਧਾਰਤ ਰਿਐਲਿਟੀ ਸ਼ੋਅ 'ਕੌਨ ਬਨੇਗਾ ਕਰੋੜਪਤੀ 17' ਵਿੱਚ ਮਹਿਮਾਨ ਵਜੋਂ ਪਹੁੰਚੇ ਅਤੇ ਹੌਟ ਸੀਟ 'ਤੇ ਬੈਠੇ। ਇਸ ਦੌਰਾਨ ਉਨ੍ਹਾਂ ਨੇ ਮਾਇਆਨਗਰੀ ਮੁੰਬਈ ਤੋਂ ਦੂਰ ਆਪਣੇ ਪਿੰਡ ਵਾਪਸ ਜਾਣ ਬਾਰੇ ਖੁਲਾਸਾ ਕੀਤਾ। ਤਾਂ ਆਓ ਜਾਣਦੇ ਹਾਂ ਨਾਨਾ ਨੇ ਕੀ ਕਿਹਾ?

ਸ਼ੋਅ ਦੇ ਹੋਸਟ ਅਮਿਤਾਭ ਬੱਚਨ ਨੇ ਨਾਨਾ ਪਾਟੇਕਰ ਨੂੰ ਪੁੱਛਿਆ, 'ਤੁਸੀਂ ਜ਼ਿੰਦਗੀ ਵਿੱਚ ਇੰਨਾ ਕੁਝ ਪ੍ਰਾਪਤ ਕੀਤਾ, ਫਿਰ ਤੁਸੀਂ ਸਭ ਕੁਝ ਛੱਡ ਕੇ ਪਿੰਡ ਕਿਉਂ ਗਏ?' ਇਸ 'ਤੇ ਨਾਨਾ ਪਾਟੇਕਰ ਨੇ ਸਿੱਧਾ ਜਵਾਬ ਦਿੱਤਾ, 'ਮੈਂ ਫਿਲਮ ਇੰਡਸਟਰੀ ਤੋਂ ਨਹੀਂ ਹਾਂ। ਮੈਂ ਇੱਥੇ ਕੰਮ ਕਰਨ ਲਈ ਆਇਆ ਹਾਂ ਅਤੇ ਫਿਰ ਵਾਪਸ ਚਲਾ ਜਾਂਦਾ ਹਾਂ। ਮੈਂ ਕਦੇ ਕਿਸੇ ਪਾਰਟੀ ਵਿੱਚ ਨਹੀਂ ਗਿਆ, ਨਾ ਹੀ ਮੈਂ ਲੰਬੇ ਸਮੇਂ ਲਈ ਸ਼ਹਿਰ ਵਿੱਚ ਰਿਹਾ ਹਾਂ। ਮੈਂ ਪਿੰਡ ਤੋਂ ਹਾਂ ਅਤੇ ਉੱਥੇ ਰਹਿਣਾ ਪਸੰਦ ਕਰਦਾ ਹਾਂ। ਮੈਨੂੰ ਉੱਥੇ ਦੀ ਜ਼ਿੰਦਗੀ ਪਸੰਦ ਹੈ।'

ਨਾਨਾ ਨੇ ਅੱਗੇ ਭਾਵੁਕ ਹੋ ਕੇ ਕਿਹਾ, 'ਮੈਨੂੰ ਆਪਣੀ ਮਾਂ ਤੋਂ ਜੋ ਚਾਹੀਦਾ ਸੀ ਉਸ ਤੋਂ ਕਈ ਗੁਣਾ ਜ਼ਿਆਦਾ ਮਿਲਿਆ ਹੈ। ਜ਼ਰੂਰਤਾਂ ਨੂੰ ਸੀਮਤ ਕਰਨਾ ਬਹੁਤ ਆਸਾਨ ਹੈ। ਮੇਰੇ ਕੋਲ ਏਸੀ ਨਹੀਂ ਹੈ, ਕਿਉਂਕਿ ਮੈਨੂੰ ਇਸਦੀ ਲੋੜ ਨਹੀਂ ਹੈ। ਜਿਵੇਂ ਸ਼ਹਿਰ ਦੇ ਆਲੇ-ਦੁਆਲੇ ਕੰਧਾਂ ਹਨ, ਮੇਰੇ ਘਰ ਦੇ ਆਲੇ-ਦੁਆਲੇ ਪਹਾੜ ਹਨ। ਮੇਰਾ ਘਰ ਪਹਾੜਾਂ ਨਾਲ ਘਿਰਿਆ ਹੋਇਆ ਹੈ, ਅਤੇ ਮੈਂ ਉੱਥੇ ਆਰਾਮ ਨਾਲ ਰਹਿੰਦਾ ਹਾਂ। ਮੈਨੂੰ ਇਹ ਬਹੁਤ ਪਸੰਦ ਹੈ।' ਤੁਹਾਨੂੰ ਦੱਸ ਦੇਈਏ ਕਿ ਨਾਨਾ ਪਾਟੇਕਰ ਅਮਿਤਾਭ ਬੱਚਨ ਦੇ ਸ਼ੋਅ 'ਤੇ ਅਦਾਕਾਰ ਉਤਕਰਸ਼ ਸ਼ਰਮਾ, ਅਦਾਕਾਰਾ ਸਿਮਰਤ ਕੌਰ ਅਤੇ ਲੇਖਕ-ਨਿਰਦੇਸ਼ਕ ਅਨਿਲ ਸ਼ਰਮਾ ਨਾਲ ਪਹੁੰਚੇ ਸਨ।

# 50 ਸਾਲ ਦੀ ਉਮਰ 'ਚ ਵੀ ਕੁਆਰੀ ਹੈ ਮਸ਼ਹੂਰ ਅਦਾਕਾਰਾ ਅਮੀਸ਼ਾ ਪਟੇਲ



ਬਾਲੀਵੁੱਡ 'ਚ ਕਈ ਅਜਿਹੀਆਂ ਹਸੀਨਾਵਾਂ ਹਨ ਜਿਨਾਂ ਨੇ ਵਿਆਹੇ ਸ਼ਖਸ ਨਾਲ ਦਿਲ ਲਗਾਇਆ। ਪਰ ਪਿਆਰ 'ਚ ਪੈਣ ਤੋਂ ਬਾਅਦ ਉਨ੍ਹਾਂ ਦੀ ਕਾਫੀ ਬਦਨਾਮੀ ਹੋਈ ਅਤੇ ਕਰੀਅਰ 'ਤੇ ਵੀ ਕਾਫੀ ਬੁਰਾ ਅਸਰ ਪਿਆ। ਜਿਸ ਦੀ ਭਰਪਾਈ ਉਨ੍ਹਾਂ ਨੂੰ ਅੱਜ ਤੱਕ ਕਰਨੀ ਪੈ ਰਹੀ ਹੈ। ਇਹ ਬਾਲੀਵੁੱਡ ਸੁੰਦਰੀ ਇੱਕ ਵਿਆਹੇ ਹੋਏ ਆਦਮੀ ਨਾਲ ਪਿਆਰ ਵਿੱਚ ਪੈ ਗਈ। ਹਾਲਾਂਕਿ, ਉਹ ਪਿਆਰ ਪੂਰਾ ਨਹੀਂ ਹੋ ਸਕਿਆ ਅਤੇ ਉਹ ਅੱਜ ਵੀ ਕੁਆਰੀ ਹੈ। ਬਾਲੀਵੁੱਡ ਦੀਆਂ ਮਸ਼ਹੂਰ ਅਭਿਨੇਤਰੀਆਂ ਵਿੱਚੋਂ ਇੱਕ ਮੰਨੀ ਜਾਂਦੀ ਅਮੀਸ਼ਾ ਪਟੇਲ ਅੱਜ ਯਾਨੀ 9 ਜੂਨ ਨੂੰ ਆਪਣਾ 50ਵਾਂ ਜਨਮਦਿਨ ਮਨਾ ਰਹੀ ਹੈ। ਅਮੀਸ਼ਾ ਨੇ ਆਪਣੀ ਪੇਸ਼ੇਵਰ ਜ਼ਿੰਦਗੀ ਦੇ ਨਾਲ-ਨਾਲ ਆਪਣੀ ਨਿੱਜੀ ਜ਼ਿੰਦਗੀ ਲਈ ਵੀ ਬਹੁਤ ਸੁਰਖੀਆਂ ਬਟੋਰੀਆਂ ਹਨ।

ਇੱਕ ਸਮਾਂ ਸੀ ਜਦੋਂ ਅਮੀਸ਼ਾ ਪਟੇਲ ਨੂੰ ਵਿਆਹੇ ਹੋਏ ਨਿਰਦੇਸ਼ਕ ਵਿਕਰਮ ਭੱਟ ਨਾਲ ਪਿਆਰ ਹੋ ਗਿਆ ਸੀ। ਹਾਲਾਂਕਿ ਇਹ ਰਿਸ਼ਤਾ ਕੁਝ ਸਾਲਾਂ ਵਿੱਚ ਟੁੱਟ ਗਿਆ। ਇਸ ਰਿਸ਼ਤੇ ਦਾ ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਤੇ ਬਹੁਤ ਪ੍ਰਭਾਵ ਪਿਆ। ਅਮੀਸ਼ਾ ਨੇ ਖੁਦ ਇੱਕ ਇੰਟਰਵਿਊ ਦੌਰਾਨ ਇਸ ਬਾਰੇ ਖੁਲਾਸਾ ਕੀਤਾ। ਅਮੀਸ਼ਾ ਨੇ ਦੱਸਿਆ ਸੀ ਕਿ ਵਿਕਰਮ ਭੱਟ ਨਾਲ ਉਨ੍ਹਾਂ ਦੇ ਸਬੰਧਾਂ ਕਾਰਨ ਉਨ੍ਹਾਂ ਦਾ ਕਰੀਅਰ ਬਰਬਾਦ ਹੋ ਗਿਆ ਸੀ। ਪਰਿਵਾਰ ਨਾਲ ਉਨ੍ਹਾਂ ਦੇ ਰਿਸ਼ਤੇ ਵੀ ਵਿਗੜ ਗਏ।

ਅਦਾਕਾਰਾ ਨੇ ਦੱਸਿਆ ਕਿ ਉਨ੍ਹਾਂ ਨੇ ਇੱਕ ਦਹਾਕੇ ਤੱਕ ਮਰਦਾਂ ਤੋਂ ਦੂਰੀ ਬਣਾਈ ਰੱਖੀ। ਅਮੀਸ਼ਾ ਨੇ ਕਿਹਾ ਸੀ ਕਿ ਇਹ ਇੱਕ ਅਜਿਹੀ ਇੰਡਸਟਰੀ ਹੈ ਜਿੱਥੇ ਮੇਰੇ ਵਰਗੇ ਇਮਾਨਦਾਰ ਲੋਕਾਂ ਲਈ ਕੋਈ ਜਗ੍ਹਾ ਨਹੀਂ ਹੈ। ਅਮੀਸ਼ਾ ਨੇ ਕਿਹਾ ਕਿ ਮੈਂ ਆਪਣੇ ਦੋਵੇਂ ਰਿਸ਼ਤੇ ਜਨਤਕ ਤੌਰ 'ਤੇ ਸਵੀਕਾਰ ਕੀਤੇ ਜਿਸ ਨਾਲ ਮੇਰਾ ਕਰੀਅਰ ਪ੍ਰਭਾਵਿਤ ਹੋਇਆ। ਅਜਿਹੀ ਸਥਿਤੀ ਵਿੱਚ ਮੈਂ ਮਰਦਾਂ ਤੋਂ ਦੂਰੀ ਬਣਾਈ ਰੱਖੀ ਕਿਉਂਕਿ ਮੈਨੂੰ ਸ਼ਾਂਤੀ ਦੀ ਲੋੜ ਸੀ।

# ਖ਼ੂਬਸੂਰਤ ਮਾਡਲ ਨੇ 23 ਸਾਲ ਦੀ ਉਮਰ 'ਚ ਦੁਨੀਆ ਨੂੰ ਕਿਹਾ ਅਲਵਿਦਾ



ਸੂਰਤ ਦੀ ਮਸ਼ਹੂਰ ਮਾਡਲ ਅੰਜਲੀ ਵਰਮੋਰਾ ਬਾਰੇ ਇੱਕ ਬੁਰੀ ਖ਼ਬਰ ਸਾਹਮਣੇ ਆਈ ਹੈ। ਅੰਜਲੀ ਦੀ ਮੌਤ ਸਿਰਫ਼ 23 ਸਾਲ ਦੀ ਉਮਰ ਵਿੱਚ ਹੋਈ ਹੈ। ਉਨ੍ਹਾਂ ਦੀ ਅਚਾਨਕ ਮੌਤ ਨੇ ਉਨ੍ਹਾਂ ਦੇ ਪਰਿਵਾਰ ਨੂੰ ਤੋੜ ਦਿੱਤਾ ਹੈ। ਅੰਜਲੀ ਦੀ ਮੌਤ ਕਿਸੇ ਬਿਮਾਰੀ ਜਾਂ ਹਾਦਸੇ ਕਾਰਨ ਨਹੀਂ ਹੋਈ, ਸਗੋਂ ਉਨ੍ਹਾਂ ਨੇ ਖੁਦ ਹੀ ਫਾਹਾ ਲੈ ਲਿਆ। ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਹਰ ਕੋਈ ਹੈਰਾਨ ਹੈ।

ਜਾਣਕਾਰੀ ਅਨੁਸਾਰ ਅੰਜਲੀ ਵਰਮੋਰਾ ਨੇ ਆਪਣੇ ਘਰ ਵਿੱਚ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਇਸ ਦੇ ਨਾਲ ਹੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦਰਅਸਲ ਜਦੋਂ ਅੰਜਲੀ ਵਰਮੋਰਾ ਦੀ ਲਾਸ਼ ਉਨ੍ਹਾਂ ਦੇ ਘਰ ਵਿੱਚ ਫਾਹੇ ਨਾਲ ਲਟਕਦੀ ਮਿਲੀ, ਤਾਂ ਪੁਲਸ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ। ਕਾਰਵਾਈ ਕਰਦੇ ਹੋਏ ਪੁਲਸ ਨੇ ਤੁਰੰਤ ਅੰਜਲੀ ਵਰਮੋਰਾ ਦੀ ਲਾਸ਼ ਪੋਸਟਮਾਰਟਮ ਲਈ ਭੇਜ ਦਿੱਤੀ। ਹੁਣ ਪੁਲਸ ਦਾ ਕਹਿਣਾ ਹੈ ਕਿ ਅੰਜਲੀ ਵਰਮੋਰਾ ਲੰਬੇ ਸਮੇਂ ਤੋਂ ਮਾਨਸਿਕ ਤਣਾਅ ਤੋਂ ਪੀੜਤ ਸੀ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੇ ਇਸ ਬਾਰੇ ਕਦੇ ਕਿਸੇ ਨਾਲ ਗੱਲ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਨੇ ਫਾਹਾ ਲੈਂਦੇ ਸਮੇਂ ਕੋਈ ਸੁਸਾਈਡ ਨੋਟ ਛੱਡਿਆ। ਹੁਣ ਪੁਲਸ ਅੰਜਲੀ ਦੇ ਪਰਿਵਾਰ ਤੋਂ ਪੁੱਛਗਿੱਛ ਕਰੇਗੀ ਅਤੇ ਮਾਡਲ ਦੇ ਫੋਨ ਦੀ ਵੀ ਭਾਲ ਕਰੇਗੀ।

ਤੁਹਾਨੂੰ ਦੱਸ ਦੇਈਏ ਕਿ ਅੰਜਲੀ ਵਰਮੋਰਾ ਇੰਸਟਾਗ੍ਰਾਮ 'ਤੇ ਬਹੁਤ ਮਸ਼ਹੂਰ ਹੈ। ਉਸ ਦੇ 37.2ਖ ਫਾਲੋਅਰਜ਼ ਸਨ। ਉਨ੍ਹਾਂ ਨੇ ਆਪਣੀ ਮੌਤ ਤੋਂ ਪਹਿਲਾਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਵੀ ਸ਼ੇਅਰ ਕੀਤੀ ਹੈ। ਉਨ੍ਹਾਂ ਨੇ ਆਪਣਾ ਆਖਰੀ ਵੀਡੀਓ ਬਲੈਕ ਐਂਡ ਵ੍ਹਾਈਟ ਫਿਲਟਰ ਨਾਲ ਸਾਂਝਾ ਕੀਤਾ ਸੀ। ਪਿਛਲੇ ਕੁਝ ਦਿਨਾਂ ਤੋਂ ਅੰਜਲੀ ਵਰਮੋਰਾ ਸੋਸ਼ਲ ਮੀਡੀਆ 'ਤੇ ਬਹੁਤ ਭਾਵੁਕ ਪੋਸਟਾਂ ਪਾ ਰਹੀ ਸੀ। ਅਜਿਹਾ ਲੱਗ ਰਿਹਾ ਸੀ ਜਿਵੇਂ ਕਿਸੇ ਨੇ ਉਨ੍ਹਾਂ ਦਾ ਦਿਲ ਤੋੜ ਦਿੱਤਾ ਹੋਵੇ। ਦੱਸਿਆ ਜਾ ਰਿਹਾ ਹੈ ਕਿ ਸ਼ਨੀਵਾਰ ਰਾਤ ਨੂੰ ਉਨ੍ਹਾਂ ਨੇ ਸਾਰਿਆਂ ਨਾਲ ਰਾਤ ਦਾ ਖਾਣਾ ਖਾਧਾ ਅਤੇ ਪਰਿਵਾਰ ਨਾਲ ਵੀ ਗੱਲ ਕੀਤੀ। ਜਦੋਂ ਉਨ੍ਹਾਂ ਨੂੰ ਬਾਹਰ ਜਾਣ ਲਈ ਕਿਹਾ ਗਿਆ ਤਾਂ ਉਹ ਇਸ ਲਈ ਰਾਜ਼ੀ ਨਹੀਂ ਹੋਈ। ਇਹ ਵੀ ਸਾਹਮਣੇ ਆਇਆ ਹੈ ਕਿ ਅੰਜਲੀ ਵਰਮੋਰਾ ਦੀ ਮੰਗਣੀ ਹੋਈ ਸੀ। ਉਨ੍ਹਾਂ ਦੀ ਮੰਗਣੀ 2 ਸਾਲ ਪਹਿਲਾਂ ਹੋਈ ਸੀ ਅਤੇ ਇਸ ਸਾਲ ਵਿਆਹ ਹੋਣ ਵਾਲਾ ਸੀ।

BUY I SELL I INVEST

TEAM GILL



Amarjit Sangha
Sales Representative
905-874-9600

Shamsher Gill
Sales Representative
905-744-4400

Simrat Grewal
Sales Representative
416-414-2878

DIR.: 905-744-4400

FREE MARKET EVALUATION OF YOUR PROPERTY

* ਨਵਾਂ ਘਰ ਦੇਖ ਰਹੇ ਹੋ ਜਾਂ ਇੰਨਵੈਸਟਮੈਂਟ ਪ੍ਰੋਪਰਟੀ ਦੀ ਭਾਲ ਵਿੱਚ ਹੋ?
* ਕਿਸੇ ਤਰ੍ਹਾਂ ਦਾ ਬਿਜ਼ਨਸ ਖਰੀਦਣਾ ਜਾਂ ਵੇਚਣਾ ਚਾਹੁੰਦੇ ਹੋ?
* ਭਰੋਸੇਯੋਗ, ਇਮਾਨਦਾਰ ਅਤੇ ਤਜਰਬੇਕਾਰ Real Estate Team ਲੱਭ ਰਹੇ ਹੋ?

WE CAN HELP YOU FIND YOUR DREAM PROPERTY IN

GTA & WATERLOO REGION:
Mississauga, Brampton, Caledon, Cambridge, Kitchener, Waterloo & Guelph Area

ROYAL LEPAGE
Flower City Realty Inc.
BROKERAGE, INDEPENDENTLY OWNED & OPERATED

MLS MULTIPLE LISTING SERVICE

INCOME GENERATING INVESTMENT PROPERTIES

ACCESS PERSONNEL RESOURCES INC.
TEMPORARY STAFFING AGENCY

WE ARE HIRING
Join Our Team



OPEN POSITION
- General Labour
- Forklift Operators
- Sanitation Workers
- Machine Operators
- Mixers/Bakers
- Shippers/Receivers

REQUIREMENTS:
The person should be fluent in english, able to work long hours.
The person should be able to work full time with valid work permit or PR holders

APPLY NOW

Send your resume
disptach.accesspersonnel@gmail.com
Contact: 416-675-2288

Shift Available
Morning
Afternoon
Night

# ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ...

ਲੇਖਕ : ਵਰਿਆਮ ਸਿੰਘ ਸੰਧੂ
ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ
ਮੁੱਲ : 275 ਰੁਪਏ, ਸਫ਼ੇ : 212
ਸੰਪਰਕ : 98726-02296

ਵਿਚਾਰ ਗੋਚਰੀ ਪੁਸਤਕ ਅਸਲੋਂ ਹੀ ਇਕ ਨਵੇਂ ਨਿਵੇਕਲੇ ਜਾਵੀਏ ਤੋਂ ਲਿਖੀ ਗਈ ਹੈ। ਜਗਤ ਗੁਰੂ ਨਾਨਕ ਦੇਵ ਜੀ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਪਰ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਅਤੇ ਬਹੁਪੱਖੀ ਲੇਖਕ ਵਰਿਆਮ ਸਿੰਘ ਸੰਧੂ ਨੇ ਜਿਸ ਅਨੋਖੇ ਢੰਗ ਨਾਲ ਗੁਰੂ ਨਾਨਕ ਦੇਵ ਜੀ ਦੇ ਜੀਵਨ, ਸਿੱਖਿਆਵਾਂ ਅਤੇ ਰੋਲ-ਘਚੋਲੇ ਅਤੇ ਆਪਾਧਾਪੀ ਵਾਲੇ ਅਜੋਕੇ ਵਿਸ਼ਵ ਵਿਆਪੀ ਮਾਹੌਲ ਵਿਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਉਤੇ ਚੱਲਣ ਦੀ ਲੋੜ ਨੂੰ ਉਜਾਗਰ ਕੀਤਾ ਹੈ, ਉਹ ਇਸ ਪੁਸਤਕ ਦਾ ਹਾਸਲ ਹੈ।




ਜਿਵੇਂ ਕਿ ਸਾਰੇ ਜਾਣਦੇ ਨੇ ਕਿ ਵਰਿਆਮ ਸਿੰਘ ਸੰਧੂ ਕੌਮਾਂਤਰੀ ਪ੍ਰਸਿੱਧੀ ਦੇ ਕਹਾਣੀਕਾਰ, ਆਲੋਚਕ, ਅਨੇਕਾਂ ਇਤਿਹਾਸਕ ਪੁਸਤਕਾਂ ਦੇ ਰਚੇਤਾ ਤਾਂ ਹਨ ਹੀ ਨਾਲ ਹੀ ਉਨ੍ਹਾਂ ਨੇ ਅੰਗਰੇਜ਼ੀ ਵਿਚ ਵੀ ਦਮਦਾਰ ਲੇਖਣੀ ਰਾਹੀਂ ਪਾਠਕਾਂ ਨੂੰ ਪ੍ਰਭਾਵਿਤ ਕੀਤਾ ਹੈ। ਨਾਲ-ਨਾਲ ਸ਼ਾਹਮੁਖੀ (ਲਹਿੰਦੇ ਪੰਜਾਬ ਦੀ ਲਿਪੀ) ਅਤੇ ਹਿੰਦੀ ਵਿਚ ਵੀ ਅੱਧੀ ਦਰਜਨ ਤੋਂ ਜ਼ਿਆਦਾ ਪੁਸਤਕਾਂ (ਅਨੁਵਾਦ ਅਤੇ ਸੰਪਾਦਨ ਸਮੇਤ) ਦੀ ਰਚਨਾ ਕਰਕੇ ਬਹੁ ਅਯਾਮੀ ਲੇਖਕ ਹੋਣ ਦਾ ਸ਼ਰਫ਼ ਹਾਸਲ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਇਸ ਪੁਸਤਕ ਵਿਚ 17 ਅਧਿਆਏ ਸ਼ਾਮਿਲ ਹਨ। ਪੁਸਤਕ ਦੇ ਆਰੰਭ ਵਿਚ 2 ਸਤਰਾਂ ਦੀ ਇਹ ਕਾਵਿਕ ਟੂਕ ਆਪਣੇ-ਆਪ ਵਿਚ ਬਹੁਤ ਕੁਝ ਕਹਿ ਗਈ ਹੈ।

ਬਾਬਾ ! ਸਾਨੂੰ ਬਖ਼ਸ਼ ਲੈ,
ਹਮ ਪਾਪੀ ਵੱਡ-ਗੁਨਾਹਗਾਰ।
ਗੱਲੀਂ ਲਾਈਏ ਅੰਬਰੀਂ ਟਾਕੀ,
ਲੀਰ-ਲੀਰ ਕਿਰਦਾਰ।

ਇਹ ਕਾਵਿਕ ਟੂਕ ਸਾਡੇ ਦੋਹਰੇ ਕਿਰਦਾਰ ਦੇ ਪਾਜ ਉਘੇੜਦੀ ਹੈ। ਪੁਸਤਕ ਦਾ ਪਹਿਲਾ ਅਧਿਆਏ ਹੈ 'ਮੇਰਾ ਆਪਣਾ' ਗੁਰੂ ਨਾਨਕ। ਲਿਖਤ ਦੀ ਪੁਖਤਗੀ ਲਈ ਇਹ ਸਤਰਾਂ ਵੇਖੋ, 'ਗੁਰੂ ਨਾਨਕ ਮੇਰੇ ਲਈ ਕਿਸੇ ਅਸਮਾਨ ਵਿਚ ਬੈਠੀ ਹਸਤੀ ਦਾ ਨਾਂਅ ਨਹੀਂ, ਸਗੋਂ ਮੇਰੇ ਅੰਗ-ਸੰਗ ਵਿਚਰਦੀ, ਵਸਦੀ, ਸਾਹ ਲੈਂਦੀ, ਧੜਕਦੀ ਹਸਤੀ ਦਾ ਨਾਂਅ ਹੈ, ਜਿਸ ਦੀ ਮੇਰੇ ਸਿਰ 'ਤੇ ਸੰਘਣੀ ਛਾਂ ਹੈ। ਗੁਰੂ ਨਾਨਕ ਮੇਰੇ ਘਰ ਦਾ ਸਭ ਤੋਂ ਨੇੜਲਾ ਤੇ ਪਿਆਰਾ ਅਤੇ ਸਭ ਤੋਂ, ਸਭ ਤੋਂ ਸਭ ਤੋਂ ਵੱਡਾ ਜੀਅ ਹੈ।' (ਪੰਨਾ : 9)

ਅਸਲ ਵਿਚ ਇਸ ਪੁਸਤਕ ਦੀ ਰਚਨਾ ਲੇਖਕ ਵਲੋਂ ਆਪਣੇ ਪਹਿਲਾਂ ਲਿਖੇ ਇਕ ਲੇਖ 'ਤੇ ਆਧਾਰਿਤ ਹੈ। ਇਸ ਨੂੰ ਉਨ੍ਹਾਂ ਨੇ ਕਿਤਾਬੀ ਰੂਪ ਵਿਚ ਛਪਵਾਉਣ ਦਾ ਸ਼ਲਾਘਾਯੋਗ ਉੱਦਮ ਕੀਤਾ ਹੈ। ਲੇਖਕ ਅਨੁਸਾਰ ਉਨ੍ਹਾਂ ਦੀ ਇਹ ਲਿਖਤ ਇਕ ਪ੍ਰੇਮ ਗੀਤ ਹੈ। 'ਹਿੰਦੁਸਤਾਨ' ਕਿ 'ਹਿੰਦੂਸਤਾਨ' ਸਿਰਲੇਖ ਹੇਠ ਅਧਿਆਏ ਦੀ ਖ਼ੂਬਸੂਰਤੀ ਵੇਖੋ, ਪਰ ਗੁਰੂ ਨਾਨਕ ਸਾਹਿਬ ਨੂੰ ਇਕੱਲਾ ਹਿੰਦੁਸਤਾਨ' ਹੀ ਨਹੀਂ ਸਾਰੀ ਧਰਤੀ ਹੀ ਆਪਣੀ ਦਿਸਦੀ ਸੀ। (ਪੰਨਾ : 14)

'ਕਿਛੁ ਸੁਣੀਐ, ਕਿਛੁ ਕਹੀਐ' ਦੀ ਸ਼ਾਨਦਾਰ ਸੰਵਾਦੀ ਪਰੰਪਰਾ ਨੂੰ ਗੁਰੂ ਸਾਹਿਬ ਨੇ ਸਥਾਪਿਤ ਕੀਤਾ। ਪੰਨਾ : 14)

ਇਸ ਤੋਂ ਅਗਲਾ ਅਧਿਆਏ ਹੈ-'ਸਿੱਖੀ ਵੀ ਵਪਾਰ ਬਣ ਗਈ', ਇਸ ਅਧਿਆਏ ਦੀ ਖਾਸ ਗੱਲ ਇਹ ਹੈ ਕਿ ਲੇਖਕ ਅਨੁਸਾਰ ਪੁਰਤਗਾਲ ਦਾ ਯਾਤਰੀ ਵਾਸਕੋਡੇ-ਗਾਮਾ 1460 ਵਿਚ ਜੰਮਦਾ ਹੈ ਤੇ ਗੁਰੂ ਜੀ ਦਾ ਪ੍ਰਕਾਸ਼ 1469 ਵਿਚ ਹੁੰਦਾ ਹੈ। ਦੋਵੇਂ ਅੱਗੜ-ਪਿੱਛੜ ਸੰਸਾਰ ਯਾਤਰਾਵਾਂ 'ਤੇ ਨਿਕਲਦੇ ਹਨ। ਦੋਵਾਂ ਨੇ ਭਾਰਤ ਸਮੇਤ ਪਦ-ਯਾਤਰਾਵਾਂ ਕੀਤੀਆਂ ਪਰ ਮਕਸਦ ਦੋਵਾਂ ਦੇ ਮੂਲੋਂ ਹੀ ਵੱਖਰੇ ਹਨ। ਇਕ ਨੇ ਕੇਵਲ ਤੇ ਕੇਵਲ ਆਪਣੇ ਭਲੇ ਦੀ ਅਤੇ ਦੂਜੇ ਨੇ 'ਸਰਬੱਤ ਦੇ ਭਲੇ' ਦੀ ਖ਼ੈਰ ਸੁੱਖ ਮੰਗੀ। ਅਸਲ ਵਿਚ ਇਹ ਦੋ ਵਿਰੋਧੀ ਵਿਚਾਰ ਧਾਰਾਵਾਂ ਦੀ ਟੱਕਰ ਸੀ। ਦੁੱਖ ਦੀ ਗੱਲ ਹੈ ਕਿ ਗੁਰੂ ਨਾਨਕ ਨੂੰ 'ਆਪਣਾ ਗੁਰੂ' ਆਖਣ ਵਾਲੇ ਸਿੱਖਾਂ ਦੀ ਸਿੱਖੀ (ਗੁਰੂ ਨਾਨਕ ਦੀ ਸਿੱਖੀ ਨਹੀਂ) ਵੀ ਅੰਤਰਰਾਸ਼ਟਰੀ ਗੇੜਾ ਕੱਢ ਕੇ ਹੁਣ ਵਾਰ ਹੀ ਤਾਂ ਬਣ ਗਈ ਹੈ। ਮੇਰੀ ਜਾਚੇ ਏਡੀ ਕੌੜੀ ਸੱਚਾਈ ਨੂੰ ਸਿਰਫ਼ ਵਰਿਆਮ ਸਿੰਘ ਸੰਧੂ ਵਰਗੇ ਪ੍ਰਤੀਬੱਧ ਲੇਖਕ ਹੀ ਏਨੀ ਬੇਬਾਕੀ ਨਾਲ ਬਿਆਨ ਕਰ ਸਕਦੇ ਹਨ। ਪੁਸਤਕ ਦੇ ਹੋਰ ਅਧਿਆਏ ਹਨ-ਅਸਮਾਨ ਦਾ ਨਹੀਂ ਧਰਤੀ ਦਾ ਫਲਸਫਾ, ਏਕ ਜੋਤਿ-ਦੋਇ ਮੂਰਤੀ (ਪੰਨਾ 38 ਤੋਂ 43 ਤੱਕ) ਨਵੇਂ ਮਨੁੱਖ ਦੀ ਘਾੜਤ (ਪੰਨਾ 44 ਤੋਂ 55 ਤੱਕ), ਗੁਰੂ ਸਾਹਿਬ ਨੇ ਆਪਣੇ-ਆਪ ਨੂੰ ਇਨਸਾਨ ਜਾਂ ਆਦਮੀ ਕਹਿ ਕੇ ਲੋਕਾਂ ਨੂੰ ਅਪਣੱਤ ਅਤੇ ਪਿਆਰ ਦੇ ਰਿਸ਼ਤੇ ਵਿਚ ਬੰਨ੍ਹ ਲਿਆ। ਖੋਜੀ ਉਪਜੈ ਬਾਦੀ ਬਿਨਸੈ (ਪੰਨਾ 56 ਤੋਂ 66 ਤੱਕ), ਮੇਰਾ ਨਾਨਕ ਇਕੱਲਾ ਰਹਿ ਗਿਆ ਹੈ (ਪੰਨਾ 67 ਤੋਂ 79 ਤੱਕ), ਇਹ ਅਧਿਆਏ ਰਬਾਬੀ ਭਾਈ ਮਰਦਾਨਾ ਅਤੇ ਗੁਰੂ ਸਾਹਿਬ ਦੀ ਲੰਮੇਰੀ ਸਾਂਝ ਨੂੰ ਸਮਰਪਿਤ ਹੈ। ਲੇਖਕ ਨੂੰ ਇਸ ਗੱਲ ਦਾ ਅੰਤ੍ਰੀਵ ਦੁੱਖ ਹੈ ਕਿ ਜਿਸ ਭਾਈ ਮਰਦਾਨਾ ਜੀ ਨੇ ਗੁਰੂ ਸਾਹਿਬ ਨਾਲ 58 ਸਾਲ ਤੋਂ ਵੱਧ ਸਮਾਂ ਵਿਚਰ ਕੇ ਰਬਾਬ ਛੇੜਦਿਆਂ ਕੀਰਤਨ ਦੀ ਛਹਿਬਰ ਲਾਈ, ਅੱਜ ਬੜੇ ਦੁੱਖ ਦੀ ਗੱਲ ਹੈ ਕਿ ਉਨ੍ਹਾਂ ਦੇ ਰਬਾਬੀ ਬੰਸ ਵਿਚੋਂ ਗੁਰੂ ਕੇ ਰਬਾਬੀਆਂ ਨੂੰ ਕੁਝ ਸੌੜੀ ਸੋਚਣੀ ਵਾਲੇ ਲੋਕਾਂ ਵਲੋਂ ਅੱਖੋਂ ਓਹਲੇ ਕੀਤਾ ਜਾ ਰਿਹਾ ਹੈ। 'ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ' (ਪੰਨਾ 80 ਤੋਂ 89 ਤੱਕ), 'ਦਿੱਖ ਅਤੇ ਤੱਤ ਦਾ ਫਰਕ', ਲੇਖਕ ਨੂੰ ਇਸ ਗੱਲ ਦਾ ਦੁੱਖ ਹੈ ਕਿ ਅੱਜ ਬਾਹਰੀ ਦਿੱਖ ਨੂੰ ਹੀ ਸਭ ਕੁਝ ਮੰਨ ਲਿਆ ਗਿਆ ਹੈ ਅਤੇ ਬਾਣੀ ਭੁਲਾ ਦਿੱਤੀ ਗਈ ਹੈ। (ਪੰਨਾ 90) 'ਕਰਾਮਾਤੀ' ਗੁਰੂ ਨਾਨਕ (ਪੰਨਾ 100 ਤੋਂ 118)। ਲੇਖਕ ਦਾ ਵਿਚਾਰ ਹੈ ਕਿ ਸਾਡੇ ਸਾਖੀਕਾਰਾਂ ਨੇ ਗੁਰੂ ਸਾਹਿਬ ਨਾਲ ਕਰਾਮਾਤਾਂ ਜੋੜ ਕੇ ਸਿੱਖ-ਮਾਨਸ ਨਾਲ ਕਹਿਰ ਹੀ ਤਾਂ ਕੀਤਾ ਹੈ (ਪੰਨਾ 118)। ਗੁਰੂ ਨਾਨਕ ਦੀਆਂ ਪੈੜਾਂ ਤੇ ਤੁਰਦਿਆਂ (ਪੰਨਾ 119 ਤੋਂ 130 ਤੱਕ)। 'ਫਿਰਿ ਬਾਬਾ ਆਇਆ ਕਰਤਾਰ ਪੁਰਿ' (ਪੰਨਾ 131 ਤੋਂ 163 ਤੱਕ)। ਇਸ ਪੁਸਤਕ ਦਾ ਇਕ ਬਹੁਤ ਹੀ ਮਹੱਤਵਪੂਰਨ ਲੇਖ ਹੈ 'ਕਿਸਾਨੀ ਸੰਘਰਸ਼ ਅਤੇ ਗੁਰੂ ਨਾਨਕ' (ਪੰਨਾ : 164 ਤੋਂ 179 ਤੱਕ) ਵਿਦਵਾਨ ਲੇਖਕ ਦਾ ਮਤ ਹੈ ਕਿ ਆਖਿਰਕਾਰ ਗੁਰੂ ਸਾਹਿਬ ਦੀ ਬਖ਼ਸ਼ੀ 'ਸੰਵਾਦੀ ਕਰਾਮਾਤ' ਨੇ ਹੀ ਅੰਦੋਲਨ ਨੂੰ ਫਤਹਿ ਦਿਵਾਈ। ਇਸ ਅਧਿਆਏ ਵਿਚ ਕਿਸਾਨੀ ਸੰਘਰਸ਼ ਵੇਲੇ ਗੁਰੂ ਨਾਨਕ ਜੀ ਦੀ ਵਿਚਾਰਧਾਰਾ ਸੰਬੰਧੀ ਲਿਖੀਆਂ ਸੈਂਕੜੇ ਕਵਿਤਾਵਾਂ ਅਤੇ ਗੀਤਾਂ ਵਿਚੋਂ ਕੁਝ ਦਰਜ ਕੀਤੇ ਗਏ ਹਨ। 'ਗੁਰਮਤਿ ਦਾ ਰੱਬ' (ਪੰਨਾ 180 ਤੋਂ 187 ਤੱਕ)। ਪੰਜਾਬੀ ਸਾਹਿਤ ਵਿਚ ਨਾਨਕਤਵ (ਪੰਨਾ 188 ਤੋਂ 206 ਤੱਕ)। 'ਮੁਕਦੀ ਗੱਲ' ਇਸ ਲਾਜਵਾਬ ਪੁਸਤਕ ਦਾ ਅੰਤਿਮ ਅਧਿਆਏ ਹੈ। ਇਸ ਅੰਤਲੇ ਅਧਿਆਏ ਦੀਆਂ ਇਹ ਸਤਰਾਂ ਸਾਡਾ ਸਭ ਦਾ ਧਿਆਨ ਮੰਗਦੀਆਂ ਹਨ। 'ਸਾਡਾ ਗੁਰੂ ਪਾਤਸ਼ਾਹ ਕਿਥੇ ਰਹਿੰਦਾ ਹੈ?' ਉਹ ਸਾਡੀਆਂ ਅੱਖਾਂ ਵਿਚ ਰੌਸ਼ਨੀ ਬਣ ਕੇ ਟਿਕ ਗਿਆ ਹੈ। (ਪੰਨਾ 212)।

ਇਸ ਪੁਸਤਕ ਦੇ ਹਰ ਅਧਿਆਏ ਵਿਚ ਗੁਰਬਾਣੀ ਦੇ ਢੁਕਵੇਂ ਪ੍ਰਮਾਣਾਂ ਦੇ ਨਾਲ-ਨਾਲ ਗਿਆਨੀ ਸੋਹਣ ਸਿੰਘ ਸੀਤਲ, 'ਪ੍ਰੋ. ਮੋਹਨ ਸਿੰਘ, ਰਬਿੰਦਰ ਨਾਥ ਟੈਗੋਰ, ਗਿਆਨੀ ਕੇਹਰ ਸਿੰਘ ਵੈਰਾਗੀ, ਸਰ ਮੁਹੰਮਦ ਇਕਬਾਲ, ਬਾਬੂ ਫਿਰੋਜ਼ਦੀਨ ਸ਼ਰਫ, ਡਾ. ਹਰਿਭਜਨ ਸਿੰਘ, ਭਾਈਆ ਈਸ਼ਰ ਸਿੰਘ, ਬਾਬਾ ਫਰੀਦ ਸਾਹਿਬ, ਭਾਈ ਜੋਧ ਸਿੰਘ, ਸੁਰਜੀਤ ਪਾਤਰ ਅਤੇ ਲਾਲਾ ਧਨੀ ਰਾਮ ਚਾਤ੍ਰਿਕ ਦੇ ਕਥਨਾਂ ਅਤੇ ਲਿਖਤਾਂ ਦੇ ਹਵਾਲੇ ਵੀ ਦਿੱਤੇ ਗਏ ਹਨ, ਜਿਹੜੇ ਇਸ ਪੁਸਤਕ ਨੂੰ ਹੋਰ ਵੀ ਰੌਚਕ ਬਣਾਉਂਦੇ ਹਨ।

ਮੇਰੀ ਦਿਲੀ ਇੱਛਾ ਹੈ ਕਿ ਗੁਰੂ ਨਾਨਕ ਜੀ ਦੇ ਫਲਸਫੇ ਨੂੰ ਜਾਨਣ ਦੀ ਲੋਚਾ ਰੱਖਣ ਵਾਲੇ ਹਰ ਵਿਅਕਤੀ ਨੂੰ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ। ਗੁਰੂ ਪਾਤਸ਼ਾਹ ਵਰਿਆਮ ਸਿੰਘ ਸੰਧੂ ਦੀ ਘਾਲਣਾ ਥਾਏਂ ਪਾਵੇ।

-ਤੀਰਥ ਸਿੰਘ ਢਿੱਲੋਂ
ਮੋਬਾਈਲ : 98154-61710

# ਕਮਾਲ ਦਾ ਕ੍ਰਿਕਟਰ ਵਿਰਾਟ ਕੋਹਲੀ


ਪ੍ਰਿੰਸੀਪਲ ਸਰਵਣ ਸਿੰਘ



ਵਿਰਾਟ ਕੋਹਲੀ ਨਾਲ ਜਿੰਨੇ ਮਰਜ਼ੀ ਵਧੀਆ ਵਿਸ਼ੇਸ਼ਣ ਲਾ ਲਓ, ਸਾਰੇ ਜਚ ਜਾਣਗੇ। ਉਹ ਹੈ ਹੀ ਕਮਾਲ ਦਾ ਕ੍ਰਿਕਟਰ! ਕਮਾਲ ਦਾ ਬੱਲੇਬਾਜ਼, ਗੇਂਦਬਾਜ਼, ਕੈਚਬਾਜ਼ ਤੇ ਕੈਪਟਨ। ਉਹ ਏਨੇ ਕ੍ਰਿਕਟ ਮੈਚ ਖੇਡ ਚੁੱਕੈ, ਏਨੇ ਰਿਕਾਰਡ ਰੱਖ ਚੁੱਕੈ ਤੇ ਏਨੀਆਂ ਜਿੱਤਾਂ ਜਿੱਤ ਚੁੱਕੈ ਕਿ ਉਹਦੀ ਵਾਹ-ਵਾਹ ਦਾ ' ਚ ਕੋਈ ਅੰਤ ਨਹੀਂ। ਇਕ ਦਹਾਕੇ ਅੰਤਰਰਾਸ਼ਟਰੀ ਪੱਧਰ 'ਤੇ 20 ਹਜ਼ਾਰ ਤੋਂ ਵੱਧ ਦੌੜਾਂ ਬਣਾਉਣ ਵਾਲਾ ਵਿਸ਼ਵ ਦਾ ਉਹ ਪਹਿਲਾਂ ਖਿਡਾਰੀ ਹੈ। ਕ੍ਰਿਕਟ ਜਗਤ ਤੋਂ ਬਾਹਰਲੀ ਦੁਨੀਆ ਵਿਚ ਵੀ ਉਹ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਸ ਨੂੰ ਵਿਸ਼ਵ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਹਾਨ ਖਿਡਾਰੀਆਂ 'ਚ ਗਿਣਿਆ ਜਾ ਰਿਹੈ। ਉਸ ਦੀਆਂ ਖੇਡ ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਵੱਲੋਂ ਉਸ ਨੂੰ ਅਰਜੁਨ ਅਵਾਰਡ, ਖੇਲ ਰਤਨ ਅਵਾਰਡ ਤੇ ਪਦਮ ਸ੍ਰੀ ਪੁਰਸਕਾਰ ਦਿੱਤੇ ਜਾ ਚੁੱਕੇ ਨੇ। ਸਚਿਨ ਤੇਂਦੁਲਕਰ ਵਾਂਗ ਭਾਰਤ ਰਤਨ ਮਿਲਣਾ ਹੀ ਬਾਕੀ ਹੈ। ਓਲੰਪਿਕ ਖੇਡਾਂ 'ਚ ਗੋਲਡ ਮੈਡਲਾਂ ਦੇ ਗੋਲਡਨ ਹੈਟ ਟ੍ਰਿਕ ਮਾਰਨ ਵਾਲੇ ਹਾਕੀ ਦੇ ਕਿਸੇ ਭਾਰਤੀ ਖਿਡਾਰੀ ਨੂੰ ਤਾਂ ਭਾਵੇਂ ਭਾਰਤ ਰਤਨ ਨਹੀਂ ਮਿਲਿਆ ਪਰ ਕਾਰਪੋਰੇਟਾਂ ਦੀ ਮੁਨਾਫ਼ਾ ਬਖ਼ਸ਼ ਖੇਡ ਕ੍ਰਿਕਟ ਦੇ ਖਿਡਾਰੀ ਕੋਹਲੀ ਨੂੰ ਮਿਲਣ ਦੀ ਪੂਰੀ ਸੰਭਾਵਨਾ ਹੈ। ਕੋਹਲੀ ਵਿਰਾਟਾਂ ਦਾ ਵਿਰਾਟ ਹੈ ਤੇ ਕੋਹਲੀਆਂ ਦਾ ਕੋਹਲੀ। ਪੁਰਖਿਆਂ ਦੀ ਬੰਸਾਵਲੀ ਵੱਲੋਂ ਉਹ ਪੰਜਾਬੀ ਮੂਲ ਦਾ ਖਿਡਾਰੀ ਹੈ। ਉਹਦੀ ਉਸਤਤ ਵਿਚ ਲੱਖਾਂ ਲਫ਼ਜ਼ ਲਿਖੇ ਗਏ ਨੇ ਤੇ ਬਿਜਲਈ ਮੀਡੀਏ ਤੋਂ ਲੱਖਾਂ ਵਾਰ ਉਹਦਾ ਨਾਂ ਉਚਾਰਿਆ ਜਾ ਚੁੱਕੈ। ਉਸ ਨੇ ਟੈਸਟ ਮੈਚਾਂ ਤੋਂ ਲੈ ਕੇ 20 ਤੇ 50 ਓਵਰਾਂ ਦੇ ਇਕ ਰੋਜ਼ਾ ਮੈਚਾਂ, ਵਰਲਡ ਕੱਪਾਂ, ਚੈਂਪੀਅਨਜ਼ ਟਰਾਫੀਆਂ, ਕ੍ਰਿਕਟ ਲੀਗਾਂ, ਗੱਲ ਕੀ ਹਰ ਤਰ੍ਹਾਂ ਦੇ ਕ੍ਰਿਕਟ ਮੁਕਾਬਲਿਆਂ 'ਚ ਭਾਗ ਲਿਆ ਹੈ। ਉਹਨੇ ਐਨੀਆਂ ਟੀਮਾਂ ਦੀ ਕਪਤਾਨੀ ਕੀਤੀ ਹੈ ਕਿ ਉਸ ਨੂੰ ਕ੍ਰਿਕਟ ਦੇ ਕਪਤਾਨਾਂ ਦਾ ਕਪਤਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ।

ਉਹ ਦਿੱਲੀ ਦਾ ਜੰਮਪਲ ਹੈ। 1947 'ਚ ਦੇਸ਼ ਦੀ ਵੰਡ ਵੇਲੇ ਲੱਖਾਂ ਪੰਜਾਬੀ, ਪੱਛਮੀ ਪੰਜਾਬ 'ਚੋਂ ਉੱਜੜ ਕੇ ਪੂਰਬੀ ਪੰਜਾਬ, ਪੈਪਸੂ ਤੇ ਦਿੱਲੀ ਆਣ ਵਸੇ ਸਨ। ਉਦੋਂ ਰੋਹਤਕ, ਗੁੜਗਾਵਾਂ ਤੇ ਮਹਿੰਦਰਗੜ੍ਹ ਪੂਰਬੀ ਪੰਜਾਬ ਦੇ ਜ਼ਿਲ੍ਹੇ ਸਨ। ਪੱਛਮੀ ਪੰਜਾਬ ਦੇ ਬਸ਼ਿੰਦਿਆਂ ਨਾਲ ਦਿੱਲੀ ਨੂੰ ਪੰਜਾਬੀਆਂ ਦਾ ਸ਼ਹਿਰ ਹੀ ਮੰਨਿਆ ਜਾਣ ਲੱਗ ਪਿਆ ਸੀ ਤੇ ਦਿੱਲੀ ਦਾ ਮਾਹੌਲ ਲਾਹੌਰ ਵਰਗਾ ਬਣ ਗਿਆ ਸੀ। ਉਦੋਂ ਦਿੱਲੀ ਦੇ ਅੱਧੋਂ ਵੱਧ ਵਾਸੀਆਂ ਦੀ ਮਾਤ ਭਾਸ਼ਾ ਪੰਜਾਬੀ ਸੀ। 1947-48 ਦੌਰਾਨ ਦਿੱਲੀ ਦਾ ਡਿਪਟੀ ਕਮਿਸ਼ਨਰ ਡਾ. ਮਹਿੰਦਰ ਸਿੰਘ ਰੰਧਾਵਾ ਸੀ ਜਿਸ ਨੇ ਪੰਜਾਬੀ ਸ਼ਰਨਾਰਥੀਆਂ ਨੂੰ ਦਿੱਲੀ ਵਸਾਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਉਨ੍ਹਾਂ ਪੋਠੋਹਾਰੀਆਂ ਵਿਚ ਹੀ ਵਿਰਾਟ ਕੋਹਲੀ ਦੇ ਵੱਡਵਡੇਰੇ ਦਿੱਲੀ ਪਹੁੰਚੇ ਸਨ।

ਜਿਵੇਂ ਵਿਰਾਟ ਕੋਹਲੀ ਦਾ ਪਿਛੋਕੜ ਰਾਵਲਪਿੰਡੀ ਵੱਲ ਦਾ ਹੈ ਉਵੇਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਕੋਹਲੀ ਦਾ ਜਨਮ ਸਥਾਨ ਵੀ ਪਿੰਡ ਗਾਹ ਜ਼ਿਲ੍ਹਾ ਚਕਵਾਲ ਦਾ ਹੈ। ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੇ ਫਿਲਮੀ ਅਦਾਕਾਰ ਬਲਰਾਜ ਸਾਹਨੀ ਵੀ ਪੋਠੋਹਾਰ ਦੇ ਜੰਮਪਲ ਸਨ। ਉਹਨਾਂ ਸਭਨਾਂ ਦੀ ਸ਼ੋਭਾ ਦਾ ਕੋਈ ਸਿਰਾ ਨਹੀਂ। ਪੱਛਮੀ ਪੰਜਾਬ ਦੇ ਜਾਏ ਮਿਲਖਾ ਸਿੰਘ ਤੇ ਜਰਨੈਲ ਸਿੰਘ ਵਰਗੇ ਖਿਡਾਰੀ ਅਤੇ ਬਾਲੀਵੁੱਡ ਦੇ ਸਿਤਾਰੇ ਦਲੀਪ ਕੁਮਾਰ ਤੇ ਪ੍ਰਿਥਵੀ ਰਾਜ ਕਪੂਰ ਦਾ ਖਾਨਦਾਨ ਸਭ ਓਧਰੋਂ ਏਧਰ ਆਏ ਸਨ। ਕੋਹਲੀ ਪ੍ਰਾਕ੍ਰਿਤ ਦੇ ਸ਼ਬਦ 'ਕੋਹ' ਦਾ ਵਧਵਾਂ ਰੂਪ ਹੈ। ਕੋਹ ਦਾ ਅਰਥ ਹੈ ਪਹਾੜ। ਪੋਠੋਹਾਰ ਦੇ ਨੀਮ ਪਹਾੜੀ ਇਲਾਕਿਆਂ 'ਚ ਵਸਦੇ ਲੋਕ ਕੋਹਲੀ ਅਖਵਾਏ। ਚੜ੍ਹਾਈਆਂ ਚੜ੍ਹਨਾ ਕੋਹਲੀਆਂ ਦਾ ਵਿਰਸਾ ਹੈ। ਵਿਰਾਟ ਕੋਹਲੀ ਨੇ ਕ੍ਰਿਕਟ ਦੇ ਨੀਵੇਂ ਉੱਚੇ ਸਾਰੇ ਪਹਾੜ ਸਰ ਕਰ ਲਏ ਹਨ। 2025 ਵਿਚ ਉਹਦੀ ਟੀਮ ਰੌਇਲ ਚੈਲਿੰਜਰਜ਼ ਬੰਗਲੂਰੂ ਨੇ ਇੰਡੀਅਨ ਪ੍ਰੀਮੀਅਰ ਲੀਗ ਦੀ ਜਿੱਤ ਨਾਲ ਕ੍ਰਿਕਟ ਦਾ ਪਹਾੜ ਸਰ ਕਰ ਕੇ ਉਹਦੀ ਸਾਰੀ ਦੁਨੀਆਂ 'ਚ ਧੰਨ-ਧੰਨ ਕਰਵਾ ਦਿੱਤੀ ਹੈ। ਆਮ ਲੋਕ ਇਸ ਨੂੰ ਵਿਰਾਟ ਕੋਹਲੀ ਦੀ ਸੰਪੂਰਨ ਜਿੱਤ ਤੇ ਉਹਦੀ ਖੇਡ ਦੀ ਸਫ਼ਲ ਯਾਤਰਾ ਮੰਨਦੇ ਹਨ। ਵਿਰਾਟ ਕੋਹਲੀ ਦੀ ਸਫਲਤਾ ਸਿਰਫ਼ ਦੌੜਾਂ ਬਣਾਉਣ ਤਕ ਹੀ ਸੀਮਤ ਨਹੀਂ ਬਲਕਿ ਇਕ ਜਾਂਬਾਜ਼ ਖਿਡਾਰੀ ਦੇ ਸਾਲਾਂ-ਬੱਧੀ ਜੂਝਦੇ ਰਹਿਣ ਦੀ ਦਿਲਚਸਪ ਗਾਥਾ ਹੈ। ਪੂਰਾ ਲੇਖ ਕਦੇ ਫੇਰ।

## 15 ਜੂਨ ਨੂੰ 'ਪਿਤਾ ਦਿਵਸ' 'ਤੇ ਵਿਸ਼ੇਸ਼ ਲੇਖ

# ਪਰਿਵਾਰ ਦਾ ਮਜ਼ਬੂਤ ਥੰਮ੍ਹ 'ਪਿਤਾ'



ਸਾਨੂੰ ਜਨਮ ਦੇਣ ਵਾਲੀ ਮਾਂ ਦਾ ਜਿੱਥੇ ਸਾਡੀ ਜ਼ਿੰਦਗੀ 'ਚ ਅਹਿਮ ਸਥਾਨ ਹੈ, ਉੱਥੇ ਹੀ ਪਿਤਾ ਦਾ ਵੀ ਸਾਡੀ ਜ਼ਿੰਦਗੀ 'ਚ ਬਹੁਤ ਮਹੱਤਵ ਹੈ। ਪਿਤਾ ਜੋ ਆਪਣੇ ਬੱਚਿਆਂ ਲਈ ਦਿਨ-ਰਾਤ ਮਿਹਨਤ ਕਰਦਾ ਹੈ, ਘਰੋਂ ਦੂਰ ਰਹਿ ਕੇ ਆਪਣੇ ਪਰਿਵਾਰ ਦੀ ਹਰ ਖੁਸ਼ੀ ਦਾ ਖ਼ਿਆਲ ਰੱਖਦਾ ਹੈ। ਪਿਤਾ ਦੇ ਕਿਰਦਾਰ ਨੂੰ ਅਕਸਰ ਘਰ ਦੀ ਮਜਬੂਤੀ ਦੇ ਨਾਲ ਜੋੜਿਆ ਜਾਂਦਾ ਹੈ। ਉਹ ਸਿਰਫ ਪਰਿਵਾਰ ਦੀਆਂ ਵਿੱਤੀ ਜ਼ਰੂਰਤਾਂ ਪੂਰੀਆਂ ਕਰਨ ਵਾਲਾ ਵਿਅਕਤੀ ਹੀ ਨਹੀਂ ਹੁੰਦਾ, ਬਲਕਿ ਉਹ ਸਹੀ ਅਤੇ ਗਲਤ ਦੀ ਪਹਿਚਾਣ ਵੀ ਸਿਖਾਉਂਦਾ ਹੈ। ਉਹ ਆਪਣੇ ਬੱਚਿਆ ਨੂੰ ਸਿਖਿਆ, ਕੈਰੀਅਰ, ਅਤੇ ਨਿੱਜੀ ਜੀਵਨ ਵਿੱਚ ਹਮੇਸ਼ਾ ਹੀ ਮੱਤ ਦਿੰਦਾ ਹੈ।

ਆਪਣੀਆਂ ਮੁਢਲੀਆਂ ਜ਼ਰੂਰਤਾਂ ਤੋਂ ਹੱਟ ਕੇ ਬੱਚਿਆਂ ਦੀਆਂ ਬੇਮੰਗੀ ਲੋੜਾਂ ਨੂੰ ਪੂਰੀਆਂ ਕਰਨ ਵਾਲਾ ਸਿਰਫ ਤੇ ਸਿਰਫ਼ ਇੱਕ ਪਿਤਾ ਹੀ ਹੁੰਦਾ ਹੈ। ਸਾਡੀ ਹਰੇਕ ਛੋਟੀ ਮੋਟੀ ਖੁਸ਼ੀ ਦਾ ਖ਼ਿਆਲ ਰੱਖਣ ਵਾਲੇ ਪਿਤਾ ਦੀ ਅਗਰ ਜੇਬ ਖਾਲੀ ਵੀ ਹੋਵੇ ਤਾਂ ਵੀ ਦਿਲ ਦੀ ਏਨੀਂ ਅਮੀਰੀ ਰੱਖਦਾ ਕਿ ਕਿਸੇ ਗੱਲੋਂ ਨਾਂਹ ਨਹੀਂ ਕਰਦਾ। ਸਾਡੀ ਉਂਗਲੀ ਫੜ ਸਾਡੇ ਲਈ ਸਹਾਰਾ ਬਣਦਾ ਹੈ। ਪਿਤਾ, ਜਿਸ ਨੂੰ ਸਭ ਤੋਂ ਪਹਿਲਾਂ ਆਪਣਾ ਪਰਿਵਾਰ ਪਿਆਰਾ ਹੁੰਦਾ ਹੈ। ਜਿਸ ਦੀ ਸਿਰਫ਼ ਇੱਕ ਹਾਂ 'ਚ ਹੀ ਖੁਸ਼ੀ ਦਾ ਇਸ਼ਾਰਾ ਹੁੰਦਾ ਹੈ। ਬੋਹੜ ਦੀ ਛਾਂ ਵਰਗੇ ਪਿਤਾ ਦਾ ਦਰਜਾ ਮਿਣਿਆਂ ਨਹੀਂ ਸਿਰਫ਼ ਮਾਣਿਆ ਹੀ ਜਾ ਸਕਦਾ ਹੈ।

ਸਾਡਾ ਹਰ ਦਿਨ ਪਿਤਾ ਦੇ ਨਾਲ ਹੀ ਹੈ, ਪਿਤਾ ਤੋਂ ਬਿਨਾਂ ਸਾਡਾ ਕੋਈ ਵਜੂਦ ਨਹੀਂ। ਸਾਡੇ ਲਈ ਹਰ ਦਿਨ ਪਿਤਾ ਦੀ ਹੀ ਦੇਣ ਹੈ,ਪਰ ਫਿਰ ਵੀ ਇੱਕ ਖਾਸ ਤਰ੍ਹਾਂ ਨਾਲ ਪਿਤਾ ਨੂੰ ਯਾਦ ਕਰਨ ਲਈ, ਪਿਤਾ ਵਲੋਂ ਦਿੱਤੀ ਗਈ ਸਾਨੂੰ ਅਣਮੋਲ ਜਿੰਦਗੀ 'ਚੋ ਸਾਲ ਦਾ ਇੱਕ ਦਿਨ ਪੂਰੀ ਤਰ੍ਹਾਂ ਪਿਤਾ ਨੂੰ ਸਮਰਪਿਤ ਕਰਨ ਲਈ 'ਪਿਤਾ ਦਿਵਸ' ਬਣਾਇਆ ਗਿਆ ਹੈ।

ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਪਿਤਾ ਦਿਵਸ ਦੀ ਤਾਰੀਖ ਵੱਖ-ਵੱਖ ਹੈ ਪਰ ਭਾਰਤ ਦੇ ਨਾਲ-ਨਾਲ ਅਮਰੀਕਾ, ਕੈਨੇਡਾ, ਇੰਗਲੈਂਡ, ਗ੍ਰੀਸ, ਮੈਕਸੀਕੋ, ਪਾਕਿਸਤਾਨ, ਆਇਰਲੈਂਡ, ਵੈਨੇਜ਼ੁਏਲਾ ਅਤੇ ਅਰਜਨਟੀਨਾ ਵਰਗੇ ਦੇਸ਼ ਵੀ ਇਸ ਨੂੰ ਹਰ ਸਾਲ ਜੂਨ ਦੇ ਤੀਜੇ ਐਤਵਾਰ ਨੂੰ ਮਨਾਉਂਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਗਰ ਬੱਚਿਆਂ ਦਾ ਪੂਰਾ ਜੀਵਣ ਵੀ ਪਿਤਾ ਨੂੰ ਸਮਰਪਿਤ ਹੋ ਕੇ ਲੰਘ ਜਾਵੇ ਤਾਂ ਵੀ ਉਸਦਾ ਕਰਜ਼ ਨਹੀਂ ਚੁਕਾਇਆ ਜਾ ਸਕਦਾ। ਇਹ ਦਿਨ ਸਾਡੇ ਜੀਵਨ ਵਿੱਚ ਪਿਤਾ ਦੀ ਅਮੁੱਲ ਭੂਮਿਕਾ ਦਾ ਜਸ਼ਨ ਮਨਾਉਣ ਲਈ ਸਮਰਪਿਤ ਇੱਕ ਖੁਸ਼ੀ ਦਾ ਮੌਕਾ ਹੈ। ਇਹ ਖਾਸ ਦਿਨ ਪਿਤਾ ਦੇ ਪਿਆਰ, ਮਾਰਗਦਰਸ਼ਨ ਅਤੇ ਅਟੁੱਟ ਸਮਰਥਨ ਦੇ ਸਨਮਾਨ ਕਰਨ ਦਾ ਹੈ। ਇਸ ਦਿਨ ਦਾ ਮਹੱਤਵ ਸਿਰਫ ਆਪਣੇ ਪਿਤਾ ਨੂੰ ਕਾਰਡ, ਫੁੱਲ, ਕੱਪੜੇ ਜਾਂ ਤੋਹਫੇ ਭੇਂਟ ਕਰਨਾ ਨਹੀਂ ਬਲਕਿ ਇਸ ਗੱਲ ਦਾ ਅਹਿਸਾਸ ਕਰਨਾ ਵੀ ਹੈ ਕਿ ਪਿਤਾ ਨੇ ਸਾਡੀ ਜ਼ਿੰਦਗੀ ਬਣਾਉਣ ਲਈ ਆਪਣੀਂ ਸਾਰੀ ਉਮਰ ਤਿਆਗ ਅਤੇ ਸਮਰਪਣ ਨਾਲ ਗੁਜ਼ਾਰੀ ਹੈ। ਬੱਚਿਆਂ ਦੀ ਹਰ ਇੱਛਾ ਨੂੰ ਪੂਰਾ ਕਰਨ ਲਈ ਉਸ ਨੇ ਆਪਣੀਆਂ ਇੱਛਾਵਾਂ ਨੂੰ ਹਰ ਵਾਰ ਮਾਰਿਆ ਹੈ ਸਾਨੂੰ ਇਹ ਕੀਮਤੀ ਜੀਵਨ ਸਬਕ ਸਿਖਾਉਣ ਤੋਂ ਲੈ ਕੇ ਸਾਡੀ ਤਾਕਤ ਦਾ ਥੰਮ ਬਣਨ ਤੱਕ, ਪਿਤਾ ਸਾਡੇ ਦਿਲਾਂ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦੇ ਹਨ। ਇਹ ਖ਼ਾਸ ਦਿਨ ਪਿਤਾ ਦਾ ਧੰਨਵਾਦ ਕਰਨ ਅਤੇ ਸਤਿਕਾਰ ਕਰਨ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ॥ ਜੇਕਰ ਅਸੀਂ ਸਾਰੇ ਆਪਣੇ ਪਿਤਾ ਦਾ ਸਤਿਕਾਰ ਕਰੀਏ ਅਤੇ ਉਨ੍ਹਾਂ ਦੇ ਤਿਆਗ ਨੂੰ ਹਮੇਸ਼ਾ ਯਾਦ ਰਖੀਏ ਤਾਂ ਇਸ ਤੋਂ ਵੱਡਾ ਤੋਹਫਾ ਆਪਣੇ ਪਿਤਾ ਲਈ ਪਿਤਾ ਦਿਵਸ ਤੇ ਨਹੀਂ ਹੋ ਸਕਦਾ।



ਬਲਦੇਵ ਸਿੰਘ ਬੇਦੀ,
ਜਲੰਧਰ
90419-25181

# ਨੈਤਿਕਤਾ ਦੀ ਪਰਿਭਾਸ਼ਾ ਅਤੇ ਮਹੱਤਤਾ

ਉਸ ਰੁੱਖ ਜਾਂ ਬੂਟੇ ਨੂੰ ਫ਼ਲ ਜਾਂ ਫੁੱਲ ਸੋਹਣਾ ਲੱਗਦਾ ਹੈ, ਜਿਸਦੀ ਦੇਖ-ਭਾਲ਼ ਇੱਕ ਸੁਚੱਜਾ ਮਾਲੀ ਕਰ ਰਿਹਾ ਹੋਵੇ। ਬਾਗ਼ ਵਿੱਚ ਸੋਹਣੇ-ਸੋਹਣੇ ਫੁੱਲਾਂ ਦਾ ਖਿੜੇ ਹੋਣਾ ਇਸ ਗੱਲ ਦਾ ਸੂਚਕ ਹੈ ਕਿ ਫੁੱਲਾਂ ਜਾਂ ਰੁੱਖ-ਬੂਟੇ ਨੂੰ ਉਗਾਉਣ ਤੋਂ ਪਹਿਲਾਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਸਹੀ ਰੱਖਣ ਲਈ ਪੌਸਟਿਕ ਤੱਤਾਂ ਤੇ ਉਸ ਤੋਂ ਬਾਅਦ ਬੀਜ ਤੇ ਨਿਰੰਤਰ ਦੇਖ ਭਾਲ਼ ਹੀ ਖਿੜੇ ਹੋਏ ਫੁੱਲਾਂ ਦੀ ਖੁਸ਼ਬੂ ਭਰੀ ਮਿਠਾਸ ਦਾ ਪ੍ਰਮੁੱਖ ਰਾਜ ਹੈ। ਇਸੇ ਤਰ੍ਹਾਂ ਹੀ ਕਿਸੇ ਵਿਅਕਤੀ ਵਿੱਚ ਨੈਤਿਕ ਗੁਣਾਂ ਦਾ ਵਿਕਾਸ ਹੁੰਦਾ ਹੈ।

ਇੱਕ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਭਾਵ ਗਰਭ-ਅਵਸਥਾ ਦੌਰਾਨ ਮਾਂ ਦਾ ਮਾਨਸਿਕ ਤੇ ਸਰੀਰਕ ਸੰਤੁਲਨ ਪੈਦਾ ਹੋਣ ਵਾਲੇ ਬੱਚੇ ਲਈ ਬਹੁਤ ਸਹਾਇਕ ਸਿੱਧ ਹੁੰਦਾ ਹੈ। ਇਸ ਗੱਲ ਦੀ ਪੁਸ਼ਟੀ ਖੁਦ ਵਿਗਿਆਨ ਵੀ ਕਰ ਰਿਹਾ ਹੈ ਕਿ ਗਰਭ ਅਵਸਥਾ ਦੌਰਾਨ ਜਿਸ ਤਰ੍ਹਾਂ ਦਾ ਮਾਂ ਦਾ ਖਾਣ-ਪੀਣ ਵਿਵਹਾਰ ਜਾਂ ਉਸ ਦੇ ਆਲ਼ੇ-ਦੁਆਲ਼ੇ ਘਟਿਤ ਹੁੰਦਾ ਹੈ, ਸਭ ਦਾ ਅਸਰ ਉਸ ਪੈਦਾ ਹੋਣ ਵਾਲੇ ਬੱਚੇ ਉੱਪਰ ਅਵੱਸ ਹੀ ਪੈਂਦਾ ਹੈ। ਇੱਕ ਬੱਚੇ ਦੇ ਜਨਮ ਤੋਂ ਬਾਅਦ ਮਾਂ ਹੀ ਉਸ ਬੱਚੇ ਦੀ ਪਹਿਲੀ ਗੁਰੂ ਜਾਂ ਅਧਿਆਪਕ ਹੁੰਦੀ ਹੈ, ਜੋ ਉਸਨੂੰ ਨੈਤਿਕਤਾ ਜਾਂ ਅਨੈਤਿਕਤਾ ਦਾ ਪਾਠ ਪੜ੍ਹਾਉਂਦੀ ਹੈ। ਮਾਂ ਦੁਆਰਾ ਦਿੱਤੀ ਗਈ ਸਿੱਖਿਆ ਹੀ ਉਸ ਬੱਚੇ ਦੇ ਜੀਵਨ ਸੰਚਾਰ ਦੇ ਪੰਧ ਦੀ ਪਹਿਲੀ ਪੌੜੀ ਬਣਦੀ ਹੈ। ਇੱਕ ਬੱਚੇ ਦਾ ਮਨ ਬੜਾ ਕੋਮਲ ਹੁੰਦਾ ਹੈ, ਮਾਂ ਉਸਨੂੰ ਜਿਸ ਪਾਸੇ ਮੋੜੇਗੀ ਉਹ ਮੁੜ ਜਾਵੇਗਾ ਜਿਵੇਂ ਇੱਕ ਮੂਰਤੀਕਾਰ ਇੱਕ ਪੱਥਰ ਤੋਂ ਮੂਰਤੀ ਬਣਾਉਣ ਸਮੇਂ ਆਪਣੇ ਮਨ ਵਿੱਚ ਜਿਸ ਤਰ੍ਹਾਂ ਦੀ ਤਸਵੀਰ ਉਪਜਦਾ ਹੈ, ਉਹ ਉਸੇ ਤਰ੍ਹਾਂ ਹਥੌੜੀ ਅਤੇ ਛੈਣੀ ਦੀ ਮਦਦ ਨਾਲ਼ ਉਸੇ ਤਰ੍ਹਾਂ ਦੀ ਤਸਵੀਰ ਬਣਾ ਦਿੰਦਾ ਹੈ। ਉਸ ਤੋਂ ਬਾਅਦ ਪਿਤਾ ਆਉਂਦਾ ਹੈ, ਜੋ ਆਪਣੇ ਬੱਚੇ ਨੂੰ ਸਮਾਜ ਦੀ ਸੋਝੀ ਅਨੁਸਾਰ ਉਸਦਾ ਚਰਿੱਤਰ ਨਿਰਮਾਣ ਕਰਦਾ ਹੈ, ਸਹਿਜੇ ਹੀ ਜਿਸ ਤਰ੍ਹਾਂ ਦਾ ਆਚਰਣ ਤੇ ਉਸਦਾ ਪਿਤਾ ਚੱਲ ਰਿਹਾ ਹੈ, ਉਹ ਬੱਚਾ ਵੀ ਉਸੇ ਤਰ੍ਹਾਂ ਦੇ ਗੁਣਾ ਦਾ ਧਾਰਨੀ ਬਣ ਜਾਵੇਗਾ। ਇੱਕ ਪਿਤਾ ਦਾ ਆਪਣੇ ਬੱਚੇ ਦੇ ਵਿਅਕਤੀਗਤ ਨੈਤਿਕ ਵਿਕਾਸ ਵਿੱਚ ਮਹੱਤਵਪੂਰਨ ਰੋਲ ਹੁੰਦਾ ਹੈ। ਇੱਕ ਪਿਤਾ ਵੱਲੋਂ ਕੀਤੀ ਗਈ ਕੁਤਾਹੀ ਉਸ ਦੇ ਬੱਚੇ ਦੇ ਭਵਿੱਖ ਨੂੰ ਗਲਤ ਦਿਸ਼ਾ ਪ੍ਰਦਾਨ ਕਰ ਸਕਦੀ ਹੈ।

ਜਿਉਂ ਇੱਕ ਬੱਚਾ ਥੋੜਾ ਵੱਡਾ ਹੁੰਦਾ ਹੈ ਤਾਂ ਉਸਦੇ ਨੈਤਿਕ ਵਿਕਾਸ ਦੀ ਗਤੀ ਉੱਨਤ ਕਰਨ ਭਾਵ ਸਮੇਂ ਦਾ ਹਾਣੀ ਬਣਾਉਣ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਉਸ ਸਕੂਲ ਦੀ ਬਣ ਜਾਂਦੀ ਹੈ ਜਿੱਥੇ ਜਾ ਕੇ ਇੱਕ ਬੱਚੇ ਨੂੰ ਆਪਣੇ ਘਰ -ਪਰਿਵਾਰ ਤੋਂ ਬਿਨ੍ਹਾਂ ਆਪਣੇ ਆਲ਼ੇ-ਦੁਆਲ਼ੇ ਦੇਸ਼- ਦੁਨੀਆਂ ਤੇ ਪੂਰੇ ਸੰਸਾਰ ਦੀ ਸੋਝੀ ਹੁੰਦੀ ਹੈ। ਇੱਕ ਅਧਿਆਪਕ ਦੀ ਬੱਚੇ ਦੇ ਨੈਤਿਕ ਵਿਕਾਸ ਵਿੱਚ ਉਹ ਥਾਂ ਹੁੰਦੀ ਹੈ ਜਿਸ ਵਿੱਚ ਭਵਿੱਖ ਨੂੰ ਰੁਸ਼ਨਾਉਂਦਾ ਹੋਇਆ ਸਰਵ-ਪੱਖੀ ਵਿਕਾਸ ਦੇ ਨਾਲ਼ -ਨਾਲ਼ ਉਸਨੂੰ ਦੁਨੀਆਂ ਦਾ ਹਾਣੀ ਭਾਵ ਮੋਢੀ ਬਣਾਉਣ ਦੀ ਤਾਕਤ ਹੁੰਦੀ ਹੈ।

ਇਤਿਹਾਸ ਨੂੰ ਫਰੋਲਣ ਤੇ ਇਸ ਤਰ੍ਹਾਂ ਦੀ ਬਹੁਤ ਸਾਰੀਆਂ ਪਰਿਭਾਸ਼ਾਵਾਂ ਸਹਿਜੇ ਹੀ ਮਿਲ ਜਾਂਦੀਆਂ ਹਨ, ਜਿੰਨ੍ਹਾਂ ਤੋਂ ਅੱਜ ਦੇ ਸਮਾਜ ਨੂੰ ਚੰਗੀ ਤੇ ਨਰੋਈ ਸਰਵ -ਪੱਖੀ ਸੇਧ ਮਿਲਦੀ ਹੈ। ਇਸ ਤਰ੍ਹਾਂ ਦੀਆਂ ਅਮੁੱਲ ਤੇ ਜੀਵਨ ਨੂੰ ਰੋਸ਼ਨ ਕਰਨ ਵਾਲ਼ੀਆਂ



ਪਰਿਭਾਸ਼ਾਵਾਂ ਦਾ ਵਰਨਣ ਸਾਡੇ ਪ੍ਰਾਚੀਨ ਗ੍ਰੰਥਾਂ ਵਿੱਚ ਸਹਿਜੇ ਹੀ ਮਿਲ ਜਾਂਦਾ ਹੈ। ਇਸ ਤਰ੍ਹਾਂ ਦੀ ਹੀ ਇੱਕ ਘਟਨਾ ਦਾ ਜਿਕਰ ਮਹਾਂ-ਭਾਰਤ ਵਿੱਚ ਵੀ ਆਉਂਦਾ ਹੈ ਕਿ ਇੱਕ ਆਦਿ ਕਬੀਲੇ ਵਿੱਚ ਰਹਿਣ ਵਾਲਾ ਨਿਪੁੰਨ ਧਨੁੱਖਚੀ ਏਕਲੱਭਿਆ ਜੋ ਕਦੇ ਵੀ ਗੁਰੂ ਦ੍ਰੋਣਾ-ਚਾਰੀਆ ਨੂੰ ਮਿਲ਼ਿਆ ਤੱਕ ਨਹੀਂ ਸੀ, ਉਸਦੀ ਮੂਰਤੀ ਬਣਾ ਕੇ ਉਸਨੂੰ ਗੁਰੂ ਮੰਨ ਕੇ ਆਪਣੀ ਤੀਰ -ਅੰਦਾਜ਼ੀ ਦਾ ਨਿਰੰਤਰ ਅਭਿਆਸ ਕਰਦਾ ਰਿਹਾ, ਜਿਸ ਤੋਂ ਗੁਰੂ ਦ੍ਰੋਣ ਵੀ ਪ੍ਰਭਾਵਿਤ ਹੋਏ ਬਿਨ੍ਹਾਂ ਨਾ ਰਹਿ ਸਕੇ। ਉਸਨੂੰ ਗੁਰੂ ਦ੍ਰੋਣ ਦੇ ਮਾਤਰ ਇੱਕ ਇਸ਼ਾਰੇ ਤੇ ਹੀ ਆਪਣੇ ਸੱਜੇ ਹੱਥ ਦਾ ਅਗੂੰਠਾ ਕੱਟ ਕੇ ਗੁਰੂ ਨੂੰ ਦਖਸ਼ਣਾ ਦੇ ਰੂਪ ਵਿੱਚ ਭੇਟ ਕਰ ਦਿੱਤਾ। ਜਦੋਂਕਿ ਹਕੀਕਤ ਤਾਂ ਇਹ ਸੀ ਕਿ ਉਸਨੇ ਤੀਰ ਅੰਦਾਜ਼ੀ ਦਾ ਅਭਿਆਸ ਆਪਣੀ ਨਿੱਤ ਪ੍ਰਤੀ ਦਿਨ ਦੀ ਮਿਹਨਤ ਤੇ ਸੱਚੇ ਸਮਰਪਣ ਕਰਕੇ ਹੀ ਪ੍ਰਾਪਤ ਕੀਤਾ ਸੀ। ਇਸ ਤੋਂ ਵੱਡੀ ਨੈਤਿਕਤਾ ਦੀ ਹੋਰ ਕੀ ਪਰਿਭਾਸ਼ਾ ਹੋ ਸਕਦੀ ਕਿ ਇੱਕ ਮੂਰਤੀ ਨੂੰ ਗੁਰੂ ਮੰਨਿਆ ਹੋਵੇ ਤੇ ਉਸ ਵਿਅਕਤੀ ਵਿਸ਼ੇਸ਼ ਦੇ ਕਹਿਣ ਤੇ ਆਪਣਾ ਉਹ ਅਗੂੰਠਾ ਉਸਨੂੰ ਭੇਟ ਕਰ ਦਿੱਤਾ ਹੋਵੇ ਜਿਸਨੇ ਉਸਦੀ ਪਹਿਚਾਣ ਨੂੰ ਪੂਰੇ ਵਿਸ਼ਵ ਵਿੱਚ ਗੂੜਾ ਕਰਨਾ ਸੀ। ਇਤਿਹਾਸ ਵਿੱਚੋਂ ਇੱਕ ਹੋਰ ਪਰਿਭਾਸ਼ਾ ਚੰਦਰ-ਗੁਪਤ ਮੌਰੀਆ ਜੋ ਆਪਣੇ ਗੁਰੂ ਦੇ ਦੱਸੇ ਹੋਏ ਮਾਰਗ ਤੇ ਚੱਲਦਾ ਹੋਇਆ ਭਾਰਤ ਦਾ ਪਹਿਲਾਂ ਸੁਤੰਤਰ ਸਾਸ਼ਕ ਬਣਿਆ। ਉਹ ਆਪਣੇ ਗੁਰੂ ਚਾਣਕਿਆ ਦੇ ਇੱਕ ਇਸ਼ਾਰੇ ਤੇ ਕੁਛ ਵੀ ਕਰ ਗੁਜ਼ਰਨ ਲਈ ਤਿਆਰ ਰਹਿੰਦਾ ਸੀ। ਦੁਨੀਆਂ ਵਿੱਚ ਵਿਚਰਦਿਆ ਜਦੋਂ ਕੋਈ ਕਾਰਜ਼ ਪੂਰੀ ਨਿਸ਼ਠਾ ਤੇ ਸੱਚੀ ਭਾਵਨਾ ਨਾਲ਼ ਕੀਤਾ ਜਾਂਦਾ ਹੈ ਤਾਂ ਉਸ ਵਿੱਚ ਸਫ਼ਲਤਾ ਜ਼ਰੂਰ ਕਦਮ ਚੁੰਮਦੀ ਹੈ।


ਨੈਤਿਕਤਾ ਦੇ ਪ੍ਰਮੁੱਖ ਗੁਣਾਂ ਵਿੱਚ ਇਮਾਨਦਾਰੀ, ਸਬਰ, ਸੰਤੋਖ, ਸਦਾਚਾਰ, ਆਗਿਆਕਾਰ, ਪਰ-ਉਪਕਾਰੀ ਜਿਸ ਵਿਅਕਤੀ ਵਿੱਚ ਇਹ ਸਭ ਗੁਣ ਮੌਜੂਦ ਹੁੰਦੇ ਹਨ, ਉਹ ਸਹਿਜੇ ਹੀ ਆਪਣੀ ਮੰਜ਼ਲ ਭਾਵ ਮਿਥੇ ਹੋਏ ਟੀਚੇ ਨੂੰ ਪ੍ਰਾਪਤ ਕਰ ਲੈਂਦੇ ਹਨ।

ਨੈਤਿਕ ਅਤੇ ਅਨੈਤਿਕ ਗੁਣ ਕਿਸੇ ਵੀ ਵਿਅਕਤੀ ਦੇ ਜੀਵਨ ਦੇ ਨਾਲ-ਨਾਲ ਨਿਰੰਤਰ ਚੱਲਦੇ ਰਹਿੰਦੇ ਹਨ। ਘਰ-ਪਰਿਵਾਰ, ਸਮਾਜ ਅਤੇ ਸਕੂਲ ਇਸਦੇ ਪ੍ਰਮੁੱਖ ਅੰਗਾਂ ਵਿੱਚ ਆ ਜਾਂਦੇ ਹਨ, ਇੱਥੋਂ ਵਿਅਕਤੀ ਜੋ ਸਿੱਖਦਾ ਹੈ ਉਹੋ ਹੀ ਸਮਾਜ ਨੂੰ ਵੰਡਦਾ ਹੈ।

ਨੈਤਿਕ ਪੱਖ ਤੋਂ ਮਜ਼ਬੂਤ ਵਿਅਕਤੀ ਸਮਾਜ ਨੂੰ ਨਵੀਆਂ ਉਮੀਦਾਂ ਤੇ ਰੌਸ਼ਨੀਆਂ ਨਾਲ ਭਰ ਦਿੰਦਾ ਹੈ, ਜਿਵੇਂ ਸਮੁੰਦਰ ਦੀ ਡੂੰਘਾਈ ਨੂੰ ਮਾਪਣਾ ਮੁਸ਼ਕਿਲ ਹੈ ਸਿਰਫ਼' ਅੰਦਾਜਾ ਹੀ ਲਾਇਆ ਜਾ ਸਕਦਾ ਹੈ, ਉਸੇ ਤਰ੍ਹਾਂ ਨੈਤਿਕਤਾ ਦੇ ਪੱਧਰ ਨੂੰ ਪਰਿਭਾਸ਼ਤ ਕਰਨਾ ਗਹਿਰ - ਗੰਭੀਰ ਕੰਮ ਹੈ। ਕਿਸੇ ਵੀ ਵਿਅਕਤੀ ਦੇ ਨੈਤਿਕ ਪੱਧਰ ਦਾ ਮੁਲਾਂਕਣ ਉਸਦੇ ਚੱਜ-ਅਚਾਰ ਤੇ ਵਿਵਹਾਰ ਤੋਂ ਕੀਤਾ ਜਾਂਦਾ ਹੈ।

ਇੱਕ ਵਿਅਕਤੀ ਜਿਸ ਤਰ੍ਹਾਂ ਦਾ ਵਿਵਹਾਰ ਆਪਣੇ ਸਕੇ-ਸਬੰਧੀਆਂ ਨਾਲ ਕਰਦਾ ਹੈ, ਉਸ ਤੋਂ ਸਹਿਜੇ ਹੀ ਪਤਾ ਚੱਲ ਜਾਂਦਾ ਹੈ ਕਿ ਉਹ ਕਿਸ ਪੱਧਰ ਦੇ ਨੈਤਿਕ ਗੁਣਾਂ ਦਾ ਮਾਲਕ ਹੈ। ਮਨੋ-ਵਿਗਿਆਨੀਆਂ ਨੇ ਨੈਤਿਕਤਾ ਦਾ ਮੁਲਾਂਕਣ ਕਰਨ ਲਈ ਵੱਖ-ਵੱਖ ਵਿਧੀਆ ਉੱਪਰ ਕੰਮ ਕੀਤਾ ਹੈ, ਜਿਸ ਤੋਂ ਸਿੱਟਾ ਇਹ ਨਿਕਲਿਆ ਕੇ ਕੁੱਝ ਗੱਲਾਂ ਪੀੜੀ-ਦਰ ਪੀੜੀ ਮਨੁੱਖ ਦੇ ਜੀਨਸ਼ ਤੋਂ ਅੱਗੇ ਦੀ ਅੱਗੇ ਚੱਲਦੀਆਂ ਰਹਿੰਦੀਆ ਹਨ, ਕੁੱਝ ਦਾ ਵਿਕਾਸ ਮਨੁੱਖ ਦੇ ਵਿਅਕਤੀਗਤ ਵਿਕਾਸ ਉੱਪਰ ਨਿਰਭਰ ਕਰਦਾ ਹੈ।

ਅਖੀਰ ਵਿੱਚ ਮਨੁੱਖ ਦੇ ਨੈਤਿਕਤਾ ਤੋਂ ਇਹ ਹੀ ਪਰਿਭਾਸ਼ਤ ਕੀਤਾ ਜਾਂਦਾ ਹੈ ਕਿ ਮਨੁੱਖ ਦੇ ਵਿਵਹਾਰ ਨੂੰ ਵੱਖ-ਵੱਖ ਪਹਿਲੂ ਪ੍ਰਭਾਵਿਤ ਕਰਦੇ ਹਨ, ਜਿੰਨ੍ਹਾ ਨੂੰ ਪ੍ਰਭਾਸ਼ਿਤ ਕੀਤੇ ਬਿਨ੍ਹਾ ਨੈਤਿਕਤਾ ਦੀ ਪਰਿਭਾਸਾ ਦੇਣਾ ਅਸੰਭਵ ਹੈ, ਸੋ ਨੈਤਿਕ ਗੁਣਾਂ ਦੇ ਵਿਕਾਸ ਹੋਣ ਦੇ ਨਾਲ਼ ਹੀ ਘਰ, ਪਰਿਵਾਰ ਸਮਾਜ ਤੇ ਰਾਸ਼ਟਰ ਦੀ ਅਸਲੀ ਉੱਨਤੀ ਹੈ।



ਗੁਰਪ੍ਰੀਤ ਸਿੰਘ ਬੀੜ ਕਿਸ਼ਨ
ਪਿੰਡ ਬੀਜਾ, ਤਹਿ. ਖੰਨਾ,
ਜ਼ਿਲ੍ਹਾ-ਲੁਧਿਆਣਾ
ਮੋ. ਨੰ.: 99884-66885

# ਪਰਿਭਾਸ਼ਾ



ਮੈਂ ਉਸਨੂੰ
ਬਾਰ ਬਾਰ ਯਾਦ ਕਰਦਾ
ਉਸ ਨੂੰ ਪੁੱਛਦਾ
ਕਿਥੇ ਹੈਂ ਤੂੰ
ਖਾਣਾ ਖਾਧਾ ?
ਕੱਪੜੇ ਪਾਏ ਕਿਸ ਰੰਗ ਦੇ
ਬਿੰਦੀ ਲਾਈ ਕਿਸ ਰੰਗ ਦੀ

ਨਿੱਕੀ ਨਿੱਕੀ ਗੱਲ ਜਾਣਨੀ
ਚਾਹੁੰਦਾ ਮੈਂ
ਉਸਦੇ ਵਜੂਦ ਨਾਲ ਜੁੜੀ
ਹਰ ਵੇਲੇ ਉਸ ਦੇ ਕੋਲ ਰਹਿਣਾ
ਲੋਚਦਾ ਮੈਂ
ਪਰ
ਉਹ ਖਿਝ ਜਾਂਦੀ
ਗੁੱਸੇ ਹੁੰਦੀ
ਉਸਨੂੰ ਲੱਗਦਾ
ਕਿ ਮੈਂ ਜ਼ਿਆਦਾ ਹੀ
ਸਵਾਲ ਕਰਦਾ ਸਾਂ ਉਸਨੂੰ
ਇਹ ਉਸਦੀ ਵਿਅਕਤੀਗਤ
ਆਜ਼ਾਦੀ ਤੇ ਹਮਲਾ ਸੀ.....

ਹੌਲੀ ਹੌਲੀ ਸਮਝਿਆ ਮੈਂ
ਸਿੱਖ ਗਿਆ ਹੌਲੀ ਹੌਲੀ
ਬੇਲਾਗ ਹੋਣਾ
ਉਸ ਦੀ ਗੱਲ ਦਾ ਜਵਾਬ
ਓਨਾ ਕੁ ਦੇਣਾ
ਜਿੰਨੀ ਕੁ ਉਸ ਨੂੰ
ਜ਼ਰੂਰਤ ਹੁੰਦੀ
ਓਨਾ ਕੁ ਸਵਾਲ ਉਸਨੂੰ ਕਰਨਾ
ਜਿੰਨਾ ਕੁ ਉਸਨੂੰ
ਬੁਰਾ ਨਾ ਲੱਗੇ

ਹੁਣ ਬਹੁਤ ਖੁਸ਼ ਹੈ ਉਹ
ਮੈਨੂੰ ਆਖਦੀ-
ਤੈਨੂੰ ਪਿਆਰ ਦੀ ਅਸਲੀ ਪਰਿਭਾਸ਼ਾ
ਹੁਣ ਸਮਝ ਆਈ ਹੈ....।

ਅਮਰਜੀਤ ਕੌਂਕੇ

# ਪਾਗਲ ਕੌਣ...?

ਗੱਲ ਉਹਨਾਂ ਸਮਿਆਂ ਦੀ ਹੈ ਜਦੋਂ ਆਉਣ ਜਾਣ ਲਈ ਅੱਜਕੱਲ੍ਹ ਦੇ ਵਾਂਗ ਨਾ ਤਾਂ ਬਹੁਤੇ ਸਾਧਨ ਹੀ ਸੀ ਤੇ ਨਾ ਹੀ ਲੋਕਾਂ ਕੋਲ ਬਹੁਤਾ ਪੈਸਾ ਟਕਾ ਹੁੰਦਾ ਸੀ। ਦੋ ਮਹੀਨੇ ਪਹਿਲਾਂ ਹੀ ਮੰਗਤ ਰਾਮ ਦਾ ਵਿਆਹ ਰਾਜ ਰਾਣੀ ਨਾਲ ਹੋਇਆਂ ਸੀ। ਉਸਨੂੰ ਦਹੇਜ਼ ਦੇ ਵਿੱਚ ਇੱਕ ਰੇਡੀਓ ਤੇ ਸਾਇਕਲ ਮਿਲਿਆ ਸੀ। ਉਸ ਸਮੇਂ ਦਾ ਸਾਇਕਲ ਅੱਜ ਦੀ ਕਾਰ ਤੋਂ ਘੱਟ ਨਹੀਂ ਸੀ। ਹੁਣ ਮੰਗਤ ਰਾਮ ਨੇ ਕਿਤੇ ਵੀ ਜਾਣਾ ਹੁੰਦਾ ਆਪਣੇ ਸਾਇਕਲ ਉੱਤੇ ਹੀ ਜਾਂਦਾ। ਅੱਜ ਮੰਗਤ ਰਾਮ ਨੇ ਆਪਣੀ ਪਤਨੀ ਦੇ ਨਾਲ ਆਪਣੇ ਸਹੁਰੀ ਜਾਣਾ ਸੀ। ਉਸਨੇ ਸਵੇਰੇ ਹੀ ਸਾਇਕਲ ਦੀ ਹਵਾ ਚੈੱਕ ਕੀਤੀ ਤੇ ਫੇਰ ਕੱਪੜਾ ਮਾਰ ਕੇ ਸਾਇਕਲ ਨੂੰ ਚਮਕਾ ਲਿਆ। ਰਸਤੇ ਵਿੱਚ ਦੋਵੇਂ ਪਤੀ-ਪਤਨੀ ਗੱਲਾਂ ਕਰਦੇ ਜਾ ਰਹੇ ਸਨ।

"ਮੈ ਕਿਹਾ ਜੀ ਇੱਕ ਗੱਲ ਪੁੱਛਾਂ।"

"ਇੱਕ ਕਿਉ ਕਿੰਨੀਆਂ ਮਰਜ਼ੀ ਪੁੱਛ।"

"ਤੁਹਾਡੇ ਮੇਰੇ ਬਿਨਾਂ ਇਕੱਲੇ ਦਿਲ ਲੱਗ ਜਾਵੇਗਾ।"

"ਯਾਰ ਮੇਰਾ ਪਹਿਲਾਂ ਹੀ ਦਿਲ ਤੈਨੂੰ ਛੱਡ ਕੇ ਆਉਣ ਨੂੰ ਨਹੀਂ ਕਰਦਾ ਤੇ ਉਤੋਂ ਤੂੰ ਗੱਲਾਂ ਵੀ ਇਹੋਂ ਜੇਹੀਆਂ ਕਰ ਰਹੀ ਹੈ।"

"ਚਲੋ ਇਹ ਦੱਸੋਂ ਕਿ ਤੁਸੀਂ ਮੈਨੂੰ ਲੈਣ ਕਿੰਨੇ ਦਿਨਾਂ ਬਾਅਦ ਆਵੋਂਗੇ।"

"ਅਗਲੇ ਹਫ਼ਤੇ ਆਇਆਂ ਲੈ, ਬਸ ਤੂੰ ਐਵੇਂ ਡਰਾਮਾ ਜਿਹਾ ਨਾ ਕਰੀਂ।"

"ਲਉ ਜੀ ਮੈਂ ਭਲਾ ਕੀ ਡਰਾਮਾ ਕਰਨਾ, ਮੈਂ ਤਾਂ ਤੁਹਾਨੂੰ ਤਿਆਰ ਹੀ ਮਿਲਣਾ ਹੈ।" ਉਹ ਗੱਲਾਂ ਕਰਦੇ ਕਰਦੇ ਕਦੋਂ ਸਹੁਰੇ ਪਿੰਡ ਪਹੁੰਚ ਗਿਆ ਪਤਾ ਹੀ ਨਹੀਂ ਲੱਗਿਆਂ।

"ਚੰਗਾ ਜੀ ਫ਼ੇਰ ਰਾਜ ਮੈਂ ਚੱਲਦਾ ਹਾਂ।" ਦੁਪਿਹਰ ਵੇਲੇ ਵਾਪਸ ਆਉਣ ਲੱਗੇ ਮੰਗਤ ਰਾਮ ਨੇ ਇਜਾਜ਼ਤ ਲਈ ਤੇ ਆਪਣੇ ਪਿੰਡ ਵੱਲ ਚੱਲ ਪਿਆ। ਰਾਜ ਰਾਣੀ ਨੂੰ ਪੇਕੇ ਛੱਡ ਕੇ ਆਏ ਮੰਗਤ ਰਾਮ ਨੂੰ ਇੱਕ ਹਫਤਾ ਤਾਂ ਕੀ ਦੋ ਮਹੀਨੇ ਬੀਤ ਗਏ ਪਰ ਉਹ ਉਸਨੂੰ ਵਾਪਸ ਲੈਣ ਲਈ ਨਹੀਂ ਗਿਆ। ਰਾਜ ਰਾਣੀ ਦੇ ਪਿੰਡ ਵਿੱਚ ਵੀ ਗੱਲਾਂ ਹੋਣ ਲੱਗ ਪਈਆਂ, ਕੋਈ ਰਾਜ ਰਾਣੀ ਨੂੰ ਮਾੜਾ ਆਖ ਰਿਹਾ ਸੀ ਤੇ ਕੋਈ ਉਸਦੇ ਸਹੁਰਿਆਂ ਨੂੰ ਪਰ ਵਿੱਚ ਅਸਲ ਗੱਲ ਕੀ ਸੀ ਪਤਾ ਨਹੀਂ ਲੱਗ ਰਹੀ ਸੀ। ਉਸਦੇ ਮਾਪਿਆਂ ਨੇ ਉਸ ਨੂੰ ਵੀ ਪੁੱਛਿਆ ਪਰ ਕੋਈ ਵੀ ਸੰਤੁਸ਼ਟੀ ਪੂਰਨ ਜਵਾਬ ਨਹੀਂ ਸੀ।



ਅੰਤ ਨੂੰ ਹਾਰ ਕੇ ਉਹ ਪਿੰਡ ਦੀ ਪੰਚਾਇਤ ਨੂੰ ਨਾਲ ਲੈ ਕੇ ਮੰਗਤ ਰਾਮ ਦੇ ਘਰ ਪਹੁੰਚ ਗਏ।

"ਕਾਕਾ ਸਾਡੀ ਕੁੜੀ ਕੋਲੋਂ ਕੋਈ ਗਲਤੀ ਹੋਈ ਹੈ ਤਾਂ ਦੱਸ ਪਰ ਬਿਨਾਂ ਕਿਸੇ ਗੱਲ ਦੇ ਇਹ ਸਭ ਠੀਕ ਨਹੀਂ ਲੱਗਦਾ।"

"ਠੀਕ ਨਹੀਂ ਲੱਗਦਾ ਕੀ ਠੀਕ ਨਹੀਂ ਲੱਗਦਾ,ਤੁਸੀਂ ਸਾਇਕਲ ਤੇ ਰੇਡੀਓ ਦਾ ਲਾਲਚ ਦੇ ਕੇ ਆਪਣੀ ਪਾਗਲ ਕੁੜੀ ਸਾਡੇ ਪੱਲ੍ਹੇ ਬਣ ਦਿੱਤੀ ਹੈ ਜੀ।" ਮੰਗਤ ਰਾਮ ਦੇ ਪਿਤਾ ਨੇ ਜਵਾਬ ਦਿੱਤਾ।

"ਪਾਗਲ.... ਚੌਧਰੀ ਸਾਹਿਬ ਤੁਸੀਂ ਇਹ ਕੀ ਬੋਲ ਰਹੇ ਹੋ।"

"ਪੁੱਛ ਤਾਂ ਇੰਝ ਰਹੇ ਹੋ ਜਿਵੇਂ ਤੁਸੀਂ ਤਾਂ ਕੁਝ ਜਾਣਦੇ ਹੀ ਨਹੀਂ ਹੋ।"

"ਚੌਧਰੀ ਸਾਹਿਬ ਸੱਚਮੁੱਚ ਅਸੀਂ ਕੁਝ ਵੀ ਨਹੀਂ ਜਾਣਦੇ ਤੁਸੀਂ ਆਪ ਹੀ ਦੱਸ ਦਿਉਂਗੇ।"

"ਮੰਗਤ ਦੱਸ ਪੁੱਤਰ ਸਾਰੀ ਗੱਲ ਦੱਸ ਜਿਹੜੀ ਰਸਤੇ ਵਿੱਚ ਹੋਈ ਹੈ।"

"ਹਾਂ ਜੀ ਭਾਪਾ ਜੀ ਹਾਂ ਜੀ ਹੁਣੇ ਦੱਸਦਾ ਹਾਂ ਜੀ।"

"ਹਾਂ ਹਾਂ ਕਾਕਾ ਦੱਸ ਸਾਨੂੰ ਵੀ ਤਾਂ ਪਤਾ ਚੱਲੇ ਆਖਿਰ ਗੱਲ ਕੀ ਹੈ।" ਵਿੱਚੋਂ ਇੱਕ ਬਜ਼ੁਰਗ ਬੋਲਿਆਂ।

"ਰਸਤੇ ਵਿੱਚ ਉਸਨੇ ਮੈਨੂੰ ਤਿੰਨ ਸਵਾਲ ਪੁੱਛੇ ਜਿੰਨਾ ਤੋਂ ਸਾਬਿਤ ਹੋ ਗਿਆ ਕਿ ਰਾਜ ਪੂਰੀ ਤਰ੍ਹਾਂ ਪਾਗਲ ਹੈ। ਜਦੋਂ ਮੈਂ ਤੁਹਾਨੂੰ ਦੱਸੇ ਤਾਂ ਤੁਸੀਂ ਆਪ ਹੀ ਮੰਨ ਲੈਣਾ ਹੈ ਕਿ ਤੁਸੀਂ ਸਾਡੇ ਨਾਲ ਧੋਖਾ ਕੀਤਾ ਹੈ।"

"ਕਾਕਾ ਪਹਿਲਾਂ ਸਵਾਲ ਤਾਂ ਦੱਸ।"

"ਬਾਹਲੇ ਕਾਹਲੇ ਹੋ ਤਾਂ ਸੁਣੋ। ਇੱਕ ਖੇਤ ਵਿੱਚ ਕਿਸਾਨ ਆਪਣੇ ਖੇਤ ਵਿੱਚ ਕੰਮ ਕਰ ਰਿਹਾ ਸੀ ਤੇ ਨਾਲ ਨਾਲ ਉਹ ਇੱਕ ਬੰਦੇ ਨਾਲ ਗੱਲਾਂ ਕਰ ਰਿਹਾ ਸੀ। ਰਾਜ ਦਾ ਸਵਾਲ ਸੀ ਕਿ ਇਹ ਮਰਦ ਹੈ ਕਿ ਔਰਤ, ਥੋੜ੍ਹੀ ਦੂਰ ਅੱਗੇ ਗਏ ਤਾਂ ਲੋਕ ਆਪਣੀ ਪੱਕੀ ਫ਼ਸਲ ਕੱਟ ਰਹੇ ਸਨ।

ਰਾਜ ਨੇ ਮੈਨੂੰ ਪੁੱਛਿਆ ਇਹਨਾਂ ਨੇ ਫ਼ਸਲ ਬਚਾ ਲਈ ਹੈ ਜਾਂ ਖਾਹ ਲਈ, ਹੋਰ ਅੱਗੇ ਗਏ ਤਾਂ ਇੱਕ ਅਰਥੀ ਆ ਰਹੀ ਸੀ ਤੇ ਇਸਦਾ ਸਵਾਲ ਸੀ ਕਿ ਇਹ ਬੰਦਾ ਮਰ ਗਿਆ ਹੈ ਜਾਂ ਜਿਉਂਦਾ ਹੈ। ਹੁਣ ਤੁਸੀਂ ਹੀ ਦੱਸੋਂ ਇਹ ਕੋਈ ਸਿਆਣਾ ਬੰਦਾ ਸਵਾਲ ਪੁੱਛ ਸਕਦਾ ਹੈ। ਜਦੋਂ ਸਾਨੂੰ ਦਿੱਖ ਹੀ ਰਿਹਾ ਹੈ ਕਿ ਪਹਿਲਾਂ ਕੰਮ ਕਰਨ ਵਾਲਾ ਬੰਦਾ ਹੈ, ਦੂਜਾ ਜਿਹੜੇ ਫ਼ਸਲ ਕੱਟ ਰਹੇ ਹਨ ਉਹ ਖਾਹ ਕਿਵੇਂ ਗਏ ਹੋਣਗੇ ਤੇ ਤੀਜਾ ਅਰਥੀ ਵਿੱਚ ਜਿਉਂਦਾ ਬੰਦਾ ਕਿਵੇਂ ਹੋ ਸਕਦਾ ਹੈ।"

"ਕਾਕਾ ਸਾਡੀ ਕੁੜੀ ਤਾਂ ਬਹੁਤ ਹੀ ਸਿਆਣੀ ਹੈ ਪਰ ਸਾਨੂੰ ਇਹ ਨਹੀਂ ਪਤਾ ਸੀ ਕਿ ਅਸੀਂ ਆਪਣੀ ਕੁੜੀ ਇੱਕ ਪਾਗਲ ਦੇ ਨਾਲ ਵਿਆਹ ਰਹੇ ਹਾਂ।"

"ਚੌਧਰੀ ਸਾਹਿਬ ਤੁਸੀਂ ਵੀ ਕਮਾਲ ਕਰੀਂ ਜਾ ਰਹੇ ਹੋ। ਗੱਲਾਂ ਪਾਗਲਾਂ ਵਾਲੀਆਂ ਤੁਹਾਡੀ ਕੁੜੀ ਕਰਦੀ ਹੈ ਤੇ ਹਾਲੇ ਵੀ ਪਾਗਲ ਮੇਰਾ ਮੁੰਡਾ ਹੈ।"

"ਤਾਂ ਸੁਣੋ ਫੇਰ ਪਹਿਲਾਂ ਸਵਾਲ ਦਾ ਉੱਤਰ ਉਸਨੇ ਪੁੱਛਿਆ ਇਹ ਮਰਦ ਹੈ ਕਿ ਔਰਤ, ਕਿਉਂਕਿ ਮਰਦ ਕੰਮ ਕਰਦੇ ਸਮੇਂ ਕਦੇ ਵੀ ਕਿਸੇ ਨਾਲ ਗੱਲਾਂ ਨਹੀਂ ਕਰਦੇ ਜਦੋਂ ਕਿ ਔਰਤਾਂ ਗੱਲਾਂ ਤੋਂ ਬਿਨਾਂ ਕੰਮ ਨਹੀਂ ਕਰਦੀਆਂ। ਦੂਜਾ ਸਵਾਲ ਸੀ ਕਿ ਬਚਾਈ ਹੈ ਜਾਂ ਖਾਹ ਲਈ। ਜੇਕਰ ਉਨ੍ਹਾਂ ਨੇ ਪਹਿਲਾਂ ਹੀ ਕਰਜ਼ਾ ਚੁੱਕਿਆ ਹੋਇਆਂ ਤਾਂ ਵੱਢਣ ਤੋਂ ਪਹਿਲਾਂ ਹੀ ਫ਼ਸਲ ਖਾਹ ਲਈ ਹੈ ਜੇਕਰ ਸਰਫੇ ਨਾਲ ਚੱਲੇ ਹੋਏ ਤਾਂ ਬਚਾ ਲਈ ਹੈ। ਤੀਸਰਾ ਸਵਾਲ ਅਰਥੀ ਵਾਲਾ ਬੰਦਾ ਮਰਿਆ ਹੈ ਜਾਂ ਜਿਉਂਦਾ। ਜੇਕਰ ਕਿਸੇ ਜਵਾਨ ਦੀ ਅਰਥੀ ਹੈ ਤਾਂ ਉਹ ਮਰ ਗਿਆ ਹੈ ਕਿਉਂਕਿ ਉਸਦਾ ਨਾਂ ਲੈਣ ਵਾਲਾ ਕੋਈ ਨਹੀਂ ਹੋਵੇਗਾ ਪਰ ਜੇਕਰ ਕਿਸੇ ਬਜ਼ੁਰਗ ਦੀ ਅਰਥੀ ਹੈ ਤਾਂ ਉਹ ਆਪਣੇ ਪੁੱਤਰਾਂ ਪੋਤਰਿਆਂ ਦੇ ਰਾਹੀਂ ਜਿਉਂਦਾ ਹੀ ਰਹੇਗਾ। ਹੁਣ ਤੁਸੀਂ ਦੱਸੋਂ ਪਾਗਲ ਕੌਣ ਹੈ। ਸਾਡੀ ਧੀ ਜਾਂ ਤੁਹਾਡਾ ਮੁੰਡਾ।"

ਉਹਨਾਂ ਨੂੰ ਕੋਈ ਜਵਾਬ ਸਮਝ ਨਹੀਂ ਆ ਰਿਹਾ ਸੀ। ਮੰਗਤ ਰਾਮ ਨੇ ਮੁਆਫ਼ੀ ਮੰਗੀ ਤੇ ਰਾਜ ਨੂੰ ਵਾਪਸ ਲੈ ਆਇਆਂ।

ਸੰਦੀਪ ਦਿਉੜਾ, 84375-56667

ਪੰਜਾਬ ਸਟਾਰ
www.punjabstar.com

# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 2025

## ਜਰਖੜ ਅਕੈਡਮੀ ਦੋਹਾਂ ਵਰਗਾ 'ਚ ਬਣੀ ਚੈਂਪੀਅਨ

* ਪਵਨਪ੍ਰੀਤ ਅਤੇ ਗੁਰਮਾਨਵਦੀਪ ਚਾਹਿਲ ਬਣੇ "ਹੀਰੋ ਆਫ਼ ਦਾ ਟੂਰਨਾਮੈਂਟ"



ਲੁਧਿਆਣਾ : ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵਲੋਂ ਵੱਲੋਂ ਕਰਵਾਏ ਗਏ 15ਵੇਂ ਡਾਬਰ ਉਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ 9ਵੇਂ ਦਿਨ ਖੇਡੇ ਗਏ ਫਾਈਨਲ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ ਨੇ ਸੀਨੀਅਰ ਅਤੇ ਜੂਨੀਅਰ ਵਰਗਾਂ ਦੇ ਜੇਤੂ ਖਤਾਬ ਆਪਣੇ ਨਾਮ ਕੀਤੇ। ਜਦਕਿ ਜਰਖੜ ਹਾਕੀ ਅਕੈਡਮੀ ਦਾ ਸਟਾਰ ਖਿਡਾਰੀ ਪਵਨਪ੍ਰੀਤ ਸਿੰਘ ਡੰਗੋਰਾ ਅਤੇ ਮਾਨਵਦੀਪ " ਡਾਬਰ ਹੀਰੋ ਆਫ ਦਾ ਮੈਚ " ਬਣਨ ਦਾ ਮਾਣ ਹਾਸਲ ਕੀਤਾ।

ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਵਿੱਚ ਨੀਲੇ ਰੰਗ ਦੀ ਐਸਟ੍ਰੋਟਰਫ ਉਪਰ ਫ਼ਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਫਾਈਨਲ ਮੁਕਾਬਲਿਆਂ ਵਿੱਚ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਨੀਟਾ ਕਲੱਬ ਰਾਮਪੁਰ ਨੂੰ ਦਿਲ ਦੀਆਂ ਧੜਕਣਾ ਰੋਕ ਕੇ ਦੇਖਣ ਵਾਲੇ ਸੰਘਰਸ਼ਪੂਰਨ ਮੈਚ ਵਿੱਚ 5–3 ਗੋਲਾਂ ਨਾਲ ਹਰਾਕੇ ਉਲੰਪੀਅਨ ਪ੍ਰਿਥੀਪਾਲ ਸਿੰਘ ਗੋਲਡ ਕੱਪ ਹਾਕੀ ਟਰਾਫੀ ਅਤੇ ਲਗਭਗ 81 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਵਾਲਾ ਇਨਾਮ ਜਿੱਤਿਆ। ਇਸਤੋਂ ਪਹਿਲਾ ਪਿਛਲੇ ਸਾਲ ਦੀ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਮੋਗਾ ਕਲੱਬ ਨੇ ਕਿਲ੍ਹਾ ਰਾਏਪੁਰ ਨੂੰ 6–3 ਨਾਲ ਹਰਾਕੇ ਤੀਸਰਾ ਸਥਾਨ ਹਾਸਲ ਕੀਤਾ। ਜਰਖੜ ਅਕੈਡਮੀ ਦਾ ਗੁਰਿੰਦਰ ਸਿੰਘ ਗੁਰੀ " ਡਾਬਰ ਹੀਰੋ ਆਫ ਦਾ ਮੈਚ" ਬਣਿਆ, ਅਤੇ ਰਾਮਪੁਰ ਦਾ ਜਗਜੀਤ ਸਿੰਘ " ਡਾਬਰ ਹੀਰੋ ਆਫ ਦਾ ਮੈਚ" ਬਣਿਆ। ਅੰਤਰਰਾਸ਼ਟਰੀ ਹਾਕੀ ਸਟਾਰ ਖਿਡਾਰੀ ਹਰਜੋਤ ਸਿੰਘ ਜੋਤੀ ਟੂਰਨਾਮੈਂਟ ਦਾ "ਸਰਵੋਤਮ ਗੋਲਕੀਪਰ " ਬਣਿਆ ਜਦਕਿ ਰਾਮਪੁਰ ਦਾ ਮਿਲਖਾ ਸਿੰਘ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਅਤੇ ਪਵਨਪ੍ਰੀਤ ਸਿੰਘ ਡੰਗੋਰਾ " ਡਾਬਰ ਹੀਰੋ ਆਫ ਦਾ ਮੈਚ ਬਣਿਆ। ਕਿਲ੍ਹਾ ਰਾਇਪੁਰ ਦਾ ਜਗਜੀਤ ਸਿੰਘ ਜੱਗੀ 40 ਤੋਂ ਉਪਰ ਦਾ ਸਰਵੋਤਮ ਖਿਡਾਰੀ ਬਣਿਆ। ਸਾਲ ਸਾਰੇ ਖਿਡਾਰੀਆਂ ਨੂੰ ਵਧੀਆ ਕੁਆਲਟੀ ਦੇ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।

ਜੂਨੀਅਰ ਵਰਗ ਦੇ ਫਾਈਨਲ ਚ ਜਰਖੜ ਹਾਕੀ ਅਕੈਡਮੀ ਨੇ ਕਿਲਾ ਰਾਏਪੁਰ ਹਾਕੀ ਸੈਂਟਰ ਨੂੰ ਬਹੁਤ ਹੀ ਰੋਮਾਂਚਕ ਅਤੇ ਕਰੜੇ ਸੰਘਰਸ਼ ਬਾਅਦ 1–0 ਗੋਲਾਂ ਨਾਲ ਹਰਾਕੇ ਕੇ ਪਹਿਲੀ ਵਾਰ ਜੂਨੀਅਰ ਖਿਤਾਬ ਜਿੱਤਣ ਦਾ ਮਾਣ ਹਾਸਿਲ ਕੀਤਾ। ਇਸ ਤੋਂ ਪਹਿਲਾਂ ਨਨਕਾਣਾ ਸਾਹਿਬ ਪਬਲਿਕ ਸਕੂਲ ਅਮਰਗੜ੍ਹ ਨੇ ਏਕ ਨੂਰ ਅਕੈਡਮੀ ਤੇਹਿੰਗ ਨੂੰ 4–3 ਹਰਾਇਆ। ਜਰਖੜ ਹਾਕੀ ਅਕੈਡਮੀ ਦਾ ਗੋਲਕੀਪਰ ਦਿਲਪ੍ਰੀਤ ਸਿੰਘ ਡਾਬਰ ਹੀਰੋ ਆਫ ਦਾ ਮੈਚ ਬਣਿਆ। ਕਿਲਾ ਰਾਏਪੁਰ ਸਕੂਲ ਦਾ ਰਾਜਵੀਰ ਸਿੰਘ ਟੂਰਨਾਂਮੈਂਟ ਦਾ ਸਰਵੋਤਮ ਖਿਡਾਰੀ ਬਣਿਆ। ਗੁਰਮਾਨਵਦੀਪ ਸਿੰਘ ਚਾਹਲ ਹੀਰੋ ਆਫ ਦਾ ਟੂਰਨਾਮੈਂਟ ਬਣਿਆ। ਸਾਰੇ ਖਿਡਾਰੀਆਂ ਨੂੰ ਸਾਈਕਲ ਦੇ ਕੇ ਸਨਮਾਨਿਤ ਕੀਤਾ ਗਿਆ।

ਅੱਜ ਟੂਰਨਾਮੈਂਟ ਦੇ ਫਾਈਨਲ ਸਮਾਰੋਹ ਦੇ ਉੱਤੇ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਵੱਖ-ਵੱਖ ਗੀਤਾਂ ਤੇ ਆਪਣੀ ਕੋਰੀਓਗਰਾਫੀ ਰਾਹੀਂ ਡਾਂਸ ਕਰਕੇ ਦਰਸ਼ਕਾਂ ਦਾ ਮਨ ਮੋਹਿਆ। ਅੱਜ ਡਾਬਰ ਕੰਪਨੀ ਨੇ ਸਮੂਹ ਖਿਡਾਰੀਆ ਅਤੇ ਦਰਸ਼ਕਾਂ ਲਈ ਵੱਡੇ ਪੱਧਰ ਤੇ ਰਫੇਸ਼ਮੇਂਟ ਵੰਡੀ ਗਈ। ਅੱਜ ਫਾਈਨਲ ਮੈਚ ਤੇ ਮੁਹੰਮਦ ਜਮੀਲ ਉਰ ਰਹਿਮਾਨ ਵਿਧਾਇਕ ਮਲੇਰਕੋਟਲਾ ਨੇ ਮੁੱਖ ਮਹਿਮਾਨ ਵਜੋਂ ਵੱਖ ਵੱਖ ਟੀਮਾਂ ਨਾਲ ਜਾਣ ਪਹਿਚਾਣ ਕਰਦਿਆ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਉਂਦਿਆ ਜਰਖੜ ਸਟੇਡੀਅਮ ਦੇ ਢਾਂਚੇ ਅਤੇ ਅਤੇ ਹਾਕੀ ਅਕੈਡਮੀ ਦੇ ਕਾਰਜਾਂ ਦੀ ਸਲਾਘਾ ਕੀਤੀ। ਇਸ ਮੌਕੇ ਅਮਰੀਕਾ ਤੋਂ ਉਚੇਚੇ ਤੌਰ ਤੇ ਜੇਐਸਟੀ ਟਰੱਕਿੰਗ ਕੰਪਨੀ ਦੇ ਮਾਲਕ ਜੰਗਸ਼ੇਰ ਸਿੰਘ ਨੇ ਮੁੱਖ ਮਹਿਮਾਨ ਵਜੋਂ ਹਾਜਰੀ ਭਰਦਿਆ ਜਰਖੜ ਹਾਕੀ ਨੂੰ 1 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਪਬਲਿਕ ਰਿਲੇਸ਼ਨ ਦੇ ਡਿਪਟੀ ਡਾਇਰੈਕਟਰ ਪ੍ਰਭਦੀਪ ਸਿੰਘ ਨੱਥੋਵਾਲ, ਹਰਦੀਪ ਸਿੰਘ ਸੈਣੀ ਅੰਤਰਰਾਸ਼ਟਰੀ ਵੇਟ ਲਿਫਟਰ, ਹਰਬੰਸ ਸਿੰਘ ਸੈਣੀ, ਅਮਰੀਕ ਸਿੰਘ ਮਿਨਹਾਸ ਸਾਬਕਾ ਏਆਈਜੀ ਪੰਜਾਬ ਪੁਲਿਸ, ਸੁਖਵਿੰਦਰ ਸਿੰਘ ਫੌਜੀ, ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਕੁਲਦੀਪਟ ਸਿੰਘ ਘਵੱਦੀ, ਸਰਪੰਚ ਸੰਦੀਪ ਸਿੰਘ ਜਰਖੜ, ਕੁਲਦੀਪ ਸਿੰਘ ਘਵੱਦੀ, ਬਾਬਾ ਰੁਲਦਾ ਸਿੰਘ ਸਾਇਆ ਕਲਾ, ਦਲਬੀਰ ਸਿੰਘ ਜਰਖੜ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਵਿੰਦਰ ਸਿੰਘ ਗਰੇਵਾਲ ਕਿਲ੍ਹਾ ਰਾਏਪੁਰ, ਪਰਮਜੀਤ ਸਿੰਘ ਪੰਮੀ ਨਾਰੰਗਵਾਲ, ਤਜਿੰਦਰ ਸਿੰਘ ਜਰਖੜ, ਸਰਪੰਚ ਬਾਬੂ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਅੰਤ ਵਿੱਚ ਜਗਰੂਪ ਸਿੰਘ ਜਰਖੜ ਨੇ ਅਗਲੇ ਵਰੇ ਫਿਰ ਮਿਲਣ ਦੇ ਵਾਅਦੇ ਦੀ ਫਤਿਹ ਨਾਲ ਟੂਰਨਾਮੈਂਟ ਦੀ ਸਮਾਪਤੀ ਦਾ ਐਲਾਨ ਕੀਤਾ।

ਦਲਬੀਰ ਸਿੰਘ ਜਰਖੜ
ਖੇਡ ਲੇਖ਼ਕ
98141-66405

# ਸ਼੍ਰੇਅਸ ਅਈਅਰ

## ਨੂੰ ਮਿਲ ਸਕਦੀ ਹੈ ਟੀਮ ਇੰਡੀਆ ਕਪਤਾਨੀ !




ਕ੍ਰਿਕਟ ਜਗਤ ਨਾਲ ਜੁੜੀ ਵੱਡੀ ਖਬਰ ਸਾਹਮਣੇ ਆ ਰਹੀ ਹੈ। ਸ਼੍ਰੇਅਸ ਅਈਅਰ ਦੀ ਕਪਾਤਨ ਵਿਚ ਪੰਜਾਬ ਕਿੰਗਸ ਨੇ ਇੰਡੀਅਨ ਪ੍ਰੀਮੀਅਰ ਲੀਗ ਵਿਚ ਫਾਈਨਲ ਤੱਕ ਦਾ ਸਫਰ ਤੈਅ ਕੀਤਾ ਸੀ। ਹਾਲਾਂਕਿ ਫਾਈਨਲ ਵਿਚ ਪੰਜਾਬ ਕਿੰਗਸ ਨੂੰ ਰਾਇਲ ਚੈਲੇਂਜਰਸ ਬੇਂਗਲੁਰੂ ਦੇ ਹੱਥੋਂ 6 ਦੌੜਾਂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਪਰ ਸ਼੍ਰੇਅਸ ਨੇ ਜੋ ਖੇਡ ਦਿਖਾਇਆ ਉਸ ਦੀ ਜਿੰਨੀ ਤਾਰੀਫ ਕੀਤੀ ਜਾਵੇ, ਉਹ ਘੱਟ ਹੈ। ਸ਼੍ਰੇਅਸ ਅਈਅਰ ਦੇ ਬੱਲੇ ਨੇ ਵੀ ਕਮਾਲ ਕੀਤਾ। ਸ਼੍ਰੇਅਸ ਨੇ IPL 2025 ਵਿਚ ਕੁੱਲ 17 ਮੈਚਾਂ ਵਿਚ 50.33 ਦੀ ਔਸਤ ਨਾਲ 604 ਦੌੜਾਂ ਬਣਾਈਆਂ। ਇਸ ਦੌਰਾਨ ਉਨ੍ਹਾਂ ਦੇ ਬੱਲੇ ਤੋਂ 6 ਅਰਧ ਸੈਂਕੜੇ ਨਿਕਲੇ। ਸ਼੍ਰੇਅਸ ਅਈਅਰ ਅਜਿਹੇ ਪਹਿਲੇ ਕਪਾਤਨ ਬਣੇ ਜਿਨ੍ਹਾਂ ਨੇ ਆਪਣੀ ਕਪਤਾਨੀ ਵਿਚ ਤਿੰਨ ਵੱਖ-ਵੱਖ ਟੀਮਾਂ ਨੂੰ IPL ਫਾਈਨਲ ਵਿਚ ਪਹੁੰਚਾਇਆ। ਸ਼੍ਰੇਅਸ ਨੇ ਆਪਣੀ ਕਪਤਾਨੀ ਵਿਚ ਪੰਜਾਬ ਕਿੰਗਸ ਤੋਂ ਪਹਿਲਾਂ ਕੋਲਕਾਤਾ ਨਾਈਟ ਰਾਈਡਰਸ ਤੇ ਦਿੱਲੀ ਕੈਪੀਟਲਸ ਨੂੰ ਵੀ ਫਆਈਨਲ ਵਿਚ ਐਂਟਰੀ ਕਰਾਈ ਸੀ। ਕੇਕੇਆਰ ਨੂੰ ਤਾਂ ਉਨ੍ਹਾਂ ਨੇ ਸਾਲ 2024 ਵਿਚ ਚੈਂਪੀਅਨ ਵੀ ਬਣਾਇਆ ਸੀ। ਇੰਡੀਅਨ ਪ੍ਰੀਮੀਅਰ ਲੀਗ ਦੇ ਹਾਲੀਆ ਸੀਜਨ ਵਿਚ ਸ਼ਾਨਦਾਰ ਪ੍ਰਦਰਸ਼ਨ ਦੇ ਬਾਅਦ ਹੁਣ ਸ਼੍ਰੇਅਸ ਅਈਅਰ ਦੀ ਟੀ–20 ਟੀਮ ਵਿਚ ਵਾਪਸੀ ਹੋ ਸਕਦੀ ਹੈ। ਸ਼੍ਰੇਅਸ ਨੇ ਦਸੰਬਰ 2023 ਦੇ ਬਾਅਦ ਤੋਂ ਭਾਰਤੀ ਟੀਮ ਲਈ ਕੋਈ ਟੀ–20 ਮੁਕਾਬਲਾ ਨਹੀਂ ਖੇਡਿਆ ਹੈ ਪਰ ਹੁਣ ਇਹ ਬਦਲਣ ਵਾਲਾ ਹੈ। ਰਿਪੋਰਟ ਮੁਤਾਬਕ ਸ਼੍ਰੇਅਸ ਅਈਅਰ ਟੀ–20 ਵਰਲਡ ਕੱਪ 2026 ਦੇ ਮੱਦੇਨਜ਼ਰ ਭਾਰਤੀ ਟੀ–20 ਸੈਟਅੱਪ ਵਿਚ ਵਾਪਸੀ ਕਰ ਸਕਦੇ ਹਨ। ਬੀਸੀਸੀਆਈ ਦੇ ਇਕ ਸੂਤਰ ਨੇ ਦੱਸਿਆ ਕਿ ਸ਼੍ਰੇਅਸ ਸਿਰਫ ਵਨਡੇ ਖੇਡਦੇ ਹਨ ਪਰ ਇਸ ਫਿਲ ਦੇ ਬਾਅਦ ਅਸੀਂ ਉਨ੍ਹਾਂ ਨੂੰ ਟੀ–20 ਇੰਟਰਨੈਸ਼ਨਲ ਤੇ ਇਥੋਂ ਤੱਕ ਕਿ ਟੈਸਟ ਮੈਚਾਂ ਤੋਂ ਵੀ ਬਾਹਰ ਨਹੀਂ ਰੱਖ ਸਕਦੇ। ਸ਼੍ਰੇਅਸ ਅਈਅਰ ਅਧਿਕਾਰਕ ਤੌਰ 'ਤੇ ਕਪਤਾਨੀ ਦੀ ਰੇਸ ਵਿਚ ਵੀ ਸ਼ਾਮਲ ਹੋ ਗਏ ਹਨ। ਸ਼੍ਰੇਅਸ ਨੂੰ ਵਨਡੇ ਕ੍ਰਿਕਟ ਵਿਚ ਰੋਹਿਤ ਸ਼ਰਮਾ ਦਾ ਉਤਰਾਧਿਕਾਰੀ ਮੰਨਿਆ ਜਾ ਰਿਹਾ ਹੈ।

ਵਨਡੇ ਕ੍ਰਿਕਟ ਵਿਚ ਤਾਂ ਸ਼੍ਰੇਅਸ ਅਈਅਰ ਬੇਹਤਰ ਪ੍ਰਦਰਸ਼ਨ ਕਰਦੇ ਆਏ ਹਨ। ਕੁਝ ਸਮਾਂ ਪਹਿਲਾਂ ਜਦੋਂ ਭਾਰਤੀ ਟੀਮ ਨੇ ਚੈਂਪੀਅਨ ਟ੍ਰਾਫੀ 2025 ਜਿੱਤਿਆ ਸੀ ਤਾਂ ਉਸ ਵਿਚ ਸ਼੍ਰੇਅਸ ਦੀ ਅਹਿਮ ਭੂਮਿਕਾਰਹੀ ਸੀ। ਸ਼੍ਰੇਅਸ ਨੇ ਉਸ ਟੂਰਨਾਮੈਂਟ ਵਿਚ 5 ਮੈਚ ਖੇਡ ਕੇ 243 ਦੌੜਾਂ ਬਣਾਈਆਂ ਸਨ। ਉਦੋਂ ਉਨ੍ਹਾਂ ਨੇ 11 ਪਾਰੀਆਂ ਵਿਚ 66.25 ਦੀ ਐਵਰੇਜ ਨਾਲ 530 ਦੌੜਾਂ ਬਣਾਈਆਂ ਸਨ ਜਿਨ੍ਹਾਂ ਵਿਚ 2 ਸੈਂਕੜੇ ਤੇ 3 ਅਰਧ ਸੈਂਕੜੇ ਸ਼ਾਮਲ ਸਨ। ਹਾਲਾਂਕਿ ਵ੍ਹਾਈਟ ਬਾਲ ਕ੍ਰਿਕਟ ਵਿਚ ਸ਼ਾਨਦਾਰ ਪ੍ਰਦਰਸ਼ਨ ਦੇ ਬਾਵਜੂਦ ਸ਼੍ਰੇਅਸ ਨੂੰ ਟੈਸਟ ਕ੍ਰਿਕਟ ਵਿਚ ਕਮਬੈਕ ਦਾ ਮੌਕਾ ਨਹੀਂ ਮਿਲ ਰਿਹਾ ਹੈ। ਸ਼੍ਰੇਅਸ ਆਗਾਮੀ ਇੰਗਲੈਂਡ ਦੌਰੇ ਲਈ ਵੀ ਟੈਸਟ ਟੀਮ ਵਿਚ ਸਿਲੈਕਟ ਨਹੀਂ ਕੀਤੇ ਗਏ ਹਨ।

# ਪੁਰਤਗਾਲ ਨੇ ਦੂਜੀ ਵਾਰ UEFA ਨੇਸ਼ਨਜ਼ ਲੀਗ ਦਾ ਖਿਤਾਬ ਜਿੱਤਿਆ

## ਪੈਨਲਟੀ ਸ਼ੂਟਆਊਟ 'ਚ ਸਪੇਨ ਨੂੰ 5–3 ਨਾਲ ਹਰਾਇਆ




UEFA ਨੇਸ਼ਨਜ਼ ਲੀਗ 2025 ਦਾ ਫਾਈਨਲ ਪੁਰਤਗਾਲ ਅਤੇ ਸਪੇਨ ਵਿਚਕਾਰ ਅਲੀਅਨਜ਼ ਅਰੇਨਾ ਵਿਖੇ ਖੇਡਿਆ ਗਿਆ। ਦੋਵਾਂ ਟੀਮਾਂ ਵਿਚਕਾਰ ਇੱਕ ਦਿਲਚਸਪ ਫਾਈਨਲ ਖੇਡਿਆ ਗਿਆ। ਮੈਚ ਦਾ ਨਤੀਜਾ ਪੈਨਲਟੀ ਸ਼ੂਟਆਊਟ ਰਾਹੀਂ ਨਿਕਲਿਆ। ਪੁਰਤਗਾਲ ਨੇ ਸਪੇਨ ਵਿਰੁੱਧ ਪੈਨਲਟੀ ਸ਼ੂਟਆਊਟ ਵਿੱਚ 5–3 ਨਾਲ ਜਿੱਤ ਪ੍ਰਾਪਤ ਕੀਤੀ। ਇਸ ਦੇ ਨਾਲ, ਪੁਰਤਗਾਲ ਦੇ ਕਪਤਾਨ ਕ੍ਰਿਸਟੀਆਨੋ ਰੋਨਾਲਡੋ ਨੇ ਆਪਣੇ ਕਰੀਅਰ ਵਿੱਚ ਤੀਜੀ ਅੰਤਰਰਾਸ਼ਟਰੀ ਟਰਾਫੀ ਜਿੱਤੀ ਹੈ।

ਰੋਨਾਲਡੋ ਨੇ ਪਹਿਲੀ ਵਾਰ 2016 ਵਿੱਚ ਯੂਰੋ ਕੱਪ ਜਿੱਤਿਆ ਸੀ। ਇਸ ਤੋਂ ਬਾਅਦ ਉਸਨੇ 2019 ਵਿੱਚ ਨੇਸ਼ਨਜ਼ ਲੀਗ ਜਿੱਤੀ ਅਤੇ ਹੁਣ 2025 ਵਿੱਚ ਉਸਨੇ ਇੱਕ ਵਾਰ ਫਿਰ ਨੇਸ਼ਨਜ਼ ਲੀਗ ਦਾ ਖਿਤਾਬ ਜਿੱਤਿਆ ਹੈ। ਹਾਲਾਂਕਿ, ਜੇਕਰ ਅਸੀਂ ਰੋਨਾਲਡੋ ਦੇ ਸਭ ਤੋਂ ਵੱਡੇ ਵਿਰੋਧੀ ਲਿਓਨਲ ਮੇਸੀ ਦੀ ਗੱਲ ਕਰੀਏ, ਤਾਂ ਉਸਨੇ ਹੁਣ ਤੱਕ ਆਪਣੇ ਕਰੀਅਰ ਵਿੱਚ 4 ਅੰਤਰਰਾਸ਼ਟਰੀ ਟਰਾਫੀਆਂ ਜਿੱਤੀਆਂ ਹਨ।

ਸਪੇਨ ਨੇ ਫਾਈਨਲ ਮੈਚ ਵਿੱਚ ਪਹਿਲਾ ਗੋਲ ਕੀਤਾ। ਮਾਰਟਿਨ ਜ਼ੁਬਾਮੇਂਡੀ ਨੇ 21ਵੇਂ ਮਿੰਟ ਵਿੱਚ ਸਪੇਨ ਲਈ ਪਹਿਲਾ ਗੋਲ ਕੀਤਾ। ਹਾਲਾਂਕਿ, ਸਪੇਨ ਦੀ ਲੀਡ ਜ਼ਿਆਦਾ ਦੇਰ ਤੱਕ ਨਹੀਂ ਟਿਕ ਸਕੀ। ਸਿਰਫ਼ 5 ਮਿੰਟ ਬਾਅਦ, ਨੂਨੋ ਮੈਂਡੇਸ ਨੇ ਪੁਰਤਗਾਲ ਲਈ ਬਰਾਬਰੀ ਦਾ ਗੋਲ ਕੀਤਾ। ਇਸ ਤੋਂ ਬਾਅਦ, 45ਵੇਂ ਮਿੰਟ ਵਿੱਚ ਸਪੇਨ ਲਈ ਮਿਕੇਲ ਓਯਾਰਜ਼ਾਬਾਲ ਨੇ ਗੋਲ ਕੀਤਾ। ਇਸ ਤੋਂ ਬਾਅਦ, ਦੂਜੇ ਹਾਫ ਵਿੱਚ ਪੁਰਤਗਾਲ ਨੇ ਵਾਪਸੀ ਕੀਤੀ। 61ਵੇਂ ਮਿੰਟ ਵਿੱਚ, ਪੁਰਤਗਾਲ ਲਈ ਕ੍ਰਿਸਟੀਆਨੋ ਰੋਨਾਲਡੋ ਤੋਂ ਇਲਾਵਾ ਕਿਸੇ ਹੋਰ ਨੇ ਗੋਲ ਨਹੀਂ ਕੀਤਾ।

ਇਸ ਤੋਂ ਬਾਅਦ, ਦੋਵਾਂ ਟੀਮਾਂ ਵਿੱਚੋਂ ਕਿਸੇ ਨੇ ਵੀ 90 ਮਿੰਟ ਤੱਕ ਗੋਲ ਨਹੀਂ ਕੀਤਾ। ਸਪੇਨ ਦਾ ਉਭਰਦਾ ਖਿਡਾਰੀ ਲਾਮਿਨ ਯਾਮਲ ਖਿਤਾਬੀ ਮੈਚ ਵਿੱਚ ਆਪਣੀ ਛਾਪ ਛੱਡਣ ਵਿੱਚ ਅਸਫਲ ਰਿਹਾ। 90 ਮਿੰਟਾਂ ਬਾਅਦ, ਅੱਧਾ ਘੰਟਾ ਵਾਧੂ ਸਮਾਂ ਦਿੱਤਾ ਗਿਆ, ਉਸ ਵਿੱਚ ਵੀ ਦੋਵੇਂ ਟੀਮਾਂ ਗੋਲ ਕਰਨ ਵਿੱਚ ਅਸਫਲ ਰਹੀਆਂ। ਇਸ ਤੋਂ ਬਾਅਦ, ਨਤੀਜਾ ਪੈਨਲਟੀ ਸ਼ੂਟਆਊਟ ਵਿੱਚ ਤੈਅ ਹੋਇਆ। ਤੁਹਾਨੂੰ ਦੱਸ ਦੇਈਏ ਕਿ ਰੋਨਾਲਡੋ ਨੇ ਪੁਰਤਗਾਲ ਲਈ ਪੈਨਲਟੀ ਸ਼ੂਟਆਊਟ ਵਿੱਚ ਹਿੱਸਾ ਨਹੀਂ ਲਿਆ, ਕਿਉਂਕਿ ਉਸਨੂੰ ਪਹਿਲਾਂ ਹੀ (88ਵੇਂ ਮਿੰਟ ਵਿੱਚ) ਬਦਲ ਦਿੱਤਾ ਗਿਆ ਸੀ।

# ਤਾਇਵਾਨ ਓਪਨ ਅਥਲੈਟਿਕਸ: ਭਾਰਤ ਨੇ ਆਖ਼ਰੀ ਦਿਨ ਛੇ ਸੋਨ ਤਗ਼ਮੇ ਜਿੱਤੇ



ਤਾਇਪੇ ਸਿਟੀ : ਭਾਰਤੀ ਅਥਲੀਟਾਂ ਨੇ ਅੱਜ ਇੱਥੇ ਤਾਇਵਾਨ ਓਪਨ ਅੰਤਰਰਾਸ਼ਟਰੀ ਅਥਲੈਟਿਕ ਚੈਂਪੀਅਨਸ਼ਿਪ ਦੇ ਦੂਜੇ ਅਤੇ ਆਖਰੀ ਦਿਨ ਛੇ ਸੋਨ ਤਗ਼ਮੇ ਜਿੱਤੇ। ਤਿੰਨ ਵਾਰ ਦੀ ਕੌਮੀ ਚੈਂਪੀਅਨ ਵਿਥਿਆ ਰਾਮਰਾਜ, ਰੋਹਿਤ ਯਾਦਵ, ਪੂਜਾ, ਕ੍ਰਿਸ਼ਨ ਕੁਮਾਰ ਅਤੇ ਅਨੂ ਰਾਣੀ ਨੇ ਆਪੋ-ਆਪਣੇ ਮੁਕਾਬਲਿਆਂ ਵਿੱਚ ਸੋਨ ਤਗ਼ਮੇ ਜਿੱਤੇ। ਇਸੇ ਤਰ੍ਹਾਂ ਸੰਤੋਸ਼ ਟੀ, ਵਿਸ਼ਾਲ ਟੀਕੇ, ਧਰਮਵੀਰ ਚੌਧਰੀ ਅਤੇ ਮਨੂ ਟੀਐੱਸ ਦੀ ਚੌਕੜੀ ਨੇ 4×400 ਮੀਟਰ ਵਿੱਚ 3:05.58 ਸੈਕਿੰਡ ਦੇ ਚੈਂਪੀਅਨਸ਼ਿਪ ਰਿਕਾਰਡ ਨਾਲ ਸੋਨ ਤਗ਼ਮਾ ਹਾਸਲ ਕੀਤਾ। ਯਸ਼ਾਸ ਪਲਾਕਸ਼ਾ ਨੇ ਪੁਰਸ਼ਾਂ ਦੀ 400 ਮੀਟਰ ਅੜਿੱਕਾ ਦੌੜ ਵਿੱਚ 42.22 ਸੈਕਿੰਡ ਦੇ ਨਿੱਜੀ ਸਰਵੋਤਮ ਸਮੇਂ ਨਾਲ ਚਾਂਦੀ ਦਾ ਤਗਮਾ ਜਿੱਤਿਆ। ਵਿਥਿਆ ਨੇ ਮਹਿਲਾ 400 ਮੀਟਰ ਅੜਿੱਕਾ ਦੌੜ ਵਿੱਚ 56.53 ਸੈਕਿੰਡ ਦੇ ਸਮੇਂ ਨਾਲ ਸੋਨ ਤਗ਼ਮਾ ਜਿੱਤਿਆ। ਰੋਹਿਤ ਪੁਰਸ਼ਾਂ ਦੇ ਜੈਵਲਿਨ ਥ੍ਰੋਅ ਮੁਕਾਬਲੇ 'ਚ 75 ਮੀਟਰ ਦਾ ਅੰਕੜਾ ਪਾਰ ਨਹੀਂ ਕਰ ਸਕਿਆ ਪਰ 74.42 ਮੀਟਰ ਦਾ ਉਸ ਦਾ ਸਰਵੋਤਮ ਥ੍ਰੋਅ ਉਸ ਨੂੰ ਸੋਨ ਤਗ਼ਮਾ ਜਿਤਾਉਣ ਲਈ ਕਾਫ਼ੀ ਸੀ। ਪੂਜਾ ਨੇ 2:02.79 ਸੈਕਿੰਡ ਦੇ ਚੈਂਪੀਅਨਸ਼ਿਪ ਰਿਕਾਰਡ ਸਮੇਂ ਨਾਲ ਮਹਿਲਾ 800 ਮੀਟਰ ਫਾਈਨਲ ਵਿੱਚ ਹਮਵਤਨ ਟਵਿੰਕਲ ਚੌਧਰੀ ਨੂੰ ਪਛਾੜ ਕੇ ਸੋਨ ਤਗ਼ਮਾ ਜਿੱਤਿਆ। 2:06.96 ਸੈਕਿੰਡ ਦੇ ਸਮੇਂ ਨਾਲ ਟਵਿੰਕਲ ਹਿੱਸੇ ਚਾਂਦੀ ਆਇਆ। ਇਸ ਮਗਰੋਂ ਪੁਰਸ਼ਾਂ ਦੇ 800 ਮੀਟਰ ਫਾਈਨਲ ਵਿੱਚ 1:48.46 ਸੈਕਿੰਡ ਦੇ ਸਮੇਂ ਨਾਲ ਕ੍ਰਿਸ਼ਨ ਕੁਮਾਰ ਨੇ ਸੋਨ ਤਗ਼ਮਾ ਜਿੱਤਿਆ। ਦਿਨ ਦੇ ਅਖੀਰ ਵਿੱਚ ਜੈਵਲਿਨ ਥ੍ਰੋਅ ਦੇ ਮਹਿਲਾ ਵਰਗ ਵਿੱਚ ਅਨੂ ਰਾਣੀ ਨੇ 56.82 ਮੀਟਰ ਨਾਲ ਸੋਨ ਤਗ਼ਮਾ ਜਿੱਤਿਆ। ਲੰਬੀ ਛਾਲ ਵਿੱਚ ਭਾਰਤ ਦੀ ਸ਼ੈਲੀ ਸਿੰਘ (6.41 ਮੀਟਰ) ਅਤੇ ਐਂਸੀ ਸੋਜਨ (6.39 ਮੀਟਰ) ਨੇ ਕ੍ਰਮਵਾਰ ਚਾਂਦੀ ਅਤੇ ਕਾਂਸੇ ਦੇ ਤਗ਼ਮੇ ਜਿੱਤੇ।







